# ਖਾਲੀ ਘਰ
# ਅਰਥ
# ਪ੍ਰਦਰਸ਼ਨੀ

ਚਰਨ ਸਿੰਘ

ਚੇਤਨਾ ਦੇ ਪ੍ਰਵਾਜ਼ 'ਚ
ਉਦਾਸੀ ਰਲ਼ ਗਈ ਹੈ
ਜ਼ਿੰਦਗੀ ਮੌਤ 'ਚ ਢਲ਼ ਗਈ ਹੈ
ਮਨੁੱਖ ਤੇ ਮਨੁੱਖਤਾ ਦੇ ਲਹੂ 'ਚ
ਹਨੇਰਾ ਪਸਰ ਗਿਆ ਹੈ
ਮੋਰ ਦਾ ਨਾਚ
ਮੋਰਾਂ ਦੇ ਪੈਰਾਂ 'ਚ ਮਰ ਗਿਆ ਹੈ
ਪੌਣ ਨਿਰਤ ਕਰਨਾ
ਭੁਲ ਗਈ ਹੈ
ਰੁੱਤਾਂ ਦੇ ਪੈਰੀਂ
ਝਾਂਜਰਾਂ ਦਾ ਸ਼ੋਰ ਗੁੰਮ ਗਿਆ ਹੈ
ਸਮੇਂ ਦਾ ਰਾਗ
ਸਮੇਂ ਦੇ ਕੰਠ 'ਚ ਰਹਿ ਗਿਆ ਹੈ
..... ਖਾਲੀ ਘਰ ਚੋਂ

ਕੋਈ ਡੁੱਬ ਰਿਹਾ ਹੈ ਤਰਨ ਲਈ
ਕੋਈ ਜੀਅ ਰਿਹਾ ਹੈ ਮਰਨ ਲਈ
ਕੋਈ ਘੋਲਦਾ ਹੈ ਜ਼ਹਿਰ
ਜ਼ਿੰਦਗੀ 'ਚ ਜੀਣ ਲਈ
ਕੋਈ ਸਿਰ ਤਲੀ 'ਤੇ ਹੈ
ਜ਼ਿੰਦਗੀ ਦਾ ਜ਼ਹਿਰ ਪੀਣ ਲਈ
ਇਹ ਅਜੋਕੇ ਮਨੁੱਖ ਦਾ ਦੁਖਾਂਤ ਹੈ
ਮੁਕੱਦਰ ਹੈ ਹੋਣੀ ਹੈ
ਜਿਸ 'ਚੋਂ ਗੁਜ਼ਰਦਾ
ਅੱਜ ਦਾ ਇਨਸਾਨ ਹੈ
..... ਅਰਥ ਚੋਂ

ਚੁੱਪ ਟੁੱਟੀ ਸਮੁੰਦਰ ਉਛਲਿਆ
ਕਿਨਾਰਿਆ ਤੋਂ ਬਾਹਰ
ਆ ਗਿਆ
ਚੰਨ ਸੂਰਜ ਅਕਾਸ਼ ਤਾਰੇ
ਮੇਰੇ ਕਦਮਾਂ 'ਚ ਢਹਿ ਪਏ
ਸਿਮਟੀਆਂ ਧਰਤੀਆਂ ਮੇਰੇ ਪੈਰਾਂ ਦੇ ਅਕਾਰ 'ਚ
ਬ੍ਰਹਿਮੰਡਾ ਦੇ ਬ੍ਰਹਿਮੰਡ
ਮੇਰੀ ਦੇਹ 'ਚ ਸਮਾਂ ਗਏ
....... ਪ੍ਰਦਰਸ਼ਨੀ ਚੋਂ

ਖਾਲੀ ਘਰ - ਅਰਥ - ਪ੍ਰਦਰਸ਼ਨੀ

ਚਰਨ ਸਿੰਘ

kaav shastar



ਚਰਨ ਸਿੰਘ
ਜਨਮ : ਪਿੰਡ ਬੇਗੋਵਾਲ,
(ਨਵੰਬਰ 01, 1947)
ਪਿਤਾ ਦਾ ਨਾਮ : ਸ਼੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ਼੍ਰੀਮਤੀ ਸੰਤ ਕੌਰ
ਪਤਨੀ : ਸ਼੍ਰੀਮਤੀ ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖ਼ਾਲਸਾ ਹਾਈ ਸਕੂਲ, ਜਲੰਧਰ।
ਉੱਚ ਵਿੱਦਿਆ : ਲਾਇਲਪੁਰ ਖ਼ਾਲਸਾ ਕਾਲਜ ਜਲੰਧਰ (ਐਮ. ਏ. ਪੰਜਾਬੀ ਸਾਹਿਤ)
1980 ਤੋਂ ਕੈਨੇਡਾ ਵਿਚ ਨਿਵਾਸੀ।
CHARAN SINGH
8771-143 STREET
SURREY, B.C. V3W4G4
CANADA
Ph. : 778-564-0331
Email : virdycharan@gmail.com
Website : charan singh.ca@

ਮਨੁੱਖ ਵਿਚਲੀ ਚੇਤਨਾ
ਉਦਾਸ ਹੈ
ਮਨੁੱਖ ਨੂੰ ਪ੍ਰਾਣ ਨਿੱਘ ਲਹੂ
ਆਇਆ ਨਾ ਰਾਸ ਹੈ
ਇਸ ਲਈ
ਆਪਣੇ ਚੋਂ ਨੁੱਚੜ ਗਿਆ ਹੈ
ਆਪਣੀ ਛੱਤੋਂ ਚੋਅ ਗਿਆ ਹੈ
ਆਪਣੇ ਹੀ ਗਲ ਲੱਗ ਰੋ ਪਿਆ ਹੈ

ISBN 978-93-87325-28-7
978-93-87325-28-7
Price Rs. 250/-

# ਖਾਲੀ ਘਰ
# ਅਰਥ
# ਪ੍ਰਦਰਸ਼ਨੀ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਕਾਵਿ–ਸ਼ਾਸਤਰ

**Khali Ghar**
**Arth**
**Pradarshni**
(A Collection of Poems)
by

CHARAN SINGH
8771-143 Street
Surrey B.C.
V3W4G4
CANADA
Phone : 778-564-0331
e-mail : virdycharan@gmail.ca.
website: charansingh.ca

© Author

Edition 2020

Price 250/-

ISBN : 978-93-87325-28-7

Title Designed by: Kalyani Arts

Published by: Kaav Shashtar

# ਚਰਨ ਸਿੰਘ ਦਾ ਜੀਵਨ-ਬਿਉਰਾ

| | |
|---|---|
| ਜਨਮ | : ਪਿੰਡ ਬੇਗੋਵਾਲ, ਨਵੰਬਰ 1/1947, ਜ਼ਿਲ੍ਹਾ ਕਪੂਰਥਲਾ |
| ਪਿਤਾ ਦਾ ਨਾਮ | : ਸ੍ਰੀ ਲਾਲ ਸਿੰਘ |
| ਮਾਤਾ ਦਾ ਨਾਮ | : ਸ੍ਰੀਮਤੀ ਸੰਤ ਕੌਰ |
| ਪਤਨੀ | : ਸ੍ਰੀਮਤੀ ਪ੍ਰਕਾਸ਼ ਕੌਰ |
| ਮੁੱਢਲੀ ਵਿੱਦਿਆ | : ਸਿਆਲਕੋਟ ਖ਼ਾਲਸਾ ਹਾਈ ਸਕੂਲ, ਜਲੰਧਰ। |
| ਉੱਚ ਵਿੱਦਿਆ | : ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ। |
| | (ਐਮ. ਏ. ਪੰਜਾਬੀ) |
| | ਚਰਨ ਸਿੰਘ 1980 ਤੋਂ ਕੈਨੇਡਾ ਵਿੱਚ ਰਹਿ ਰਿਹਾ ਹੈ। |

—0—

ਛਪਾਈ ਅਧੀਨ ਪੁਸਤਕਾਂ-

1. ਉਤਰ ਆਧੁਨਿਕਤਾ ਦਾ ਮੁੱਢ ਅਤੇ ਵਿਕਾਸ (ਵਾਰਤਕ)
2. ਵਿਸ਼ਵ ਰਹੱਸਵਾਦ (ਵਾਰਤਕ)
3. ਬੋਲ-ਕੁਬੋਲ (ਭਾਗ ਦੂਜਾ)
4. ਬੋਲ-ਕੁਬੋਲ (ਭਾਗ ਤੀਜਾ)
5. ਨਾਨਕ ਦਰਸ਼ਨ (ਕਾਵਿ ਨਾਟਕ)
6. ਸਿਲਸਿਲੇ (ਨਾਵਲ)
7. ਪ੍ਰਵਚਨ (ਕਾਵਿ-ਸੰਗ੍ਰਹਿ)

ਡਾ. ਦਲੀਪ ਕੌਰ ਟਿਵਾਣਾ ਜੀ

ਨੂੰ ਸਮਰਪਤ

# ਇਸੇ ਕਲਮ ਤੋਂ

1. ਤੀਸਰੀ ਅੱਖ
2. ਮਿੱਟੀ 'ਤੇ ਉੱਕਰੇ ਅੱਖਰ
3. ਸ਼ੂਨਯ-ਬੋਧ
4. ਆਪੇ-ਬੋਲ-ਸ੍ਰੋਤ
5. ਗਗਨ ਮੈਂ ਥਾਲ
6. ਸ਼ੀਸ਼ੇ ਵਿਚਲਾ ਸੂਰਜ
7. ਰੁੱਖ ਤੇ ਜੰਗਲ
8. ਮੁੜ੍ਹਕੋ-ਮੁੜ੍ਹਕੀ ਪੌਣ
9. ਵਿਪਰੀਤ
10. ਬਿੰਦੂ ਤੇ ਦਾਇਰੇ
11. ਅੰਤਰੀਵ
12. ਸੂਰਜ ਤੇ ਕਿਰਨਾਂ
13. ਤੁਪਕਾ ਤੁਪਕਾ ਸੂਰਜ
14. ਆਧੁਨਿਕ ਵਿਸ਼ਵ
15. ਪ੍ਰਕਰਮਾ
16. ਦੀਵੇ ਜਗਦੇ ਨੈਣ
17. ਰਿਸ਼ਮਾ
18. ਦਰਪਣ
19. ਅਨੁਭਵ
20. ਪ੍ਰਛਾਵੇਂ
21. ਤ੍ਰੈਕਾਲ
22. ਤ੍ਰਿਵੈਣੀ
23. ਆਗਮਨ
24. ਪ੍ਰਵਾਜ਼
25. ਕੋਰਾ ਕਾਗਜ਼
26. ਸ਼ਬਦਾਂ ਦਾ ਸਫ਼ਰ
27. ਬੁੱਕਲ
28. ਸ਼ੀਸ਼ੇ ਦਾ ਸਫ਼ਰ
29. ਸੁਰਕਸ਼ਾ
30. ਹਸਤਨਾਪੁਰ
31. ਸਮਾਧੀ
32. ਅੰਕੁਰ
33. ਪੱਥਰ ਦਾ ਸਫ਼ਰ
34. ਮੁਕਤੀ
35. ਹੋਂਦ ਦੀ ਤਲਾਸ਼
36. ਮੈਂ ਪਗਡੰਡੀ ਮੰਜ਼ਿਲ ਤੇ ਕਮਰਾ
37. ਨੀਲਾ ਆਸਮਾਨ
38. ਬਾਹਰੋਂ ਆਇਆ ਆਦਮੀ
39. ਕੁਕਨੂਸ
40. ਕਿਵ ਸਚਿਆਰਾ ਹੋਈਐ
41. ਆਧੁਨਿਕਤਾ ਮੁੱਢ ਅਤੇ ਵਿਕਾਸ
42. Beyond The Horizon
43. ਕਵਿਤਾ ਦੀ ਆਬਸ਼ਾਰ
44. ਸੰਤੁਲਨ
45. ਚਰਨ ਸਿੰਘ ਦਾ ਕਾਵਿ ਲੋਕ
    -ਪ੍ਰੋ. ਬ੍ਰਹਮ ਜਗਦੀਸ਼
46. ਚਰਨ ਸਿੰਘ ਕਾਵਿ
    -ਪ੍ਰੋ. ਬ੍ਰਹਮ ਜਗਦੀਸ਼
47. ਆਧੁਨਿਕ ਕਵੀ ਚਰਨ ਸਿੰਘ
    -ਪ੍ਰੋ. ਬ੍ਰਹਮ ਜਗਦੀਸ਼
48. ਚਰਨ ਸਿੰਘ ਕਾਵਿ : ਦ੍ਰਿਸ਼ਟੀ ਅਤੇ ਪਾਸਾਰ
    - ਐਸ. ਸਮਰਾਏ
    ਬੋਲ ਕੁਬੋਲ ਭਾਗ ਪਹਿਲਾ
49. ਉਪ ਭਾਗ ਇੱਕ ਬੋਲ-ਕੁਬੋਲ
50. ਉਪ ਭਾਗ ਦੋ ਬੋਲ-ਕੁਬੋਲ
51. ਉਪ ਭਾਗ ਤਿੰਨ ਬੋਲ-ਕੁਬੋਲ
52. ਉਪ ਭਾਗ ਚਾਰ ਬੋਲ-ਕੁਬੋਲ
53. ਉਪ ਭਾਗ ਪੰਜ ਬੋਲ-ਕੁਬੋਲ
54. ਮਹਿਮਾ (ਕਾਵਿ-ਸੰਗ੍ਰਹਿ)
55. ਸਾਏ ਦਾ ਸਫ਼ਰ (ਕਾਵਿ-ਸੰਗ੍ਰਹਿ)
56. ਪ੍ਰਬੋਧ (ਕਾਵਿ-ਸੰਗ੍ਰਹਿ)
57. ਚਲਮਨਾ (ਕਾਵਿ-ਸੰਗ੍ਰਹਿ)
58. ਬ੍ਰਿਹਾ ਬੋਲ ਪਿਆ (ਕਾਵਿ-ਸੰਗ੍ਰਹਿ)
59. ਮੌਲੀ ਧਰਤੀ (ਕਾਵਿ-ਸੰਗ੍ਰਹਿ)
60. ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
61. ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
62. ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
63. ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
64. ਖਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
65. ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
66. ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)

1. Award of Distinction
From Indo-Canadian Times, 1984

2. Shan-e-Punjab Distinction Award
From Indo-Canadian Times, 1986

3. Prof. Mohan Singh Memorial Foundation Canada
Award of Distinction

4. Award of Distinction
From Radio Rim-Jim Canada, 1993

5. NRI Sabha Jalandhar City
Award of Distinction, 2003

6. Award for the contribution to Punjabi Literature
From Punjabi Sahit Sabha Kot Eessee Khan (Moga)

7. Award for outstanding contribution to Punjabi Poetry
From International Association of Punjabi Authors and
Artists I.N.C. For 2011

8. Award for outstanding contribution toward Punjabi
Literature From Canadian Punjabi Sahit Academy
Canada for 2011

9. Award of Honour
From S.S.D. Girls,College, Bathinda, 2016

10. Award of Distinction
From Malwa College Bathinda, 2016

11. Award for outstanding contribution to Punjabi Poetry
From Punjabi Sahit Sabha Abbotsford, B.C., 2017-18

12. Award of Honour
From Sant Baba Bhag Singh University
Khiala Jalandhar, 2016

13. Award of Distinction
From Prem Chand Markanda
S.D. College for Women Jalandhar, 2016

14. Award of Distinction
From DAV College Bathinda 2016

15. Award for Lifetime contribution towards Punjabi Poetry and Literature From Central Association of Punjabi Writers of North America, 2019

16. ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ ਸਾਹਿਤਕਾਰਾਂ ਤੇ ਪੀ.ਐੱਚ.ਡੀ. ਕੀਤੀ, ਜਿਨ੍ਹਾਂ ਵਿੱਚੋਂ ਚਰਨ ਸਿੰਘ ਵੀ ਇੱਕ ਹੈ।

17. ਚਰਨ ਸਿੰਘ ਕਾਵਿ 'ਤੇ ਦੋ ਪੀ.ਐੱਚ.ਡੀ. ਹੋਰ ਹੋ ਰਹੀਆਂ ਹਨ। ਦੋ ਐੱਮ.ਫਿਲ ਹੋ ਚੁੱਕੀਆਂ ਹਨ ਅਤੇ ਦੋ ਹੋਰ ਹੋ ਰਹੀਆਂ ਹਨ।

18. ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਐਮ.ਏ. ਪੰਜਾਬੀ ਲਈ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਲਗਾਈ ਗਈ ਹੈ।

19. ਪ੍ਰੋ. ਬ੍ਰਹਮ ਜਗਦੀਸ਼, ਪ੍ਰੋ. ਮੁਨੀਸ਼, ਡਾ. ਸਤਨਾਮ ਸਿੰਘ ਜੱਸਲ ਅਤੇ ਡਾ. ਅਮਰਜੀਤ ਕਾਵਿ 'ਤੇ ਖੋਜ ਪੱਤਰ ਲਿਖ ਰਹੇ ਹਨ।

# ਖਾਲੀ ਘਰ

(ਕਾਵਿ-ਸੰਗ੍ਰਹਿ)

ਚਰਨ ਸਿੰਘ

(ਕਾਵਿ-ਸ਼ਾਸਤਰ)

# ਤਤਕਰਾ


1. ਬੁੱਧ ਤੇ ਉਦਾਸੀ
2. ਮਨੁੱਖ ਤੇ ਪ੍ਰਕ੍ਰਿਤੀ
3. ਕਵਿਤਾ
4. ਬੋਧ
5. ਸਫ਼ਰ
6. ਨਵਾਂ ਸੰਸਾਰ
7. ਭੂਤ ਵਲ ਟੁਰਦਾ ਭਵਿੱਖ
8. ਮਨੁੱਖ ਤੇ ਥਲ
9. ਦੋ ਨੈਣ
10. ਕੈਦ

# ਬੁੱਤ ਤੇ ਉਦਾਸੀ
## ਪ੍ਰਭਾਵ ਪਹਿਲਾ

ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ
ਉਮੀਦ ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਤੇਰੇ ਦਿਲ ਨੂੰ ਚੜ੍ਹਦੇ ਸੂਰਜ ਦਾ
ਅਹਿਸਾਸ ਹੋਵੇਗਾ

–0–

ਮਨੁੱਖ ਵਿਚਲੀ ਚੇਤਨਾ
ਉਦਾਸ ਹੈ
ਮਨੁੱਖ ਨੂੰ ਪ੍ਰਾਣ ਨਿੱਘ ਲਹੂ
ਆਇਆ ਨਾ ਰਾਸ ਹੈ
ਇਸ ਲਈ
ਆਪਣੇ 'ਚੋਂ ਨੁਚੜ ਗਿਆ
ਆਪਣੀ ਛਤੋਂ ਚੋਅ ਗਿਆ ਹੈ
ਆਪਣੇ ਹੀ ਗਲ਼ ਲਗ ਰੋ
ਪਿਆ ਹੈ

–0–

ਚੇਤਨਾ ਦੇ ਪ੍ਰਵਾਜ਼ 'ਚ
ਉਦਾਸੀ ਰਲ਼ ਗਈ ਹੈ
ਜ਼ਿੰਦਗੀ ਮੌਤ 'ਚ ਢਲ਼ ਗਈ ਹੈ
ਮਨੁੱਖ ਤੇ ਮਨੁੱਖਤਾ ਦੇ ਲਹੂ 'ਚ
ਹਨੇਰਾ ਪਸਰ ਗਿਆ ਹੈ
ਮੋਰ ਦਾ ਨਾਚ
ਮੋਰਾਂ ਦੇ ਪੈਰਾਂ 'ਚ ਮਰ ਗਿਆ ਹੈ
ਪੌਣ ਨਿਰਤ ਕਰਨਾ
ਭੁਲ ਗਈ ਹੈ
ਰੁੱਤਾਂ ਦੇ ਪੈਰੀਂ

ਝਾਂਜਰਾਂ ਦਾ ਸ਼ੋਰ ਗੁੰਮ ਗਿਆ ਹੈ
ਸਮੇਂ ਦਾ ਰਾਗ
ਸਮੇਂ ਦੇ ਕੰਠ 'ਚ ਰਹਿ ਗਿਆ ਹੈ

–0–

ਉਦਾਸ ਚੇਤਨਾ 'ਚ
ਕੌਣ ਮਨੁੱਖ ਦੇ ਅੰਦਰ ਸੂਰਜ
ਧਰੇਗਾ
ਕਿੰਜ ਕੋਈ ਸਹਿਰਾ
ਅਸਮਾਨੀ ਉੱਡਦੇ ਬੱਦਲ
ਫੜੇਗਾ
ਚੇਤਨਾ ਦੇ ਅਕਾਸ਼ 'ਚ
ਚੰਨਾ ਸੂਰਜਾ ਤਾਰਿਆਂ ਦੀ
ਉਦਾਸੀ ਰਚ ਗਈ ਹੈ

–0–

ਧਰਤੀ ਦੀ ਕੁੱਖ
ਉਜੜ ਗਈ ਹੈ
ਪੱਤੇ ਪੱਤੇ 'ਤੇ ਪਤਝੜ ਛਾਅ
ਗਈ ਹੈ
ਰੁੱਖਾਂ ਦੀ ਹਰਿਆਉ੍ਲ ਹੀ
ਰੁੱਖਾਂ ਨੂੰ ਖਾਹ ਗਈ ਹੈ
ਚੇਤਨਾ ਦਾ ਅੰਗ ਅੰਗ ਭੁਰ
ਗਿਆ ਹੈ
ਚੇਤਨਾ ਦੇ ਚਿਹਰੇ 'ਤੇ
ਉਦਾਸੀ ਉੱਗ ਪਈ ਹੈ
ਧਰਤੀ ਤੇ ਵਗਦੀ
ਜੀਵਨ ਦੀ ਨਦੀ ਸੁੱਕ ਗਈ ਹੈ
ਚੇਤਨਾ ਦੇ ਲਹੂ 'ਚ ਉਦਾਸੀ
ਉਬਲ ਰਹੀ ਹੈ

–0–

ਜ਼ਿੰਦਗੀ

ਅੱਗ ਦਾ ਸਮੁੰਦਰ ਤਰ ਰਹੀ ਹੈ
ਜੀਵ ਜੰਤੂ ਪਸ਼ੂ ਪਕਸ਼ੀ
ਸੜ ਰਹੇ ਹਨ
ਗੁਲਜ਼ਾਰ ਦੇ ਦਰ 'ਤੇ
ਬਹਾਰਾਂ ਦਮ ਤੋੜ ਰਹੀਆਂ ਹਨ
ਮੌਸਮ ਮੁਰਝਾ ਗਏ ਹਨ
ਕਲੀਆਂ ਦੇ ਚਿਹਰੇ
ਝੁਲਸ ਗਏ ਹਨ
ਫੁੱਲਾਂ ਦੇ ਪਿੰਡੇ ਰਾਖ ਹੋ ਗਏ ਹਨ
ਚੇਤਨਾ ਜਦ ਉਚਾਰਦੀ ਹੈ
ਉਦਾਸੀ ਦਾ ਬੋਲ ਉਚਾਰਦੀ ਹੈ
ਸ਼ੋਰ ਦੀ ਚੁੱਪ ਉਗਲਦੀ ਹੈ

–0–

ਆਪਣੀ ਉਦਾਸੀ 'ਚ ਉਲਝੀ
ਚੇਤਨਾ
ਆਪਣੀ ਹੋਂਦ ਦਾ ਵਜੂਦ
ਆਪਣਾ ਚਿਹਰਾ ਭੁਲ ਗਈ ਹੈ
ਆਪਣੇ ਹੀ ਬੋਝ ਹੇਠ ਆ ਗਈ ਹੈ
ਆਪਣੇ ਆਪ ਦੀ ਰੋਗਣ ਹੋ ਗਈ ਹੈ
ਚੇਤਨਾ ਦੀ ਉਦਾਸ
ਤੇ ਚੁੱਪ ਦਾ ਸਾਇਆ
ਜਦ ਧਰਤੀ 'ਤੇ ਪੈਂਦਾ ਹੈ
ਧਰਤੀ ਹਉਕਾ ਭਰਦੀ ਹੈ
ਅੰਬਰ ਦੀ ਅੱਖ 'ਚੋਂ ਅੱਥਰੀ
ਡਿਗਦਾ ਹੈ

–0–

ਚੇਤਨਾ ਦੀ ਉਦਾਸੀ
ਮਨੁੱਖੀ ਦਿਸਹੱਦਿਆਂ 'ਚ
ਘਰ ਕਰ ਗਈ ਹੈ
ਖੇਤਾਂ 'ਚ ਫ਼ਸਲ ਦੀ ਥਾਂ

ਕਬਰਾਂ ਉੱਗ ਆਈਆਂ ਹਨ
ਸਾਗਰ ਮੋਈਆਂ ਮੱਛੀਆਂ ਨਾਲ
ਭਰ ਗਿਆ ਹੈ
ਅੰਬਰ 'ਚ ਸ਼ਮਸ਼ਾਨ ਫੈਲਿਆ ਹੈ
ਸੂਰਜਾ ਚੁੰਨ ਤਾਰਿਆਂ ਦਾ
ਵਜੂਦ ਬਲ ਰਿਹਾ ਹੈ
ਖਾਕ ਕਿਰ ਰਹੀ ਹੈ ਆਸਮਾਂ 'ਤੋਂ
ਮਨੁੱਖਤਾ ਦੀ ਅਰਥੀ
ਉੱਠ ਰਹੀ ਹੈ ਜਹਾਨ ਤੋਂ
ਪੱਥਰ ਰੋ ਰੋ ਕੇ ਫਾਵੇ ਹੋ
ਗਏ ਹਨ
ਮਥੁਰਾ ਦੇ ਗਵਾਲੇ
ਸਿਵਿਆਂ ਦੇ ਬਾਵੇ ਹੋ ਗਏ
ਹਨ

–0–

ਜ਼ਿੰਦਗੀ ਦੀ ਰਗ ਰਗ 'ਚ
ਉਦਾਸੀ ਤੇ ਇਕੱਲਤਾ ਜੀਅ
ਰਹੀ ਹੈ
ਸਮੇਂ ਦੇ ਵਜੂਦ 'ਚ
ਉਦਾਸੀ ਸਮਾ ਗਈ ਹੈ
ਚੇਤਨਾ ਦੀ ਉਦਾਸੀ 'ਚ
ਮਨੁੱਖ ਦਾ ਸਾਹ ਘੁੱਟਦਾ ਹੈ
ਜ਼ਿੰਦਗੀ ਠਹਿਰ ਗਈ ਹੈ
ਜੀਵਨ ਟੁੱਟਿਆ ਸਾਜ਼ ਹੈ
ਉਦਾਸੀ ਇਕੱਲਤਾ
ਚੇਤਨਾ ਦੀ ਗੂੰਜ ਹੈ ਆਵਾਜ਼ ਹੈ

–0–

ਮਿੱਟੀ ਦੇ ਬੁੱਤ
ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ ਉਮੀਦ

ਜਨਮੇਗੀ
ਹਿੰਮਤ ਦਾ ਅਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ
ਹੋਵੇਗਾ!

–0–

**ਪ੍ਰਭਾਵ ਦੂਜਾ**

ਮਨੁੱਖ ਵਿਚਲੇ ਪ੍ਰਾਣ
ਉਦਾਸ ਨਾ ਹੋ
ਆਪਣੀ ਮਹਿਕ ਅੰਬਰ 'ਚ ਘੋਲ
ਰੁੱਖਾਂ ਤੇ ਪੱਤਿਆਂ 'ਚ ਵਸਦੇ ਪ੍ਰਾਣ
ਕੁੱਝ ਤਾਂ ਬੋਲ
ਆਪਣੇ ਦਿਲ ਦੇ ਬੂਹੇ
ਬਾਰੀਆਂ ਰੌਸ਼ਨਦਾਨ ਖੋਲ੍ਹ
ਚੁੱਪ ਤੋੜ
ਆਪਣਾ ਰੂਪ ਹਵਾ ਹੋ ਕੇ
ਜੰਗਲ 'ਚ ਸ਼ੂਕ
ਆਪਣੇ 'ਚ ਵਗਦੀਆਂ ਹਨੇਰੀਆਂ
ਤੇ ਤੂਫਾਨਾਂ ਨੂੰ ਸਿਆਣ
ਆਪਣੇ ਅੱਥਰੇਪਣ ਦਾ
ਅਹਿਸਾਸ ਮਰਨ ਨਾ ਦੇ
ਆਪਣੇ ਜਿਸਮ ਰੂਹ ਨੂੰ
ਉਦਾਸੀ ਨਾਲ ਭਰਨ ਨਾ ਦੇ

–0–

ਤੇਰੀ ਚੁੱਪ 'ਚ ਸ਼ੋਰ ਹੈ
ਤੇਰੀ ਉਦਾਸੀ 'ਚ ਖੇੜਾ ਹੈ
ਤੇਰੀ ਇਕੱਲਤਾ 'ਚ
ਰੌਣਕਾਂ ਦਾ ਡੇਰਾ ਹੈ
ਤੇਰੇ ਚਿਹਰੇ 'ਤੇ ਉਦਾਸੀ
ਦੇ ਜੰਗਲ

ਤੇਰੀ ਮਹਿਕ ਨੂੰ ਮਾਰ ਰਹੇ ਹਨ
ਤੇਰੀਆਂ ਤਲ਼ੀਆਂ 'ਤੇ ਪਤਝੜਾਂ
ਧਰ ਰਹੇ ਹਨ
ਤੇਰੇ ਚਾਨਣ 'ਚ ਹਨੇਰੇ
ਉਤਾਰ ਰਹੇ ਹਨ
-0-
ਤੇਰਾ ਸਫ਼ਰ ਹੈ
ਅੰਬਰਾਂ ਧਰਤੀਆਂ ਪਹਾੜਾਂ ਦੇ
ਪਿੰਡਿਆਂ 'ਚ ਵਗਣ ਦਾ
ਪਤਝੜਾਂ ਨੂੰ ਤਰਨ ਦਾ
ਬਹਾਰਾਂ ਮੌਸਮਾਂ ਤੇ ਕਲੀਆਂ 'ਚ
ਖੁਸ਼ਬੂਆਂ ਭਰਨ ਦਾ
ਲਹੂ ਮਾਸ ਦੇ ਲੋਥੜਿਆਂ 'ਚ
ਜਾਨ ਫੂਕਣ ਦਾ
ਤੂੰ ਜੀਵਨ ਦਾ ਮੂਲ ਹੈਂ ਅਧਾਰ ਹੈਂ
ਤੂੰ ਮਨੁੱਖਤਾ ਹੀ ਜਾਨ ਹੈਂ
-0-
ਉਦਾਸੀ ਤੇ ਇਕੱਲਤਾ
ਜੇ ਤੇਰੇ 'ਚ ਪਸਰ ਜਾਏਗੀ
ਰੁਕੇਗੀ ਜ਼ਿੰਦਗੀ
ਤੇ ਫੈਲੇਗੀ ਗਤੀਹੀਣਤਾ
ਬੁੱਸ ਜਾਣਗੇ ਸਮੁੰਦਰ
ਰੁਸ ਜਾਣਗੇ ਮੌਸਮ
ਪੰਛੀਆਂ ਦੇ ਗੀਤ
ਕੰਨਾਂ 'ਚ ਹੀ ਦਫ਼ਨ ਹੋ ਜਾਣ
ਧਰਤੀ ਦੀਆਂ ਵਾਦੀਆਂ
ਥੇਹ ਖੰਡਰ ਹੋ ਜਾਣਗੇ
-0-
ਤੇਰੀ ਉਦਾਸੀ
ਸਮੁੰਦਰ 'ਚ ਸਹਿਰਾ ਉਗਾਏਗੀ

ਰੁੱਖਾਂ 'ਚੋਂ ਕਰੂੰਬਲਾਂ ਦੀਆਂ
ਪੁੰਗਰਾ
ਸੂਲੀ 'ਤੇ ਚੜ੍ਹਾਏਗੀ
ਸੂਰਜਾਂ ਦੇ ਦੀਵੇ ਬੁਝਾਏਗੀ
ਚੰਨਾਂ ਤਾਰਿਆਂ ਦੇ
ਜਿਸਮ ਝੁਲਸਣਗੇ
ਹਵਾਂਵਾਂ ਦੇ ਵੇਗ ਉਲਝਣਗੇ
ਰਾਗ ਰਾਗਨੀਆਂ ਦੀ
ਸੁਰ ਮਰੇ ਗੀ
ਧਰਤੀ ਬੰਜਰ
ਆਸਮਾਂ ਕਾਲਾ ਕਰੇਗੀ

–0–

ਮਿੱਟੀ ਦੇ ਬੁੱਤ
ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ ਉਮੀਦ
ਜਨਮੇਗੀ
ਹਿੰਮਤ ਦਾ ਆਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ
ਹੋਵੇਗਾ !

–0–

**ਪ੍ਰਭਾਵ ਤੀਜਾ**

ਮਨੁੱਖ ਵਿਚਲਾ ਨਿੱਘ
ਉਦਾਸ ਹੈ
ਨਿੱਘ ਦਾ ਤੇਜ਼ ਉਦਾਸ ਹੈ
ਉਦਾਸੀ ਹੀ ਉਦਾਸੀ
ਨਿੱਘ ਤੇ ਤੇਜ ਦੇ ਪਾਸ ਹੈ
ਪੰਛੀਆਂ ਦੇ ਪਰਾਂ ਹੇਠ
ਨਿੱਘ ਠਰ ਗਿਆ ਹੈ

ਆਂਡਿਆਂ 'ਚੋਂ ਬੋਟ ਜਨਮਨ ਦੀ
ਆਸ ਪੱਥਰਾ ਗਈ ਹੈ
—0—
ਜ਼ਿੰਦਗੀ
ਜਨਮ ਤੋਂ ਪਹਿਲਾਂ ਹੀ ਮੁੱਕ ਗਈ
ਮੌਸਮਾਂ ਦੇ ਮੂੰਹਾਂ 'ਤੇ ਪਲੱਤਣ 'ਤੇ
ਰੁੱਖਾਂ ਦੀ ਛਾਂ ਹੈ ਧੁਖ ਰਹੀ
ਫੁੱਲਾਂ ਦੇ ਰੰਗ ਜ਼ਰਦ ਹੋ ਗਏ
ਕਲੀਆਂ ਦੀਆਂ ਮਹਿਕਾਂ ਦੇ ਪਿੰਡੇ
ਸਰਦ ਹੋ ਗਏ
—0—
ਮਨੁੱਖੀ ਨਿੱਘ ਦੀ ਉਦਾਸੀ 'ਚ
ਪ੍ਰਕਿਰਤੀ ਠਰ ਗਈ ਹੈ
ਸਮੁੰਦਰ ਬਰਫ਼ ਹੋ ਗਿਆ ਹੈ
ਪਹਾੜਾਂ ਦਾ ਜਿਸਮ
ਸਰਦ ਹੋ ਗਿਆ ਹੈ
ਜੰਗਲ ਪੱਤਿਆਂ ਤੋਂ ਜੜ੍ਹਾਂ
ਤਕ ਜੰਮ ਗਏ ਹਨ
ਬਰਫ਼ ਦੇ ਬੱਦਲ
ਅਕਾਸ਼ 'ਚ ਥੰਮ ਗਏ ਹਨ
ਹਵਾ ਦੇ ਅੰਗ ਸੀਤ ਹੋ ਗਏ ਹਨ
ਜਿਮੀਂ ਤੇ ਜਲ ਦੇ ਚਸ਼ਮੇ
ਪੱਥਰਾ ਗਏ ਹਨ
ਮਨੁੱਖ ਦਾ ਲਹੂ ਜਮ ਗਿਆ ਹੈ
ਜ਼ਿੰਦਗੀ ਦੇ ਸਾਹ ਰੁੱਕ ਗਏ ਹਨ
ਸਾਰੀ ਕਾਇਨਾਤ ਦੀ ਹਰਕਤ
ਥੰਮ ਗਈ ਹੈ
ਪ੍ਰਕਿਰਤੀ 'ਚ ਵਗਦੀ
ਨਿੱਘ ਦੀ ਨਦੀ ਠਰ ਗਈ ਹੈ
—0—

ਮਨੁੱਖੀ ਨਿੱਘ ਦੀ ਉਦਾਸੀ 'ਚ
ਧਰਤੀ ਦਾ ਜ਼ਰਾ ਜ਼ਰਾ
ਸੋਗੀ ਹੋ ਗਿਆ ਹੈ
ਤਾਰਕਾ ਮੰਡਲ ਨੂੰ ਕਾਂਬਾ
ਛਿੜ ਗਿਆ ਹੈ
ਸੂਰਜ ਤੇਜ਼ਹੀਨ ਗੋਲਾ
ਬਣ ਕੇ ਰਹਿ ਗਿਆ ਹੈ
ਮਨੁੱਖਤਾ
ਬਰਫੀਲੇ ਪਹਾੜ ਹੇਠ ਆ
ਗਈ ਹੈ
ਸੀਤ ਬਰਫ਼
ਧਰਤੀ ਦਾ ਟੁਕੜਾ ਤੇ ਅੰਬਰ
ਖਾਹ ਗਈ ਹੈ
ਸਾਹਾਂ ਦਾ ਨਿੱਘ ਬਰਫ਼ਾ ਗਿਆ ਹੈ
ਹਰਿਆਉਲ ਦਾ ਕਵਚ ਹੀ
ਜੰਗਲ ਦੇ ਰੁੱਖ ਖਾ ਗਿਆ ਹੈ।

–0–

ਨਿੱਘ 'ਚੋਂ ਤੇਜ਼ ਮਨਫੀ ਹੋ
ਗਿਆ ਹੈ
ਨਿੱਘ ਮਨੁੱਖ ਦਾ ਵਜੂਦ ਛੱਡ
ਗਿਆ ਹੈ
ਉਦਾਸੀ ਤੇ ਇਕੱਲਤਾ
ਨਿੱਘ ਦੇ ਅੰਗ ਅੰਗ 'ਚ
ਠਹਿਰ ਗਈ ਹੈ
ਸੀਤ ਸੀਤਤਾ
ਨਿੱਘ ਦੇ ਨੈਣਾਂ 'ਚ ਵਸ ਗਈ ਹੈ
ਨਿੱਘ ਆਪਣੀ ਹੋਂਦ 'ਤੇ
ਵਜੂਦ ਬਿਨ ਜੀਅ ਰਿਹਾ ਹੈ
ਮੌਤ ਦੇ ਸਰਦ ਘੁੱਟ ਪੀ
ਰਿਹਾ ਹੈ

ਨਿੱਘ ਸਰਦਤਾ ਦੀ ਹੋਂਦ
ਬਣਕੇ ਰਹਿ ਗਿਆ ਹੈ
ਬਰਫ਼ ਦੇ ਜਿਸਮ 'ਚ
ਬਰਫ਼ ਹੋ ਕੇ ਵਹਿ ਰਿਹਾ ਹੈ

–0–

ਮਿੱਟੀ ਦੇ ਬੁੱਤ ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ
ਉਮੀਦ ਜਨਮੇਗੀ
ਹਿੰਮਤ ਦਾ ਆਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ ਹੋਵੇਗਾ

–0–

**ਪ੍ਰਭਾਵ ਚੌਥਾ**

ਮਨੁੱਖ ਵਿਚਲਾ ਲਹੂ
ਉਦਾਸ ਹੈ
ਲਹੂ ਦੀ ਸੂਲ਼ੀ 'ਤੇ ਲਹੂ ਦੀ ਆਸ ਹੈ
ਚੁੱਪ ਇਕੱਲਤਾ ਤੇ ਉਦਾਸੀ
ਲਹੂ ਦਾ ਸਫ਼ਰ ਹੈ
ਲਹੂ ਦੇ ਮੱਥੇ 'ਚ ਮੁਰਦਾ
ਲਹੂ ਦਾ ਹਸ਼ਰ ਹੈ

–0–

ਲਹੂ ਆਪਣੇ ਨਿੱਘ ਤੋਂ
ਆਪਣੇ ਰੰਗ ਤੋਂ
ਪਰਾਇਆ ਹੋ ਗਿਆ ਹੈ
ਲਹੂ 'ਚੋਂ
ਲਹੂ ਦੀ ਹੋਂਦ ਦਾ ਸਫਾਇਆ
ਹੋ ਗਿਆ ਹੈ
ਸਮੁੰਦਰ ਦੀ ਦੁਨੀਆਂ ਦੇ ਲਹੂ 'ਚ
ਉਦਾਸੀ ਭਰ ਗਈ ਹੈ

ਉਦਾਸੀ ਨੇ ਸਮੁੰਦਰ ਦਾ ਲਹੂ
ਰਿੜਕਿਆ ਹੈ
ਸਮੁੰਦਰ ਦਾ ਵਜੂਦ ਸਹਿਰਾ 'ਚ
ਢਲ਼ ਗਿਆ ਹੈ
ਸਾਉਣ ਦੇ ਮਹੀਨੇ
ਸਮੁੰਦਰ ਧੁਖ ਰਿਹਾ ਹੈ
ਸਮੁੰਦਰ ਦਾ ਜਲ
ਨਾ ਭਾਫ ਬਣਿਆਂ ਨਾ
ਬੱਦਲ ਹੀ
ਉਦਾਸੀ ਨੇ ਸਮੁੰਦਰ ਪੀਅ
ਲਿਆ ਹੈ
ਇਕੱਲਤਾ ਨੇ ਸਮੁੰਦਰ ਖਾ
ਲਿਆ ਹੈ

-0-

ਜੰਗਲ ਦਾ
ਹਰਾ ਕਚੂਰ ਲਹੂ ਸੁੱਕ ਗਿਆ ਹੈ
ਧਰਤੀ ਬੰਜਰ ਤੇ ਕਲਰ ਹੋ
ਗਈ ਹੈ
ਲਹੂ ਦੀ ਉਦਾਸੀ
ਪ੍ਰਕਿਰਤੀ ਦੇ ਪਿੰਡੇ 'ਚ ਸਮਾ
ਗਈ ਹੈ
ਰੌਣਕ ਤੇ ਹਰਿਆਉਲ
ਖਾਹ ਗਈ ਹੈ
ਅੰਬਰ ਜ਼ਰਦ ਹੋ ਗਿਆ ਹੈ
ਅੰਬਰ 'ਚੋਂ ਸਾਰੇ ਦਾ ਸਾਰਾ ਲਹੂ
ਚੋਅ ਗਿਆ ਹੈ
ਸੂਰਜਾ ਚੰਨਾਂ ਤਾਰਿਆਂ ਦਾ ਤੇਜ਼
ਬਨਵਾਸੀ ਹੋ ਗਿਆ ਹੈ

-0-

ਲਹੂ ਦੀ ਉਦਾਸੀ

ਤੇ ਇਕੱਲਤਾ
ਮਨੁੱਖ ਦੀ ਦਰਿਸ਼ਟੀ ਤੇ ਸਰਿਸ਼ਟੀ 'ਚ
ਠਹਿਰ ਗਈ ਹੈ
ਲਹੂ ਦੀ ਉਦਾਸੀ
ਅੰਬਰ ਤੋਂ ਉਚੇਰੀ ਹੋ ਗਈ ਹੈ
ਧਰਤੀ ਤੋਂ ਗਹਿਰੀ ਹੋ ਗਈ ਹੈ

−0−

ਅੰਬਰ ਤੋਂ ਜਲ ਦੀ ਥਾਂ
ਉਦਾਸੀ ਤੇ ਇਕੱਲਤਾ
ਬਰਸਦੀ ਹੈ
ਧਰਤੀ 'ਚੋਂ ਇਕੱਲਤਾ ਜਨਮ
ਰਹੀ ਹੈ
ਮਨੁੱਖ ਤੋਂ ਮਨੁੱਖਤਾ ਵਲ ਟੁਰ
ਰਹੀ ਹੈ
ਮਨੁੱਖ ਤੇ ਜ਼ਿੰਦਗੀ ਦੀ
ਰਗ ਰਗ 'ਚ ਘੁੱਲ ਰਹੀ ਹੈ
ਮਨੁੱਖ ਵਿਚਲਾ ਲਹੂ ਉਦਾਸ ਹੈ
ਲਹੂ ਦੀ ਉਦਾਸੀ ਦਾ
ਜ਼ਿੰਦਗੀ ਤੋਂ ਪਹਿਲਾਂ ਵੀ
ਤੇ ਪਿੱਛੋਂ ਵੀ ਵਿਸਥਾਰ ਹੈ

−0−

ਮਿੱਟੀ ਦੇ ਬੁੱਤ
ਉਦਾਸ ਨਾ ਹੋ
ਤੇਰੀ ਉਦਾਸੀ 'ਚੋਂ ਉਮੀਦ
ਜਨਮੇਗੀ
ਹਿੰਮਤ ਦਾ ਆਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ
ਹੋਵੇਗਾ !

−o−

**ਪ੍ਰਭਾਵ ਪੰਜਵਾਂ**

ਮਨੁੱਖਾ ਦੇਹ ਉਦਾਸ ਹੈ
ਦੇਹ ਦੀ ਖੁਸ਼ਬੂ ਉਦਾਸ ਹੈ
ਦੇਹ ਦੀ ਕੁੱਖ 'ਚੋਂ
ਉਦਾਸੀ ਤੇ ਇਕੱਲਤਾ ਉੱਗ
ਆਈ ਹੈ
ਦੇਹ ਦੇ ਵਿਹੜੇ 'ਚ
ਉਦਾਸੀ ਪੁੱਗ ਆਈ ਹੈ

-0-

ਫਸਲਾਂ ਦੇ ਖੇਤਾਂ 'ਚੋਂ
ਉਦਾਸੀ ਝਾਕਦੀ ਹੈ
ਉਦਾਸੀ ਬੋਲਦੀ ਹੈ
ਮੰਦਿਰਾਂ ਮਸਜ਼ਿਦਾਂ ਠਾਕੁਰ
ਦੁਆਰਿਆਂ 'ਤੇ
ਮਦਰਸਿਆਂ 'ਚ
ਉਦਾਸੀ ਸਿਮਰੀ ਪਿਆਈ
ਤੇ ਸਿੱਖਾਈ ਜਾਂਦੀ ਹੈ
ਮਨੁੱਖ ਨੂੰ ਬਾਲ ਤੋਂ
ਬਜ਼ੁਰਗ ਹੋਣ ਤੱਕ ਉਦਾਸੀ
ਪੜ੍ਹਾਈ ਜਾਂਦੀ ਹੈ
ਧਰਤ ਤੋਂ ਉਠਾ ਕੇ ਉਦਾਸੀ
ਅੰਬਰ 'ਤੇ ਬਿਠਾਈ ਜਾਂਦੀ ਹੈ

-0-

ਉਦਾਸੀ ਦਾ ਅਰਘਾ
ਸੂਰਜ ਨੂੰ ਚੜ੍ਹਦਾ ਹੈ
ਬਜ਼ਾਰ 'ਚ ਤੇ ਸੜਕਾਂ 'ਤੇ
ਤੁਰਦੀ ਫਿਰਦੀ
ਉਦਾਸੀ ਪਾਈ ਜਾਂਦੀ ਹੈ
ਰੰਡੀ ਦੇ ਕੋਠੇ 'ਤੇ

ਘੁੰਗਰੂਆਂ ਦੀ ਗੂੰਜ 'ਚ
ਉਦਾਸੀ ਸੁਣਾਈ ਜਾਂਦੀ ਹੈ
ਪੀਰਾਂ ਫ਼ਕੀਰਾਂ ਦੀਆਂ ਮੜ੍ਹੀਆਂ
ਸਮਾਧਾਂ 'ਤੇ
ਉਦਾਸੀ ਗਾਈ ਜਾਂਦੀ ਹੈ
ਘਰਾਂ ਦਿਆਂ ਵਿਹੜਿਆਂ 'ਚ
ਉਦਾਸੀ ਨੱਚ ਰਹੀ ਹੈ
ਚੁੱਲ੍ਹਿਆਂ 'ਚ
ਉਦਾਸੀ ਬਲ਼ ਰਹੀ ਹੈ
ਬਨੇਰਿਆਂ 'ਤੇ
ਦੀਵਿਆਂ ਵਾਂਗੂੰ ਉਦਾਸੀ
ਜਗ ਰਹੀ ਹੈ

−0−

ਪੈਰਾਂ 'ਚ
ਬੰਨ੍ਹ ਕੇ ਚੁੱਪ ਦੀ ਪਾਇਲ
ਦੁਨੀਆਂ ਦੇ ਮੰਚ 'ਤੇ
ਉਦਾਸੀ ਨਚ ਰਹੀ ਹੈ
ਆਪਣੀ ਹੋਂਦ ਦੇ ਵਜੂਦ ਦੀ
ਪ੍ਰਕਰਮਾ ਕਰ ਰਹੀ ਹੈ
ਹਾਸਿਆਂ 'ਚ ਅੱਥਰੂ ਧਰ ਰਹੀ ਹੈ
ਤੀਰਥਾਂ ਮੈਖਾਨਿਆਂ
ਤੇ ਰਾਜ ਦਰਬਾਰਾਂ 'ਚ
ਉਦਾਸੀ ਮਿਸ਼ਾਲਾਂ ਵਾਂਗ
ਜਗ ਰਹੀ ਹੈ

−0−

ਪ੍ਰਕਿਰਤੀ ਦੇ ਪਿੰਡੇ 'ਚੋਂ
ਉਦਾਸੀ ਤੇ ਇਕੱਲਤਾ
ਝਾਕਦੀ ਹੈ
ਮਨੁੱਖਤਾ ਦੀ ਦੇਹ ਤੇ
ਮਨੁੱਖ ਦੇ ਮਸਤਕ 'ਚ

ਉਦਾਸੀ ਜਾਗਦੀ ਹੈ
ਇੰਨੀ ਉਦਾਸੀ
ਧਰਤ ਦੀ ਕੁੱਖ 'ਚੋਂ ਉੱਗ ਆਈ ਹੈ
ਕਿ ਧਰਤ ਤੇ ਅਕਾਸ਼ ਵਿਚਲੇ
ਖਲਾਅ 'ਚ
ਉਦਾਸੀ ਪਰਤ ਆਈ ਹੈ
ਦੇਹ ਉਦਾਸ ਹੈ
ਦੇਹ ਦੀ ਖੁਸ਼ਬੂ ਬਾਲ ਹੈ

-0-

ਦੇਹ 'ਚ
ਪ੍ਰਾਣ ਮੈਲਾ ਹੋ ਗਿਆ ਹੈ
ਲਹੂ ਕਾਲਾ ਹੋ ਗਿਆ ਹੈ
ਦੇਹ ਦਾ ਨਿੱਘ
ਬਰਫ਼ 'ਚ ਢਲ ਗਿਆ ਹੈ
ਦੇਹ ਦੇ ਮੂੰਹ 'ਤੇ
ਉਦਾਸੀ ਉੱਗ ਪਈ ਹੈ
ਦੇਹ ਦੀ ਨਸ ਨਸ 'ਚੋਂ
ਉਦਾਸੀ ਜਨਮਦੀ ਹੈ
ਦੇਹ ਦੇ ਦਿਲ 'ਚ
ਉਦਾਸੀ ਧੜਕਦੀ ਹੈ
ਦੇਹ ਉਦਾਸੀ ਦਾ ਵਜੂਦ
ਉਦਾਸੀ ਦੀ ਹੋਂਦ ਹੋ ਗਈ ਹੈ

-0-

ਮਿੱਟੀ ਦੇ ਬੁੱਤ
ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ ਉਮੀਦ
ਜਨਮੇਗੀ
ਹਿੰਮਤ ਦਾ ਆਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ

ਹੋਵੇਗਾ

–0–

**ਉਦਾਸੀ ਤੇ ਰਹਾਉ**

ਪੂਰਨ ਉਦਾਸੀ
ਇਕੱਲਤਾ ਤੇ ਇਕਾਂਤ ਹੈ
ਧੂੰਧੁਕਾਰਾ ਹੈ
ਨਾ ਸੂਰਜ ਨਾ ਚੰਨ ਤਾਰੇ
ਨਾ ਉਜਾਲਾ ਹੈ
ਪਕਿਰਤੀ ਤੇ ਜ਼ਿੰਦਗੀ ਦੇ
ਜਨਮ ਨੇ
ਆਪਣਾ ਆਪ ਦੁਹਰਾਇਆ ਹੈ
ਮਨੁੱਖ ਨੂੰ
ਜੀਵਨ ਪ੍ਰਕਿਰਤੀ ਦੀ ਜੜ੍ਹ
ਜਨਮ ਦਾ ਮੁੱਢ ਨਜ਼ਰ ਆਇਆ ਹੈ
ਪ੍ਰਕਿਰਤੀ ਦੇ ਜਨਮ ਤੋਂ
ਪਹਿਲਾਂ ਦਾ ਵਜੂਦ
ਪ੍ਰਕਿਰਤੀ ਨੇ ਮਨੁੱਖ ਨੂੰ ਵਿਖਾਇਆ ਹੈ
ਸਮਾਂ ਭਵਿੱਖ ਤੋਂ
ਭੂਤ 'ਚ ਉਤਰ ਆਇਆ ਹੈ
ਜਿਸ ਖੋਲ 'ਚ
ਪ੍ਰਕਿਰਤੀ ਨੂੰ ਉਤਾਰਿਆ ਗਿਆ ਸੀ
ਉਸ ਖੋਲ ਦਾ ਅਕਾਰ
ਰੰਗ ਰੂਪ ਅੰਗ ਤੇ ਨਕਸ਼
ਦ੍ਰਿਸ਼ਟਮਾਨ ਹਨ
ਜਿਸ ਖੋਲ 'ਚ
ਪ੍ਰਕਿਰਤੀ ਦਾ ਅੰਕੁਰ
ਬੀਜਿਆ ਤੇ ਉੱਗਾਇਆ
ਗਿਆ
ਉਹ ਖੋਲ ਸਹਿਕਾਰ ਹੈ

ਅਗਤੀ ਹੀ ਵਜੂਦ ਹੈ
ਵਿਸਥਾਰ ਹੈ
ਇਕੱਲਤਾ ਚੁੱਪ ਇਕਾਂਤ ਹੈ
ਧੂੰਧੂਕਾਰ ਹੈ
ਪ੍ਰਕਿਰਤੀ ਦੇ ਜੀਵਨ ਦਾ
ਜਨਮ ਹੈ ਅਗਾਜ਼ ਹੈ।

**ਪ੍ਰਭਾਵ ਛੇਵਾਂ**
ਮਿੱਟੀ ਦੇ ਬੁੱਤ ਤੇਰੀ ਚੇਤਨਾ
ਪ੍ਰਾਣ ਨਿੱਘ ਤੇ ਲਹੂ
ਜਿਸਮ 'ਚ ਫੈਲੀ ਉਦਾਸੀ
ਚੁੱਪ ਤੇ ਇਕੱਲਤਾ
ਉਮੀਦ ਤੇ ਹਿੰਮਤ ਦੀ ਗਰਭਤ ਹੈ
ਗੁਲਸ਼ਨ ਬਹਾਰਾਂ ਮੌਸਮ
ਖੁਸ਼ੀਆਂ ਖੁਸ਼ਹਾਲੀਆਂ
ਬੇਸ਼ਕ ਨਜ਼ਰ ਤੋਂ ਦੂਰ ਹਨ
ਪਰ ਤੇਰੇ ਹਜ਼ੂਰ ਹਨ
–0–
ਤੇਰੀ ਮਾਯੂਸੀ 'ਚ
ਜ਼ਿੰਦਗੀ ਦੇ ਪਲਾਂ ਦਾ ਅਕੂੰਰ ਹੈ
ਤੇਰੀ ਰੁਕ ਗਈ ਜ਼ਿੰਦਗੀ 'ਚੋਂ
ਫੈਲੀ ਅਗਤੀ ਤੇ ਧੂੰਧੂਕਾਰਾ ਮਾਹੌਲ 'ਚੋਂ
ਜ਼ਿੰਦਗੀ ਦਾ ਬੀਜ ਫੁੱਟੇ ਗਾ
ਉਦਾਸੀ ਚੁੱਪ ਤੇ ਇਕੱਲਤਾ
ਤੇਰੇ 'ਚੋਂ ਪੁੱਟ ਕੇ ਬਾਹਰ ਸੁੱਟੇਗਾ
ਫਿਰ ਤੇਰੇ ਸਹਿਰਾ 'ਚ ਸਮੁੰਦਰ
ਵੀਰਾਨੀਆਂ 'ਚ ਬਹਾਰਾਂ ਦਾ ਗਿੱਧਾ
ਤੇ ਮੌਸਮ ਦੇ ਗੀਤ ਗੂੰਜਣ ਗੇ
ਉਦਾਸੀ ਚੁੱਪ ਤੇ ਇਕੱਲਤਾ
ਤੇਰੇ ਵਿਹੜੇ 'ਚੋਂ ਹੂੰਝਣਗੇ

−0−

ਤੇਰੇ ਵਜੂਦ 'ਚ
ਜੇ ਉਦਾਸੀ ਚੁੱਪ ਇਕੱਲਤਾ
ਅਗਤੀ ਤੇ ਧੁੰਧਕਾਰੇ ਦੀ ਹੋਂਦ ਨਹੀਂ
ਤਾਂ ਖੁਸ਼ੀ ਸ਼ੋਰ ਰੌਣਕ ਦਾ
ਕੋਈ ਮਾਇਨਾ ਨਹੀਂ
ਕੋਈ ਅਰਥ ਨਹੀਂ
ਕੋਈ ਵਜੂਦ ਨਹੀਂ

−0−

ਚੇਤਨਾ ਪ੍ਰਾਣ ਲਹੂ ਨਿੱਘ
ਤੇਰੀ ਦੇਹ 'ਚ ਠਹਿਰੇ ਗਾ
ਅਗਤੀ 'ਚੋਂ
ਜੀਵਨ ਗਤੀ ਜਨਮੇ ਗੀ
ਹਨੇਰੇ ਦੀ ਕੁੱਖ 'ਚ ਚਾਨਣ ਹੈ
ਸ਼ੂਨਯ ਤੇ ਇਕੱਲਤਾ
ਰੌਣਕ ਦੀ ਜਨਮਦਾਤੀ ਹੈ
ਚੁੱਪ ਦੀ ਕੁੱਖ 'ਚ ਸ਼ੋਰ
ਰਾਤ ਦੀ ਬੁੱਕਲੇ ਦਿਨ ਹੈ
ਧੁੰਧੂਕਾਰਾ 'ਚ ਨੂਰ ਹੈ ਉਜਾਲਾ ਹੈ
ਜੀਵਨ ਦਾ ਵਜੂਦ ਹੈ
ਉਦਾਸੀ ਚੁੱਪ ਇਕੱਲਤਾ
ਇਕਾਂਤ ਧੁੰਧੂਕਾਰਾ
ਆਦਿ ਜੁਗਾਦਿ ਸੱਚ ਹੈ

−0−

ਪ੍ਰਕ੍ਰਿਤੀ ਤੇ ਬ੍ਰਹਿਮੰਡ ਦੇ
ਜੀਵਨ ਤੋਂ ਪਹਿਲਾਂ
ਧੁੰਧੂਕਾਰਾ ਚੁੱਪ ਇਕੱਲਤਾ
ਇਕਾਂਤ ਤੇ ਸ਼ੂਨਯ ਸੀ
ਨਾ ਰੌਸ਼ਨੀ ਨਾ ਨੂਰ ਸੀ
ਨਾ ਸ਼ਬਦ ਨਾ ਭਾਸ਼ਾ ਨਾ ਅਰਥ

ਸਿਰਫ ਸੰਕਲਪ ਸੀ

–0–

ਜਿਸ 'ਚੋਂ ਪ੍ਰਕਿਰਤੀ ਜਨਮੀ
ਬ੍ਰਹਿਮੰਡ ਸਿਰਜੇ ਗਏ
ਹਵਾ ਅੱਗ ਜਲ ਅਕਾਸ਼
ਧਰਤੀ ਦਾ ਆਗਾਜ਼ ਹੋਇਆ
ਪਸ਼ੂ ਪਖਸ਼ੀਆਂ ਜੀਵ ਜੰਤੂਆਂ ਦਾ
ਧਰਤੀ ਤੇ ਵਾਸ ਹੋਇਆ
ਚੰਨਾ ਸੂਰਜਾਂ ਤਾਰਿਆਂ ਦਾ
ਪ੍ਰਕਾਸ਼ ਹੋਇਆ

–0–

ਧੁੰਧੂਕਾਰਾ ਚੁੱਪ ਇਕੱਲਤਾ
ਇਕਾਂਤ ਤੇ ਸ਼ੂਨਯ 'ਚੋਂ
ਜੀਵਨ ਦੀ ਪਹੁ ਫੁੱਟੀ
ਆਦਮੀ ਦਾ ਬੀਜ
ਧਰਤੀ ਤੇ ਗਿਆ ਬੋਇਆ
ਜੀਵਨ ਉਤਪਤੀ ਦਾ ਮੂਲ
ਨਜ਼ਰ ਆਇਆ
ਜੜ੍ਹ ਨਜ਼ਰ ਆਈ
ਸੱਚ ਨਜ਼ਰ ਆਇਆ

–0–

ਪ੍ਰਕਿਰਤੀਆਂ ਅਕਾਸ਼
ਧਰਤੀ ਚੰਨ ਸੂਰਜ ਤਾਰੇ
ਜੀਵਨ ਤੇ ਜੀਵਨ ਦੀ ਰੌਣਕ
ਸਭ ਸੁਪਨਾ ਹੈ ਭਰਮ ਹੈ
ਸਥਿਰ ਨਹੀਂ
ਚਲਣਹਾਰ ਹਨ ਸੱਚ ਨਹੀਂ
ਧੁੰਧੂਕਾਰਾ ਇਕੱਲਤਾ ਇਕਾਂਤ
ਸ਼ੂਨਯ ਅਗਤੀ ਚਿਰੰਜੀਵ ਹਨ
ਮ੍ਰਿਤਯੂ ਰਹਿਤ ਹਨ

ਨਿਰੰਤਰ ਜੀਵਨ ਗਤੀ ਦਾ ਬੀਜ ਹਨ
ਹਮੇਸ਼ਾ ਸਨ ਹਮੇਸ਼ ਹਨ
−0−
ਇਨ੍ਹਾਂ ਦੇ ਸੱਚ ਨੂੰ ਸਮਝ
ਇਨ੍ਹਾਂ ਦੇ ਯਥਾਰਥ ਨੂੰ ਜਿਉਂਣਾ ਸਿੱਖ
ਇਨ੍ਹਾਂ ਦੇ ਬੀਜ 'ਚ ਸਮਾਏ
ਰੁੱਖ ਦਾ ਸੰਕਲਪ ਹੰਢਾਅ
ਇਨ੍ਹਾਂ 'ਚੋਂ
ਤੇਰੇ ਸਮੇਂ ਦਾ ਸੂਰਜ ਚੜ੍ਹੇਗਾ !
−0−
ਤੇਰੀ ਜਦ ਚੁੱਪ ਟੁੱਟੇਗੀ
ਤਾਂ ਸ਼ੋਰ ਦਾ ਹੜ੍ਹ ਆਵੇਗਾ
ਸੁਰ ਗੀਤ ਰਾਗ ਸਾਜ਼
ਤੇਰੇ ਦੁਆਲੇ ਫੈਲ ਜਾਵਣਗੇ
ਚੇਤਨਾ ਦਾ ਬੋਲ ਪ੍ਰਾਣ ਦੀ ਮਹਿਕ
ਤੇਰੇ ਜਿਸਮ 'ਚੋਂ ਆਵੇਗੀ
ਬਹਾਰਾਂ ਮੌਸਮਾਂ ਰੁੱਤਾਂ ਦੇ ਤਾਲ
ਤੇਰੇ ਕੰਠ 'ਚ ਉੱਤਰ ਜਾਵਣਗੇ
ਸਰਸਵਤੀ ਤੇਰੇ ਲਹੂ 'ਚ ਟੁਰੇਗੀ
ਰੌਣਕਾਂ ਦੀ ਦੁਨੀਆਂ
ਤੇਰੇ ਨੈਣਾਂ 'ਚ ਭਰੇਗੀ
ਖੁਸ਼ੀਆਂ ਹਾਸਿਆਂ ਚਾਨਣਾਂ ਸੰਗ
ਤੇਰੀ ਦੇਹ ਭਰੇਗੀ
ਰੰਗ ਰਲੀਆਂ ਨਿਰਤ ਤੇ
ਪਰੀਆਂ ਦੇ ਹੁਸਨ ਦੀ ਮਹਿਫਲ
ਤੇਰੇ ਵਿਹੜੇ ਸਜੇ ਗੀ
ਦੀਵੇ ਸੂਰਜਾਂ ਦੇ
ਤੇਰੀ ਦੁਨੀਆਂ 'ਚ ਧਰੇਗੀ
−0−
ਤੇਰੇ 'ਚੋਂ

ਤੇਰੀ ਇਕੱਲਤਾ ਜਦ
ਕਰਵਟ ਲਏਗੀ
ਭੀੜਾਂ ਦਾ ਆਸਮਾ
ਮੇਲਿਆਂ ਦੀ ਰੌਣਕ
ਤੇਰੀ ਤਲੀ ਧਰੇਗੀ
ਰਹਿਮਤਾਂ ਨਿਹਮਤਾਂ ਦਾ
ਤੇਰੇ ਤੇ ਮੀਂਹ ਵਰ੍ਹੇਗਾ
ਤੇਰੀ ਇਕੱਲਤਾ 'ਚੋਂ
ਪ੍ਰਕਿਰਤੀ ਪੁੰਗਰੇ ਗੀ
ਨੂਰ ਸੰਗ ਭਰ ਜਾਵੇਗਾ
ਤੂੰ ਤੇ ਤੇਰਾ ਦੁਆਲਾ
ਇਕੱਲਤਾ 'ਚੋਂ ਜਦ ਜਨਮਿਆਂ
ਰੌਣਕਾਂ ਦਾ ਹਵਾਲਾ

−0−

ਤੇਰੀ ਇਕਾਂਤ
ਜਦ ਤੇਰੇ 'ਚੋਂ ਬੋਲੇਗੀ
ਦੁਆਰ ਗਤੀਆਂ 'ਤੇ
ਹਲਚਲਾਂ ਦੇ ਖੋਲ੍ਹੇਗੀ
ਤੇਰੀ ਇਕਾਂਤ 'ਚ
ਅੰਬਰ ਦੀ ਮਹਿਫਲ ਉਤਰੇਗੀ
ਗੂੰਜਣ ਗੇ ਮੰਤਰਾਂ ਦੇ ਬੋਲ
ਅੰਬਰ 'ਚ
ਉਤਰੇ ਗਾ ਅਕਾਸ਼
ਧਰਤੀ ਦੇ ਸੁਵੰਬਰ 'ਚ
ਨਵੀਂ ਦੁਲਹਨ ਵਾਂਗ
ਜਦ ਧਰਤੀ ਸਜੇ ਗੀ
ਪਰੀ ਹੁਸਨਾਂ ਦੀ
ਅੰਬਰ ਤੋਂ ਲੱਥੀ ਲਗੇਗੀ
ਤੇਰੇ ਮੱਥੇ 'ਤੇ ਸੂਰਜ ਜਗਣਗੇ
ਤੇਰੇ ਪਿੰਡੇ 'ਚੋਂ

ਧਰਤੀ ਦੀ ਮਹਿਕ ਆਵੇ ਗੀ
ਤੇਰੇ 'ਚੋਂ ਜਦ ਤੇਰਾ ਧੁੰਧੂਕਾਰਾ
ਛੱਟਿਆ !

-0-

ਜੀਵਨ ਦਾ ਸਿਲਸਿਲਾ
ਤੇ ਕਾਰੋਬਾਰ ਨਜ਼ਰ ਆਵੇਗਾ
ਤੂੰ ਆਪੇ ਧਰਤ
ਆਪੇ ਅੰਬਰ ਹੋ ਜਾਵੇਂਗਾ
ਤੂੰ ਆਪ ਦੁਲਹਨ ਆਪ ਦੂਲਾ
ਆਪ ਸਵੰਬਰ ਹੋ ਜਾਂਵੇਗਾ
ਤੂੰ ਆਪਣਾ ਆਪ ਤੱਕੇਗਾ
ਤਾਂ ਹੱਸੇਗਾ
ਇਕਾਂਤ ਦੀ ਰੌਣਕ 'ਚ
ਤੂੰ ਆਪਣੇ ਆਪ ਦਾ ਖੁਦਾ
ਲਗੇਗਾ !

-0-

ਮਿੱਟੀ ਦੇ ਬੁੱਤ
ਉਦਾਸ ਨਾ ਹੋ
ਤੇਰੀ ਮਾਯੂਸੀ 'ਚੋਂ ਉਮੀਦ
ਜਨਮੇਗੀ
ਹਿੰਮਤ ਦਾ ਆਗਾਜ਼ ਹੋਵੇਗਾ
ਚੜ੍ਹਦੇ ਸੂਰਜ ਦਾ
ਤੇਰੇ ਦਿਲ ਨੂੰ ਅਹਿਸਾਸ ਹੋਵੇਗਾ।

-0-

# ਮਨੁੱਖ ਤੇ ਪ੍ਰਕਿਰਤੀ

ਪ੍ਰਕਿਰਤੀ 'ਚੋਂ ਮੈਂ
ਮੇਰੇ 'ਚੋਂ ਪ੍ਰਕਿਰਤੀ ਦਾ
ਸਿਰਜਣਹਾਰ ਜਨਮਿਆਂ ਹੈ
ਸੰਕਲਪ ਤੇ ਅਰਥ 'ਚ ਸਿਰਜਣਹਾਰ
ਮੇਰੇ ਸ਼ਬਦ ਤੋਂ ਪਹਿਲਾਂ ਵੀ ਸੀ
ਪਿੱਛੋਂ ਵੀ ਹੈ
ਮੈਂ ਤਾਂ
ਉਸ ਸ਼ਕਤੀ ਦੇ ਸੰਕਲਪ
ਤੇ ਅਰਥ ਨੂੰ
ਸ਼ਬਦ ਦਾ ਨਾਂਅ ਦਿਤਾ ਹੈ
ਸਭ ਤੋਂ ਉੱਚਾ ਥਾਂ ਦਿੱਤਾ ਹੈ

–0–

ਮੇਰੇ ਮੂੰਹ 'ਤੇ
ਕੁੱਲ ਪ੍ਰਕਿਰਤੀ ਉੱਗ ਆਈ ਹੈ
ਤੇ ਮੈਂ
ਮਨੁੱਖ ਤੋਂ ਪ੍ਰਕ੍ਰਿਤੀ ਹੋ ਗਿਆ
ਮੇਰਾ ਇਹ ਸਫ਼ਰ
ਜਨਮ–ਜਨਮਾਂਤਰਾਂ ਦਾ ਹੈ
ਪ੍ਰਕ੍ਰਿਤੀ
ਮੈਨੂੰ ਗੋਦ 'ਚ ਖਿੜਾਇਆ
ਜੀਵਨ ਦਾ ਢੰਗ ਸਿਖਾਇਆ
ਉਂਗਲੀ ਲਾ ਕੇ ਰਾਹ ਦਿਖਲਾਏ
ਆਪਣੇ ਸਭ ਭੇਦ ਸਮਝਾਏ
ਮੇਰੇ ਲਈ ਪ੍ਰਕ੍ਰਿਤੀ
ਇਕ ਮਦਰਸਾ ਸੀ
ਭਾਸ਼ਾ ਉਤਪੱਤੀ ਤੋਂ ਪਹਿਲਾਂ
ਭਾਸ਼ਾ ਦੀ ਜਿੱਥੇ ਸਿਖਲਾਈ ਸੀ
ਉਹ ਪ੍ਰਕ੍ਰਿਤੀ
ਮੈਂ ਆਪਣੇ ਸਾਹਾਂ 'ਚ ਵਸਾਈ ਸੀ

–0–

ਜਦ ਮੇਰੇ 'ਚ
ਭੁੱਖ ਪਿਆਸ ਦੀ ਚੇਤਨਾ ਜਾਗੀ
ਪ੍ਰਕ੍ਰਿਤੀ ਨੇ
ਭੁੱਖ ਪਿਆਸ ਦੇ ਸਾਧਨ
ਤੇ ਪਿਆਸ ਨੇ ਜਲ ਵਿਖਾਇਆ
ਮੇਰੇ ਅੰਦਰਲੇ
ਕਈ ਬੰਦ ਦਰਵਾਜ਼ੇ ਖੁੱਲ੍ਹੇ
ਲੰਘਿਆ ਮੈਂ
ਇੱਕ ਇੱਕ ਦਰਵਾਜ਼ਾ
ਤੇ ਆਪਣੇ ਆਪ ਤਕ ਆਇਆ
ਜਿੱਥੇ ਪ੍ਰਕ੍ਰਿਤੀ ਹੀ ਪ੍ਰਕ੍ਰਿਤੀ ਸੀ
ਆਸਰਾ ਤੇ ਸ਼ਰਨ ਪ੍ਰਕਿਰਤੀ ਸੀ

–0–

ਹੌਲੀ ਹੌਲੀ
ਮੇਰੀਆਂ ਅੱਖਾਂ ਸਾਹਵੇਂ
ਮੇਰੇ ਆਪੇ ਦਾ ਵਿਸਥਾਰ
ਜਨਮਿਆਂ
ਡਰ ਜਨਮਿਆਂ ਨਫ਼ਰਤ ਜਨਮੀਂ
ਪਿਆਰ ਜਨਮਿਆਂ
ਮੇਰੀ ਚੇਤਨਾ 'ਚ
ਮੇਰਾ ਆਪਣਾ ਹੀ ਸੰਸਾਰ ਜਨਮਿਆਂ
ਮੇਰੇ ਡਰ 'ਚੋਂ ਸੁਰਕਸ਼ਾ ਜਨਮੀ
ਪਿਆਰ ਲਈ ਪ੍ਰਕ੍ਰਿਤੀ
ਆਪਣੀ ਮਮਤਾ
ਮੇਰੇ ਉੱਤੋਂ ਵਾਰੀ
ਤੇ ਆਪਣੀਆਂ ਅੱਖਾਂ 'ਚ
ਮੈਨੂੰ ਅੱਥਰੂ ਵਾਂਗ ਵਸਾਇਆ

–0–

ਮੇਰੇ ਨਾਲ ਹੀ ਸਮਾਂ ਵਡੇਰਾ ਹੋਇਆ

ਮੈਂ ਤੇ ਸਮਾਂ
ਇਕ ਦੂਜੇ ਦੇ ਹਾਣੀ
ਸਮੇਂ ਨਾਲੋਂ ਵੀ ਮੇਰੀ ਜਾਤ ਪੁਰਾਣੀ
ਮੈਂ ਤੇ ਸਮਾਂ
ਇਕ ਦੂਜੇ ਦੀਆਂ ਅੱਖਾਂ ਰਾਹੀਂ
ਇਕ ਦੂਜੇ ਦੀ ਦੇਹ 'ਚ ਉਤਰਦੇ
ਇਕ ਦੂਜੇ ਨੂੰ ਪਹਿਚਾਣਦੇ
ਇਕ ਦੂਜੇ ਦਾ ਅੰਦਰ ਬਾਹਰ ਜਾਣਦੇ
ਫਿਰ ਆਪਣੇ ਆਪ 'ਚ
ਵਾਪਿਸ ਪਰਤ ਕੇ
ਆਪਣੀ ਆਪਣੀ ਹੋਂਦ ਦੇ
ਕੁੱਛੜ ਬਹਿੰਦੇ।

−0−

ਫਿਰ ਇਕ ਦਿਨ ਅਚਾਨਕ
ਮੇਰੇ ਮੂੰਹ ਮਾਂ
ਤੇ ਸਮੇਂ 'ਚੋਂ ਮਾਂ ਦੇ ਸ਼ਬਦ ਨੇ
ਜਨਮ ਲਿਆ
ਇੰਜ ਪ੍ਰਕ੍ਰਿਤੀ ਦੇ ਮਦਰਸੇ 'ਚ
ਹੋ ਭਾਸ਼ਾ ਪ੍ਰਵੇਸ਼ ਗਿਆ
ਹੌਲੀ ਹੌਲੀ ਆਲੇ ਦੁਆਲੇ
ਜਿਉਂਦੇ ਜਾਗਦੇ ਅਰਥਾਂ ਲਈ
ਸ਼ਬਦਾਂ ਦੀ ਸਿਰਜਣਾ ਹੋਈ
ਦੇਹ ਚੇਤਨ 'ਚ ਜੋ ਬੀਜ ਰੂਪ ਸੀ
ਉਸ ਉਮਰ ਰੁੱਖ ਦੀ ਛੋਹੀ

−0−

ਮੇਰੇ ਅੰਦਰੋਂ
ਕਈ ਦਿਸ਼ਾਵਾਂ ਫੁੱਟੀਆਂ
ਤੇ ਦੁਆਲੇ ਫੈਲੀਆਂ
ਮੈਂ ਆਪਣਾ ਸ਼ਬਦ ਤਿਆਗ
ਅਰਥ ਹੋ

ਦਿਸ਼ਾਵਾਂ ਸਿੰਗੀ ਚੜ੍ਹਿਆ
ਮੇਰੇ ਅੰਦਰ
ਰਾਹਾਂ ਦਿਸ਼ਾਵਾਂ ਤੇ ਮੰਜ਼ਿਲਾਂ ਦੇ
ਹਜੂਮ ਟੁਰੇ
ਜੁੜਦਾ ਗਿਆ ਇਕ ਕਾਫਲਾ
ਜਿੱਧਰ ਵੀ ਮੈਂ ਗਿਆ।

−0−

ਮੈਂ ਆਪਣੇ ਦੁਆਲੇ
ਇੰਨਾ ਵਿਕਸਿਤ ਹੋਇਆ
ਮੇਰਾ ਹਰ ਅੰਗ ਮੇਰੇ ਦੁਆਲੇ
ਮੇਰਾ ਚਿਹਰਾ ਹੋ
ਉੱਗ ਖਲੋਇਆ
ਚੇਤਨਾ ਦਾ ਸਫ਼ਰ
ਮੇਰੇ ਸਵੈ 'ਤੇ ਆ ਕੇ ਮੁਕਾ
ਸਮਝ ਆਈ ਮੈਂ ਅਰਥਾਂ ਵਾਂਗੂੰ
ਸਮੇਂ ਤੋਂ ਪਹਿਲਾਂ ਵੀ ਸਾਂ
ਪਿੱਛੋਂ ਵੀ ਹਾਂ

−0−

ਮੇਰੇ ਸਵੈ ਦੀ ਤ੍ਰਿਸ਼ਨਾ ਹੀ
ਪ੍ਰਕਿਰਤੀ ਦਾ ਸਿਰਜਣਹਾਰਾ ਹੈ
ਪ੍ਰਕ੍ਰਿਤੀ ਦੇ ਆਦਿ ਵਿਚ ਵੀ
ਮੈਂ ਹੀ ਸਾਂ
ਅੰਤ ਵਿਚ ਵੀ ਮੈਂ ਹੀ ਹਾਂ
ਮੇਰੇ ਅਰਥ ਦੀ ਵਿਸ਼ਾਲਤਾ
ਕਿਸੇ ਸ਼ਬਦ ਦੀ ਮੁਥਾਜ ਨਹੀਂ
ਮੈਂ ਸ਼ਬਦ ਤੋਂ ਪਹਿਲਾਂ ਵੀ ਸਾਂ
ਸ਼ਬਦ ਤੋਂ ਪਿੱਛੋਂ ਵੀ ਹਾਂ

−0−

ਮਨੁਖ ਚੇਤਨਾ ਦਾ ਸਦਕਾ
ਆਪਣੇ ਸਵੈ ਨੂੰ ਪਹਿਚਾਣ

ਹੋ ਸਕਦਾ
ਆਪਣੇ ਜਨਮ ਮਰਨ ਦਾ ਲਕਸ਼
ਜਾਣ ਹੈ ਸਕਦਾ
ਪ੍ਰਕ੍ਰਿਤੀ ਦੀ ਗੋਦ 'ਚ ਖੇਡਿਆ
ਮੈਂ ਆਦਿ ਮਨੁੱਖ
ਅਜੋਕੇ ਮਨੁੱਖ ਦਾ ਵਿਸਥਾਰ ਹਾਂ
ਜ਼ਿੰਦਗੀ ਤੇ ਦਿਸਹੱਦਿਆਂ ਦੇ
ਆਰ ਪਾਰ ਹਾਂ

–0–

ਜੰਗਲ ਤੋਂ ਕੱਚ ਦੀ ਦੁਨੀਆਂ ਦਾ
ਸਫ਼ਰ ਹਾਂ
ਰੌਸ਼ਨੀਆਂ 'ਚ
ਜਗਦੀ ਦੁਨੀਆਂ ਦਾ ਪ੍ਰਤੀਕ ਹਾਂ
ਅੱਜ ਮੈਂ ਹਵਾ 'ਚ ਉੱਡਦਾ ਹਾਂ
ਪ੍ਰਕ੍ਰਿਤੀ
ਪਰਤ-ਦਰ-ਪਰਤ ਖੋਲ੍ਹਦਾ ਹਾਂ
ਮੈਂ ਸੱਚ ਜਾਨਣ ਦੀ ਚੇਤਨਾ ਹਾਂ
ਅੰਬਰ ਦੇ ਕੰਠ 'ਚੋਂ ਬੋਲਦਾ ਹਾਂ

–0–

ਮੈਂ ਪ੍ਰਕ੍ਰਿਤੀ ਤੋਂ
ਜਿੰਨਾ ਦੂਰ ਹੁੰਦਾ ਗਿਆ
ਆਪਣੇ ਸਵੈ ਤੋਂ ਵੀ ਦੂਰ
ਹੁੰਦਾ ਗਿਆ
ਅੱਜ ਮੈਂ ਆਪਣੇ 'ਚ
ਗੁਆਚੇ ਸਵੈ ਦੀ ਭਾਲ 'ਚ
ਸ਼ੀਸ਼ੇ ਦੀ ਦੁਨੀਆਂ 'ਚ
ਜੰਗਲ ਬੀਜ ਰਿਹਾ ਹਾਂ
ਕੰਧਾਂ ਤੇ ਛੱਤਾਂ 'ਤੇ ਕੁਦਰਤ
ਸਾਜ਼ ਰਿਹਾ ਹਾਂ

–0–

ਉਸ ਕੰਠ ਦੀ ਭਾਲ 'ਚ ਹਾਂ
ਜਿਸ ਦੀ ਕਦੀ ਆਵਾਜ਼ ਰਿਹਾ ਹਾਂ
ਉਹ ਧੁੰਨ ਢੂੰਡਦਾ ਹਾਂ
ਕਾਦਰ ਤੇ ਕੁਦਰਤ 'ਚ
ਜਿਸ ਦਾ ਸਾਜ਼ ਰਿਹਾ ਹਾਂ
ਕੁਦਰਤ ਤੋਂ ਵਿਛੜ ਕੇ
ਜੋ ਵੀ ਪਾਇਆ ਹੈ
ਉਸ ਦੇ ਬਦਲੇ
ਮੈਂ ਆਪਣਾ ਸੱਚ
ਆਪਣਾ ਰੱਬ ਗੁਆਇਆ ਹੈ

–0–

ਮੇਰੇ ਅੰਦਰ ਬਾਹਰ
ਕੱਚ ਦਾ ਵਿਸਥਾਰ ਹੈ
ਕੱਚ ਦੀ ਦੇਹ 'ਚ
ਕੱਚ ਦਾ ਸਾਇਆ ਹੈ
ਮੈਂ ਆਪਣੀ ਦੇਹ ਤੋਂ ਰੂਹ ਤੱਕ
ਕੱਚ ਹੀ ਕੱਚ ਉੱਗਾਇਆ ਹੈ
ਸਿਰਜਣ ਲਈ
ਇਕ ਦੁਨੀਆਂ ਸ਼ੀਸ਼ੇ ਦੀ
ਮੈਂ ਆਪਣੇ ਪਿੱਛੇ ਨਸਦੇ ਨਸਦੇ ਨੇ
ਆਪਣੀ ਹੱਥੀਂ
ਆਪਣਾ ਮੂਲ ਗਵਾਇਆ ਹੈ
ਕੁਦਰਤ ਦੀ ਥਾਂ ਮੇਰੇ ਮੂੰਹ 'ਤੇ
ਜੰਗਲ ਸ਼ੀਸ਼ੇ ਦਾ ਉੱਗ ਆਇਆ ਹੈ

–0–

## ਕਵਿਤਾ

ਕਵਿਤਾ
ਸ਼ਬਦ ਅਰਥਾਂ ਦਾ
ਸੰਗ੍ਰਹਿ ਨਹੀਂ
ਸਗੋਂ ਸ਼ਬਦਾਂ 'ਚ ਲਪੇਟੇ
ਅਰਥਾਂ ਦਾ
ਮੂਹੋਂ ਬੋਲਦਾ ਅਹਿਸਾਸ ਹੈ
ਅਰਥ ਜਿਉਂਦੀ ਜ਼ਿੰਦਗੀ ਦਾ
ਭੂਤ ਭਵਿੱਖ ਤੇ ਵਰਤਮਾਨ ਹੈ
ਕਵਿਤਾ
ਕਾਵਿਕ ਮਨ ਦੀ ਦਾਰਸ਼ਨਿਕ
ਵਿਗਿਆਨਕ ਤ੍ਰੈਕਾਲ ਮੁੱਖੀ
ਅਭੀਵਿਅਕਤੀ ਹੈ

–0–

ਜ਼ਿੰਦਗੀ
ਕਿੰਨਾਂ ਦਿਸ਼ਾਵਾਂ 'ਚ ਚਲਦੀ ਹੈ
ਕਿਹੜੇ ਚਾਨਣ ਸਿਰਜਦੀ ਹੈ
ਕਿਹੜੇ ਹਨੇਰੇ ਟੁਰਦੀ ਹੈ
ਆਪਣੀ ਪਿੱਠ ਤੇ ਉੱਗੇ ਜੰਗਲ 'ਚੋਂ
ਕਿੰਜ ਸ਼ਹਿਰ ਸ਼ੀਸ਼ੇ ਦੇ ਸਿਰਜਦੀ ਹੈ
ਨਵੀਆਂ ਧਰਤੀ ਆਂ
ਨਵੇਂ ਅੰਬਰ ਉਸਾਰਦੀ ਹੈ

–0–

ਜ਼ਿੰਦਗੀ ਦੀ
ਕਾਰਜ ਪ੍ਰਣਾਲੀ ਦਾ ਤੱਤ
ਕਵਿਤਾ ਹੈ
ਜੋ ਅਰਥਾਂ 'ਚੋਂ ਜਨਮਦੀ ਹੈ
ਸ਼ਬਦਾਂ 'ਚ ਟੁਰਦੀ ਹੈ
ਕਵਿਤਾ ਦਾ ਅਹਿਸਾਸ
ਕਿਨ੍ਹਾਂ ਡੂੰਘਾ ਹੈ

ਸੁਖਸ਼ਮ ਤੇ ਪ੍ਰਭਾਵਸ਼ਾਲੀ ਹੈ
ਇਕ ਵਿਕਸਤ ਮਨੁੱਖੀ ਚੇਤਨਾ
ਸ਼ਬਦਾਂ ਤੇ ਅਰਥਾਂ ਦਾ
ਵਿਸ਼ਾਲ ਸਮੁੰਦਰ ਤਰਨ ਪਿੱਛੋਂ ਹੀ
ਅਭਿਵਿਅਕਤ ਕਰ ਸਕਦੀ ਹੈ

–0–

ਸ਼ਬਦ
ਅਰਥ ਨੂੰ ਆਪਣੇ 'ਚ ਲਪੇਟਦਾ ਹੈ
ਅਰਥ
ਆਪਣੇ ਕੱਜਣ ਤੋਂ ਸੰਤੁਸ਼ਟ ਨਹੀਂ
ਸ਼ਬਦੀ ਖੋਲ
ਅਰਥ ਅਕਾਰ ਦੇ ਮੇਚ ਨਹੀਂ
ਫਿਰ ਵੀ ਪਾਠਕ ਨੂੰ
ਸ਼ਬਦਾਂ ਦੇ ਸੌੜੇਪਣ 'ਚੋਂ ਲੰਘ ਕੇ
ਅਰਥਾਂ ਦੀ ਵਿਸ਼ਾਲਤਾ ਦਾ
ਸਫ਼ਰ ਕਰਨਾ ਹੈ
ਅਰਥਾਂ ਦੀ ਅਸੀਮਤਾ
ਗਹਿਰਾਈ ਦਿਸ਼ਾਵਾਂ ਕੌਣਾਂ
ਤੇ ਬਿੰਦੂਆਂ 'ਚੋਂ ਗੁਜ਼ਰਨਾ ਹੈ
ਅਰਥ 'ਚ
ਸਾਹ ਲੈ ਰਹੇ ਜੀਵਨ ਪਲ ਦੀ
ਹੋਂਦ ਨੂੰ
ਸਮਝਣਾ ਵਿਚਾਰਨਾ ਤੇ
ਵਿਸਥਾਰਨਾ ਹੈ

–0–

ਭਾਸ਼ਾ
ਅਰਥ ਦੇ ਭਾਵ ਸੱਚ ਲਈ
ਬਹੁਤ ਨੀਵੀਂ ਹੈ
ਸ਼ਬਦ ਕਿਰਨ ਹੈ
ਅਰਥ ਸੂਰਜ ਹੈ

ਕਿਰਨ ਰਾਹੀਂ ਸੂਰਜ ਤਕ
ਸੂਰਜ ਰਾਹੀਂ ਕਿਰਨਾਂ ਤਕ ਦਾ
ਸਫ਼ਰ ਹੀ
ਕਵਿ ਵਿਚਲੇ ਸ਼ਬਦ ਤੇ ਅਰਥ ਨੂੰ
ਸਮਝਣਾ ਹੈ

–0–

ਅਰਥ ਨਾਲੋਂ
ਸ਼ਬਦ ਦਾ ਮਹੱਤਵ ਵਧੇਰੇ ਹੈ
ਕਿਉਂਕਿ
ਸ਼ਬਦ ਬਿਨ ਅਰਥ
ਸਮਝਿਆ ਹੀ ਨਹੀਂ ਜਾਅ ਸਕਦਾ
ਕਿਰਨਾਂ ਬਿਨ
ਸੂਰਜ ਪਹਿਚਾਣਿਆਂ ਹੀ
ਨਹੀਂ ਜਾ ਸਕਦਾ।

–0–

ਕਵਿਤਾ
ਲਹੂ ਮਾਸ ਦੀ ਪ੍ਰਕ੍ਰਿਆ ਹੈ
ਸ਼ਬਦ ਪਾਠਕ ਨੂੰ ਉਂਗਲੀ ਲਾ
ਅਰਥ ਤਕ ਜਾਂਦਾ ਹੈ ।
ਅਰਥ ਪਾਠਕ ਸਾਂਵੇ ਨੰਗਾ
ਪਰਤ–ਦਰ–ਪਰਤ
ਆਪਾ ਖੋਲ੍ਹਦਾ ਹੈ
ਆਪਣੇ ਅਹਿਸਾਸ ਦ੍ਰਿਸ਼ਟੀਕੋਣ
ਪ੍ਰਯੋਜਨ ਜੀਵਨ 'ਤੇ
ਜੀਵਨ ਧਰਾਤਲ ਬਾਰੇ ਬੋਲਦਾ ਹੈ
ਜੀਵਨ ਤੇ ਜੀਵਨ ਬਾਰੇ
ਆਪਣਾ ਨਜ਼ਰੀਆਂ ਪੇਸ਼ ਹੈ ਕਰਦਾ
ਆਪਣੇ ਅੰਦਰ ਤੇ
ਦੁਆਲੇ ਦੀ ਸਮੱਗਰੀ
ਪਾਠਕ ਦੀ ਹੈ ਤਲੀ 'ਤੇ ਧਰਦਾ

—0—

ਕਵਿਤਾ
ਦਿਲ ਵਾਂਗ ਧੜਕਦੀ ਹੈ
ਆਪਣੀਆਂ ਅੱਖਾਂ
ਪਾਠਕ ਦੀਆਂ ਅੱਖਾਂ 'ਚ ਪਾ
ਆਪਣੇ ਸੁਫ਼ਨੇ ਸਹਿਕਾਰ ਦੀ ਹੈ
ਆਪਣੀਆਂ ਅੱਖਾਂ 'ਚ ਤਰਦੀ ਹੈ
ਆਪਣੀ ਹੋਂਦ ਨੂੰ ਫੜਦੀ ਹੈ

—0—

ਕਵਿਤਾ
ਆਪਣੇ ਵਿਚਾਰ ਤੇ ਅਹਿਸਾਸ 'ਚ
ਪਾਠਕਾਂ ਦੇ ਅਨੁਭਵ 'ਚ
ਜਿਉਂਦੀ ਜਾਗਦੀ ਟੁਰਦੀ
ਫਿਰਦੀ ਹੈ
ਆਲੋਚਨਾਤਮਕ ਦ੍ਰਿਸ਼ਟੀ ਤੋਂ
ਪਾਠਕ ਸੰਗ
ਜੀਵਨ ਪ੍ਰਤੀਵਾਦ ਵਿਵਾਦ ਕਰਦੀ ਹੈ

—0—

ਪਾਠਕ ਦੀ ਹੋਂਦ ਜਿਉਂਦੀ ਹੈ
ਆਪਣਾ ਪਿੰਡਾਂ ਤਰਦੀ ਹੈ
ਇਸ ਲਈ
ਕਵਿਤਾ ਸਿਰਫ ਸ਼ਬਦਾਂ
ਅਰਥਾਂ ਦਾ ਸੰਗ੍ਰਹਿ ਨਹੀਂ
ਸਗੋਂ ਲਹੂ ਮਾਸ ਦੀ
ਜਿਉਂਦੀ ਜਾਗਦੀ
ਦਾਰਸ਼ਨਿਕ ਚੇਤਨਾ ਹੈ

—0—

ਕਵਿਤਾ ਪਾਠਕ ਨੂੰ
ਵਾਦ ਵਿਵਾਦ ਰਾਹੀਂ
ਆਪਣੇ ਅੰਤਰੀਣ ਵਿਚਾਰਾਂ

ਦਾ ਸੰਤੁਲਨ
ਜੀਵਨ ਵਿੱਚ ਦਾ ਮੱਹਤਵ
ਦਲੀਲਾਂ ਦੇ ਅਧਾਰਾਂ 'ਤੇ
ਸਮਝਾਉਂਦੀ ਹੈ

—0—

ਸ਼ਬਦ
ਸਿਰਫ ਕਵਿਤਾ ਦੈ
ਪਹਿਰਾਵਾ ਹਨ
ਅਸਲ ਕਵਿਤਾ
ਇਸ ਪਹਿਰਾਵੇ ਹੇਠ ਛੁੱਪੀ ਹੈ
ਜਿਉਂ-ਜਿਉਂ ਸ਼ਬਦੀ ਬਸਤਰ
ਉਤਰਦੇ ਹਨ
ਕਵਿਤਾ ਦਾ ਸੱਚ
ਸਾਹਮਣੇ ਆਉਂਦਾ ਹੈ
ਸੱਚ ਜੋ
ਜੀਵਨ ਚਸ਼ਮੇ 'ਚੋਂ ਫੁਟਦਾ ਹੈ
ਸੱਚ ਜੋ
ਹਾਦਸਿਆਂ ਦੇ ਜੰਗਲ 'ਚੋਂ
ਗੁਜਰਦਾ ਹੈ
ਸੱਚ ਜੋ
ਮੌਤ ਤੇ ਜੀਵਨ ਦੀ ਸੀਮਾ ਹੈ
ਸੱਚ ਜੋ
ਮਨੁੱਖ 'ਚ ਕਾਲਾ ਤੇ ਚਿੱਟਾ ਹੋ
ਵਿਚਰਦਾ ਹੈ
ਸੱਚ ਜੋ
ਮਨੁੱਖ ਦੇ ਅੰਦਰ ਵੱਸਿਆ ਹੈ
ਸੱਚ ਜੋ
ਮੌਤ ਤੋਂ ਪਹਿਲਾਂ ਵੀ ਸੀ
ਮੌਤ ਤੋਂ ਪਿੱਛੋਂ ਵੀ ਹੈ

—0—

ਕਵਿਤਾ ਦਾ ਅਕਾਰ
ਸ਼ਬਦਾਂ ਅਰਥਾਂ 'ਚ ਸੀਮਤ ਨਹੀਂ
ਸਰਬ ਵਿਆਪਕ ਹੈ
ਕੁੱਲ ਬਨਾਸਪਤੀ ਦਾ ਮੂਲ ਹੈ
ਕੁੱਲ ਬ੍ਰਹਮੰਡ ਦਾ ਤੱਤ ਹੈ
ਇਕ ਧੁੰਨ ਹੈ
ਜੋ ਮਨੁੱਖ ਤੋਂ
ਸਿਰਜਣਾਤਮਕ ਤੱਕ ਗੂੰਜਦੀ ਹੈ
ਮਨੁੱਖ ਦੇ ਸਾਹਾਂ 'ਚ ਕਵਿਤਾ ਹੈ
ਦਿਲ ਦੀ ਧੜਕਣ 'ਚ ਕਵਿਤਾ ਹੈ

—0—

ਕਵਿਤਾ ਮਾਧਿਅਮ ਬਿਨ
ਮਾਨਵ ਆਪਣੇ ਆਪ ਨੂੰ
ਆਪਣੇ ਕਰਤੇ ਨੂੰ ਜਾਣ ਨਹੀਂ ਸਕਦਾ
ਅਕਾਸ਼ ਤੋਂ ਹਵਾ
ਹਵਾ ਤੋਂ ਅੱਗਣ
ਅੱਗਣ ਤੋਂ ਜਲ
ਜਲ ਤੋਂ ਧਰਤ ਦੇ ਸਫਰ 'ਚ
ਕਵਿਤਾ ਹੈ
ਜਨਮ ਮਰਨ ਦੇ ਅਰਥ 'ਚ
ਕਵਿਤਾ ਹੈ

—0—

ਕਵਿਤਾ
ਝੀਲਾਂ 'ਚ ਵਗਦੀ ਹੈ
ਸਾਗਰਾਂ ਤੇ ਤੈਰਦੀ ਹੈ
ਦਰਿਆਵਾਂ ਨੂੰ ਜਨਮਦੀ ਹੈ
ਪਹਾੜਾਂ ਨੂੰ ਸਿਰਜਦੀ ਹੈ
ਹਨੇਰਿਆਂ 'ਚ
ਸੂਰਜਾਂ ਵਾਂਗ ਜਗਦੀ ਹੈ
ਬਰਫ਼ ਦੇ ਸੀਨੇ 'ਚ ਮੱਘਦੀ ਹੈ

ਮੈਨੂੰ ਤਾਂ ਕਵਿਤਾ
ਕਦੀ ਖ਼ੁਦਾਈ
ਕਦੀ ਖ਼ੁਦਾ ਲੱਗਦੀ ਹੈ

—0—

**ਬੋਧ**

ਮੈਂ ਆਪਣੇ ਬੋਧ ਸਦਕਾ ਹੀ
ਸ਼ਕਤੀ ਹਾਂ
ਸੁੰਤਤਰਤਾ ਦਾ ਸੋਮਾਂ ਹਾਂ
ਚਿੰਰਜੀਵ ਖ਼ੁਸ਼ੀਆਂ ਦਾ ਕਾਰਨ ਹਾਂ
ਆਪਣੇ
ਆਪ ਦੀ ਹਸਤੀ ਵੀ ਹਾਂ
ਪਤਨ ਵੀ ਹਾਂ
ਉਸਾਰਨ ਵੀ ਹਾਂ
ਸਿਮਰਨ ਵੀ ਹਾਂ ਉਚਾਰਨ ਵੀ ਹਾਂ

—0—

ਮੈਂ ਬੋਧ
ਪੰਜਾ ਤੱਤਾ ਦੀ ਸੰਚਾਲਕ ਸ਼ਕਤੀ ਹਾਂ
ਮੈਂ ਦੇਹ ਦੇ ਸਵੈ ਤੱਕ ਲੈ ਜਾਂਦਾ ਹਾਂ
ਮੈਂ ਬੋਧ ਹੀ
ਚੇਤਨਾ ਦਾ ਸਰੂਪ ਕਹਾਉਂਦਾ ਹਾਂ
ਮੈਂ ਸਵੈ ਦਾ ਚਾਨਣ
ਦੇਹ 'ਚ ਖਿਲਾਰਦਾ ਹਾਂ

—0—

ਮੈਂ ਸਵੈ ਦਾ ਸੰਕਲਪ
ਚੇਤਨਾ 'ਚ ਸਹਿਕਾਰ ਦਾ ਹਾਂ
ਮੈਂ ਧਰਤੀ ਨੂੰ ਕਲੀ ਕਰਦਾ ਹਾਂ
ਅਕਾਸ਼ ਦਾ ਚਿਹਰਾ ਨਿਖਾਰ ਦਾ ਹਾਂ
ਮਨੁੱਖ ਨੂੰ
ਮਨੁੱਖਤਾ 'ਚ ਢਾਲਦਾ ਹਾਂ
ਧਰਤੀ ਦਾ ਰੱਬ
ਧਰਤੀ ਤੇ ਉਤਾਰਦਾ ਹਾਂ

—0—

ਮੈਂ ਨਿੱਜਤਾ ਨੂੰ
ਅਨਿੱਜਤਾ ਦਾ ਰੂਪ ਵਿਖਾਦਾ ਹਾਂ

ਬਿੰਦੂਆਂ 'ਚੋਂ ਦਾਇਰੇ
ਦਾਇਰਿਆਂ 'ਚੋਂ ਦਾਇਰਿਆਂ ਦਾ
ਦਾਇਰਾ ਉਸਾਰਦਾ ਹਾਂ
ਮੈਂ ਰੁੱਖ ਨੂੰ ਜੰਗਲ
ਨਦੀਆਂ ਦਰਿਆਵਾ
ਚਸ਼ਮਿਆਂ ਝਰਨਿਆਂ ਨੂੰ
ਸਾਗਰ ਵਿਖਾਉਂਦਾ ਹਾਂ
ਕਿਣਕੇ ਨੂੰ ਪਹਾੜ ਦੀ ਦੇਹ 'ਚ
ਜ਼ਰੇ ਨੂੰ
ਧਰਤੀ ਦੇ ਵਜੂਦ 'ਚ ਉਤਾਰਦਾ ਹਾਂ

—0—

ਮੈਂ ਬ੍ਰਹਿਮੰਡਾਂ ਅਕਾਸ਼ਾਂ ਪਤਾਲਾਂ ਨੂੰ
ਵਜੂਦ ਦੀ ਹੋਂਦ ਦਾ ਸੱਚ
ਸਮਝਾਉਂਦਾ ਹਾਂ
ਸੁੰਦਰਤਾਂ ਤੇ ਕਲਿਆਣ ਵਿਖਾਉਂਦਾ ਹਾਂ
ਜੋ ਤੁਰਦਾ ਹੈ ਮੇਰੀ ਸੇਧੇ
ਮੈਂ ਉਸਨੂੰ
ਮੌਤ ਤੋਂ ਅਗਲਾ ਪਿੱਛਲਾ
ਰਹੱਸ ਸਮਝਾਉਂਦਾ ਹਾਂ
ਮੌਕਸ਼ਾ ਦੇ ਦੁਆਰ ਖੋਲ੍ਹਦਾ ਹਾਂ
ਕਾਦਰ ਦੇ ਦਰ ਤੱਕ ਲੈ ਜਾਂਦਾ ਹਾਂ

—0—

ਮੈਂ ਆਪਣੀ ਲੋਅ ਸਦਕਾ
ਦੁਆਲੇ ਦੀ ਤੇ ਅੰਦਰ ਦੀ
ਦੁਨੀਆਂ ਪਹਿਚਾਣ ਦਾ ਹਾਂ
ਸੱਚ ਸੁੰਦਰਤਾ ਬੀਜਦਾ ਹਾਂ
ਦੁਨੀਆਂ ਦਾ ਵਜੂਦ ਨਿਖਾਰ ਦਾ ਹਾਂ
ਨਿਖਰੀ ਦੁਨੀਆਂ
ਜਦ ਦਰਪਣ 'ਚ
ਆਪਣਾ ਆਪ ਤੱਕਦੀ ਹੈ

ਖਿੱਚ ਦੀ ਖ਼ੁਸ਼ਬੂ
ਉਸ ਦੇ ਜਿਸਮ 'ਚੋਂ ਆਉਂਦੀ ਹੈ
ਨੂਰ ਤੇ ਸੁੰਦਰਤਾ
ਉਸ ਦੇ ਚਿਹਰੇ ਤੋਂ ਝਲਕਦੀ ਹੈ
ਪ੍ਰਕ੍ਰਿਤੀ ਤੇ ਮਨੁੱਖ
ਉਸ ਵੱਲ ਆਕਰਸ਼ਿਤ ਹੁੰਦੇ ਹਨ
ਚੰਨ ਸੂਰਜ ਤਾਰੇ
ਉਸਦੀ ਸੁੰਦਰਤਾ ਦੀ ਉਪਮਾ
ਕਰਦੇ ਹਨ
ਬਹਾਰਾਂ
ਉਸ ਦਾ ਵਸੇਰਾ ਕਰਦੀਆਂ ਹਨ
ਮੌਸਮ ਉਸ ਦੁਆਲੇ ਭੌਂਦੇ ਹਨ

—0—

ਉਹ ਤੀਰਥਾਂ 'ਚ ਨਹੀਂ
ਤੀਰਥ
ਉਸ 'ਚ ਨਹਾਉਂਦੇ ਹਨ
ਉਸ ਦੇ ਸੱਚ ਤੇ ਸੁੰਦਰਤਾ ਦੇ
ਸਾਗਰ 'ਚ
ਆਪਣਾ ਮੈਲਾ ਉਤਾਰਦੇ ਹਨ
ਆਪਣੀ ਦੇਹ ਧੋਂਦੇ ਹਨ
ਪ੍ਰੇਮ ਭਾਵ ਸਾਂਝੀ ਵਾਲਤਾ
ਏਕਤਾ ਤੇ ਸ਼ਾਂਤੀ ਦੇ ਚਸ਼ਮੇ
ਉਸ ਦੀ ਦੇਹ 'ਚੋਂ ਫੁੱਟਦੇ ਹਨ
ਮਨੁੱਖਤਾ ਦੇ ਸੂਰਜ ਦੀਆਂ ਕਿਰਨਾ
ਉਸ ਦਾ ਮੁਖ ਚੁੰਮਦੀਆਂ ਹਨ
ਏਕੇ ਦਾ ਰੂਪ ਦਿਸਦੀਆਂ ਹਨ

—0—

ਵੱਖੋ–ਵੱਖਰੇ ਰੰਗ
ਵੱਖ–ਵੱਖ ਸ਼ਬਦ ਭਾਸ਼ਾ
ਬੋਲੀਆਂ 'ਚੋਂ

ਏਕੇ ਦੀ ਧਰਤੀ
ਏਕੇ ਦਾ ਅੰਬਰ
ਏਕੇ ਦਾ ਸੂਰਜ
ਜ਼ਿੰਦਗੀ ਦੇ ਮੱਥੇ ਜਗਦਾ ਹੈ
ਏਕੇ ਦਾ ਚਾਨਣ
ਦੁਨੀਆਂ ਦੀ ਰਗ-ਰਗ 'ਚ
ਟੁਰਦਾ ਹੈ
ਮਨੁੱਖ ਤੇ ਮਨੁੱਖਤਾ ਵਿਚਲੀਆਂ
ਕੰਧਾਂ ਹੱਦਾਂ ਤੇ ਬੰਨਿਆਂ ਨੂੰ
ਮਿਟਾਉਂਦਾ ਹੈ
-0-
ਵਖ ਵਖ ਰੰਗ
ਇਕ ਤਸਵੀਰ ਸਿਰਜਦੇ ਹਨ
ਰੰਗਾਂ ਤੋਂ ਰੰਗਾਂ ਦੀ
ਤਾਸੀਰ ਸਿਰਜਦੇ ਹਨ
ਆਪਣਾ ਰੂਪ ਸਿਰਜਦੇ ਹਨ
ਆਪਣੀ ਜਮੀਰ ਸਿਰਜਦੇ ਹਨ
ਆਪਣਾ ਰੱਬ ਖੁਦ ਕਹਾਉਂਦੇ ਹਨ
ਖੁਦ ਆਪਣੀ ਤਕਦੀਰ ਸਿਰਜਦੇ ਹਨ
-0-
ਏਕੇ ਦੇ ਕਾਰਨ
ਕਿਰਨਾਂ 'ਚੋਂ ਸੂਰਜ ਉੱਗਦਾ ਹੈ
ਬੂੰਦਾਂ ਸਾਗਰ 'ਚ ਉਤਰਦੀਆਂ ਹਨ
ਬੁੱਲੇ ਹਵਾ 'ਚ ਬਦਲਦੇ ਹਨ
ਕਿਣਕੇ ਪਹਾੜਾਂ 'ਚ ਠਹਿਰਦੇ ਹਨ
ਰੁੱਖਾਂ 'ਚੋਂ ਜੰਗਲ ਉੱਗਦੇ ਹਨ
-0-
ਚਸ਼ਮੇਂ ਝਰਨੇ ਦਰਿਆਵਾਂ
ਤੇ ਨਦੀਆਂ ਦਾ ਰੂਪ ਧਾਰਦੇ ਹਨ
ਦੁਨੀਆ ਦੇ ਵੰਨਸੁਵੰਨੇ ਰੰਗ

ਆਪਣੇ ਆਪ ਨੂੰ
ਇਕ ਰੰਗ 'ਚ ਉਤਾਰਦੇ ਹਨ
ਆਪਣੀ ਹੋਂਦ
ਕਾਇਮ ਰਖਦੇ ਹਨ
ਇਕ ਰੰਗ ਦੇ ਪਿੰਡੇ 'ਚੋਂ
ਵੰਨ ਸੁਵੰਨੇ ਰੰਗਾਂ ਦੇ ਸੂਰਜ
ਚਾੜ੍ਹਦੇ ਹਨ

–0–

ਨਿਖਰੀ ਦੁਨੀਆ
ਆਪਣੇ ਦੁਆਲੇ ਨਿਖਰੀ ਨਿਖਰੀ
ਪ੍ਰਕਿਰਤੀ ਸਿਰਜਦੀ ਹੈ
ਨਵਾਂ ਸੂਰਜ ਚੰਨ ਤਾਰੇ
ਨਵੇਕਲਾ ਆਸਮਾਂ ਸਿਰਜਦੀ ਹੈ
ਸਮੇਂ ਨੂੰ ਸਮੇਂ ਦੀ ਹੋਂਦ ਦਸਦੀ ਹੈ
ਸਮੇਂ ਦੇ ਵਜੂਦ ਸਿਰਜਦੀ ਹੈ
ਨਿਖਰੇ ਰਾਤ ਦਿਨ
ਨਿਖਰਿਆ ਵਾਤਾਵਰਨ
ਵਰਤਮਾਨ ਭੂਤ ਤੇ ਭਵਿਖ
ਸਿਰਜਦੀ ਹੈ

–0–

ਨਵੇਂ ਮੰਦਿਰ ਮਸੀਤਾਂ
ਨਵੇਂ ਵਿਸ਼ਵ ਵਿਦਿਆਲੇ
ਪਾਠਸ਼ਾਲਾ ਦਾ ਨਿਰਮਾਣ ਹੁੰਦਾ ਹੈ
ਮਨੁੱਖ ਹੀ ਪੂਜਾ ਸਮਗਰੀ
ਪੂਜਾ ਦਾ ਸਥਾਨ ਹੁੰਦਾ ਹੈ
ਮਨੁੱਖ ਹੀ
ਮਨੁੱਖ ਦਾ ਭਗਵਾਨ ਹੁੰਦਾ ਹੈ
ਮਨੁੱਖਤਾ ਦਾ ਧਰਮ
ਠਾਕੁਰ ਦੁਆਰਿਆਂ ਮੰਦਿਰਾਂ
ਮਸਜਿਦਾਂ ਦੀ ਆਵਾਜ਼ ਹੁੰਦਾ ਹੈ

ਮਨੁੱਖ ਹੀ ਕੁਰਾਨ ਹੁੰਦਾ ਹੈ
ਮਨੁੱਖ ਹੀ ਧਰਤੀ ਦਾ ਗੀਤ
ਅੰਬਰ ਦਾ ਸਾਜ਼ ਹੁੰਦਾ ਹੈ
ਸਾਰੀ ਪ੍ਰਕ੍ਰਿਤੀ ਸਾਰਾ ਬ੍ਰਹਿਮੰਡ ਹੈ
ਪਿਆਰ 'ਚ ਝੂਲਦਾ
ਚੰਨਾ ਸੂਰਜਾਂ ਤਾਰਿਆਂ ਦੀ
ਮਹਿਫਲ 'ਚ
ਨੂਰਾਂ ਦੇ ਨੂਰ ਦਾ ਬੈਠਾ
ਸਿਰਤਾਜ ਹੁੰਦਾ ਹੈ
-0-
ਮਨੁੱਖ
ਦੇਹ ਵਿਚਲਾ ਬ੍ਰਹਿਮੰਡ
ਦੁਆਲੇ ਬੀਜਦਾ ਹੈ
ਉੱਗਾਦਾਂ ਤੇ ਵਿਸਥਾਰਦਾ ਹੈ
ਮਨੁੱਖ ਆਪਣਾ ਅੰਦਰ
ਦੁਆਲੇ ਖਿਲਾਰਦਾ ਹੈ
ਤਾਂ ਕਿ ਮਨੁੱਖ
ਆਪਣੇ ਅੰਦਰ ਨੂੰ ਬਾਹਰ
ਬਾਹਰ ਨੂੰ ਅੰਦਰ ਜੀਅ ਸਕੇ
-0-
ਮੇਰੇ ਬੋਧ 'ਚ
ਇਕ ਦਰਪਣ ਹੈ
ਇਕ ਚਿਹਰਾ ਹੈ
ਮਨੁੱਖ ਦੁਆਲੇ ਮਨੁੱਖਤਾ ਦਾ
ਚੁਫੇਰਾ ਹੈ
ਮਨੁੱਖ ਦੀ ਹਸਤੀ 'ਚ
ਮਨੁੱਖਤਾ ਦਾ ਡੇਰਾ ਹੈ
ਮਨੁੱਖ ਤੇ ਮਨੁੱਖਤਾ ਵਿਚਾਲੇ
ਨਾ ਕੁੱਝ ਤੇਰਾ ਹੈ ਨਾ ਮੇਰਾ ਹੈ
ਮਨੁੱਖ ਇੱਕ ਅੱਖ ਨਾਲ

ਆਪਣਾ ਅੰਦਰ ਤੇ ਬਾਹਰ
ਨਿਹਾਰਦਾ ਹੈ
ਆਪਣਾ ਸੱਚ ਪਹਿਚਾਣਦਾ ਹੈ
ਝੂਠ ਉਤਾਰਦਾ ਹੈ
ਅੰਦਰ ਤੇ ਬਾਹਰ ਵਿਚਾਲੇ ਦਾ
ਪਰਦਾ ਲਾਹੁੰਦਾ ਹੈ
ਅੰਦਰ ਤੇ ਬਾਹਰ
ਏਕੇ ਦੇ ਵਜੂਦ 'ਚ
ਏਕੇ ਦੀ ਜੋਤ ਜਗਾਉਂਦਾ ਹੈ
–0–
ਮਨੁੱਖ
ਮਨੁੱਖ ਤੇ ਮਨੁੱਖਤਾ 'ਚ
ਨਹਾਉਂਦਾ ਹੈ
ਸੂਰਜ ਤੇ ਕਿਰਨਾਂ ਵਿਚਲੀ ਵਿੱਥ
ਮਿਟਾਉਂਦਾ ਹੈ
ਮਨੁੱਖ ਜੋ ਦੇਹ ਦਾ ਪਰਦਾ ਉਠਾ ਲਵੇ
ਤਾਂ ਅੰਦਰ
ਜੋ ਕੁੱਝ ਵੀ ਬੀਜਿਆ ਹੈ
ਬਾਹਰ
ਉਸਦੀ ਛਾਂਅ ਹੰਢਾਅ ਲਵੇ
ਆਪਣੀ ਧਰਤੀ
ਪੈਰਾਂ 'ਚ ਵਿਛਾ ਲਵੇ
ਆਪਣਾ
ਅੰਬਰ ਸਿਰ 'ਤੇ ਉੱਠਾ ਲਵੇ।
—0—

## ਸਫਰ

ਹਰ ਸਫਰ
ਪਹਿਲੇ ਕਦਮ ਨਾਲ ਜਨਮਦਾ ਹੈ
ਸਫਰ ਨਿੱਘ, ਅੱਗ, ਜਲ
ਜੰਗਲ ਜਾਂ ਥਲ ਦਾ ਹੋਵੇ
ਸਫਰ ਤਾਂ ਸਫਰ ਹੁੰਦਾ ਹੈ
ਅਰਥ ਜੀਉ ਰਿਹਾ
ਇਕ ਹਰਫ ਹੁੰਦਾ ਹੈ

—0—

ਨਿੱਘ ਦੇ ਸਫਰ 'ਚ
ਕਈ ਵਾਰ ਕੰਡ ਤੇ ਅਜਨਬੀ
ਅੱਖਾਂ ਉੱਗ ਆਉਂਦੀਆਂ ਹਨ
ਅੱਖਾਂ 'ਚ ਅਵਾਰਗੀ ਤੈਰਦੀ ਹੈ
ਪੈਰਾਂ 'ਚੋਂ ਜਨਮਦੀ ਹੈ
ਕੋਈ ਅੱਥਰੀ ਹਵਾ
ਸਾਹਾਂ 'ਚ ਘੋਲਦੀ ਹੈ
ਮਮਤਕ 'ਚ ਠਹਿਰਦੀ ਹੈ
ਨਸ-ਨਸ 'ਚੋਂ ਬੋਲਦੀ ਹੈ

—0—

ਜਦ ਅੱਖਾਂ ਮੀਚ ਦੀ ਹੈ
ਤਾਂ ਰਾਤ ਹੁੰਦੀ ਹੈ
ਜਦ ਅੱਖਾਂ ਖੋਲਦੀ ਹੈ
ਤਾਂ ਪ੍ਰਭਾਤ ਹੁੰਦੀ ਹੈ
ਜਦ ਚੁੱਪ ਤੋੜਦੀ ਹੈ
ਬਹਾਰਾ ਮੌਸਮਾਂ 'ਚ
ਖ਼ੁਸ਼ਬੂ ਘੋਲਦੀ ਹੈ
ਫੁੱਲ ਖਿੜਦੇ ਹਨ
ਕਲੀਆਂ ਮਹਿਕ ਦੀਆਂ ਹਨ
ਸਰਘੀ ਦੀਆਂ
ਚਿੜੀਆਂ ਚਹਿਕਦੀਆਂ ਹਨ

ਸੂਰਜ ਕੋਲ ਕਿਰਨਾ ਦੀ
ਧਰਤ ਲਈ ਸੋਗਾਤ ਹੁੰਦੀ ਹੈ
ਕਹਾਣੀ ਅਜਨਬੀ ਨੈਣਾ ਦੀ
ਬੜੀ ਹੀ ਬਾਤ ਹੁੰਦੀ ਹੈ

—0—

ਕੰਡ ਤੇ ਉੱਗੀਆ
ਅੱਖਾਂ ਦਾ ਚਿਹਰਾ
ਜਦ ਦੀਦਾਰ ਦਿੰਦਾ ਹੈ
ਆਪਣੇ ਹੁਸਨ ਦੀ ਗਰਮੀ
ਇਸ਼ਕ ਦੀ ਰਗ-ਗਰ 'ਚ
ਢਾਲ ਦਿੰਦਾ ਹੈ
ਪੌਣਾ 'ਚ ਖ਼ਸ਼ਬੂ ਘੋਲਦਾ ਹੈ
ਤਪਦੇ ਦਿਲਾਂ ਨੂੰ ਠਾਰ ਦਿੰਦਾ ਹੈ
ਸਾਗਰ 'ਚ ਅੱਗ ਉਤਾਰ ਦਿੰਦਾ ਹੈ
ਕੋਈ ਹੀਰ
ਰਾਂਝੇ ਦੇ ਨੈਣਾਂ 'ਚ ਜਨਮਦੀ ਹੈ
ਕੋਈ ਸੱਸੀ
ਪੁਨੂੰ ਦੀ ਅੱਗ 'ਚ ਝੁਲਸਦੀ ਹੈ
ਕੋਈ ਸਾਹਿਬਾਂ
ਮਾਂ ਜਾਇਆ ਲਈ
ਆਪਣਾ
ਪਿਆਰ ਕੁਰਬਾਨ ਕਰਦੀ ਹੈ
ਕੋਈ ਸੋਹਣੀ ਕੱਚੇ ਤੇ ਤਰਦੀ
ਡੁੱਬ ਜਾਂਦੀ ਹੈ
ਇਸ਼ਕ 'ਚ ਪੁੱਗ ਜਾਂਦੀ ਹੈ

—0—

ਅੱਗ ਦੇ ਸਾਗਰ 'ਚ
ਜਲ ਦੇ ਫੁੱਲ ਖਿੜਦੇ ਹਨ
ਜਦ ਕੁਆਰੇ ਨੈਣ ਮਿਲਦੇ ਹਨ
ਜੁਆਨੀ ਨੂੰ

ਆਪਣੀ ਖ਼ੁਸ਼ਬੂ ਤੇ ਨਿੱਘ ਦਾ
ਅਹਿਸਾਸ ਹੁੰਦਾ ਹੈ
ਹਜ਼ਾਰਾ ਚਿਹਰਿਆ ਦੇ ਸਾਗਰ 'ਚ
ਉਹ ਅਜਨਬੀ ਚਿਹਰਾ ਹੀ
ਦਿਲ ਦੇ ਪਾਸ ਹੁੰਦਾ ਹੈ

—0—

ਅੱਗ ਦੇ ਸਫਰ 'ਚ
ਛਾਲਿਆ ਦਾ ਜੰਗਲ ਪਿੰਡੇ 'ਤੇ
ਉੱਗ ਆਉਂਦਾ ਹੈ
ਜੋ ਝੁਲਸ ਕੇ ਮਰਦਾ ਹੈ
ਉਹੀ ਇਸ ਸਫਰ 'ਚ ਪੁੱਗਦਾ ਹੈ
ਉਸਦੀ ਰਾਖ 'ਚੋਂ
ਪਿਆਰ ਦਾ ਇਕ ਰੁੱਖ
ਉੱਗਦਾ ਹੈ

—0—

ਜਿਸ ਨੂੰ ਚੰਨਾਂ ਤਾਰਿਆ ਸੂਰਜਾਂ ਦੇ
ਫੁੱਲ ਆਉਂਦੇ ਹਨ
ਜਿਸ ਦੀਆਂ ਟਹਿਣੀਆਂ ਤੇ
ਮਿੱਟੀ ਦੇ ਪੰਛੀ
ਸੋਨੇ ਦਾ ਆਲ੍ਹਣਾ ਪਾਉਂਦੇ ਹਨ
ਉਹ ਰੁੱਖ
ਦਿਨ ਰਾਤ ਜਗਦਾ ਹੈ
ਕਿਸੇ ਨੂੰ ਅਜਨਬੀ ਨਹੀਂ
ਆਪਣਾ ਲਗਦਾ ਹੈ

—0—

ਜਲ ਦਾ ਸਫਰ
ਆਪਣੀ ਅੰਦਰਲੀ
ਅੱਗ ਮਾਰਨ ਤੋਂ ਬਾਅਦ ਦਾ
ਸਫਰ ਹੈ
ਇਹ ਜਿਉਂਦੀ ਜਾਗਦੀ ਕਬਰ ਹੈ

ਪਲ–ਪਲ ਪਿੱਛੋਂ ਮਰਦਾ ਹੈ ਆਦਮੀ
ਸਮੁੰਦਰ ਚਿਹਰਿਆ ਦਾ
ਬਿਨ ਬੇੜੀਓ ਤਰਦਾ ਹੈ ਆਦਮੀ
ਆਪਣੀ ਸ਼ਿਕਸਤ
ਆਪਣੇ ਚਿਹਰੇ ਤੇ ਜਰਦਾ ਹੈ ਆਦਮੀ
ਅੱਗ ਦੇ ਭਾਂਬੜ ਨੂੰ
ਅਰਘਾ ਜਲ ਦਾ
ਭੇਂਟ ਕਰਦਾ ਹੈ ਆਦਮੀ
ਜੀਵਨ ਗੁਜ਼ਰ ਲਈ
ਸਿਰ ਤਲੀ ਤੇ ਧਰਦਾ ਹੈ ਆਦਮੀ

—0—

ਜਲ ਦਾ ਸਫਰ
ਜਦ ਕਰਦਾ ਹੈ ਆਦਮੀ
ਲੋਕਾਂ ਦੀ ਭੀੜ ਤੋਂ ਵੱਖਰਾ
ਚਲਦਾ ਹੈ ਆਦਮੀ
ਜ਼ਿੰਦਗੀ 'ਚ ਫੁੱਲ ਬਹਾਰਾਂ ਮੌਸਮ
ਉੱਗਾਣ ਦਾ ਮੁੱਲ
ਭਰਦਾ ਹੈ ਆਦਮੀ

—0—

ਧਰਤੀ 'ਤੇ ਘਾਹ ਦੀ ਹੋਂਦ ਜਿਉਂਦਾ ਹੈ
ਆਦਮੀਅਤ 'ਚ
ਇਨ੍ਹਾਂ ਗੁਆਚ ਜਾਂਦਾ ਹੈ
ਲੋਕਾਂ ਦੇ ਪੈਰਾਂ ਦੀ ਧੂੜ
ਬਣਦਾ ਹੈ ਆਦਮੀ
ਆਪਣਾ ਸਿਰ ਖਲਕਤ ਦੇ ਪੈਰੀਂ
ਧਰਦਾ ਹੈ ਆਦਮੀ
ਸੱਚ ਬੀਜਦਾ ਸੱਚ ਜਨਮ ਦਾ
ਸੱਚ ਲਈ ਜਿਉਂਦਾ
ਸੱਚ ਲਈ ਮਰਦਾ ਹੈ ਆਦਮੀ

—0—

ਤੱਤੀਆਂ ਤਵੀਆਂ ਤੇ ਬਹਿੰਦਾ ਹੈ
ਦੇਗਾਂ 'ਚ ਉਬਲਦਾ ਹੈ
ਬੰਦ-ਬੰਜ ਕਟਵਾਉਂਦਾ ਹੈ
ਆਰਿਆ ਨਾਲ ਸ਼ੀਸ਼
ਚਿਰਵਾਉਂਦਾ ਹੈ
ਝੂਠ ਦੀਆਂ ਨੀਹਾਂ 'ਚ
ਸੱਚ ਚਿਣਵਾਉਂਦਾ ਹੈ
ਚਮਕੌਰ 'ਚ ਡੁਲ੍ਹਦਾ ਹੈ
ਸੱਚ ਦਾ ਲਹੂ
ਮਾਛੀਵਾੜੇ 'ਚ
ਮਿੱਤਰ ਪਿਆਰੇ ਨੂੰ
ਆਪਣਾ ਹਾਲ ਸੁਣਾਉਂਦਾ ਹੈ
ਜਲ ਦਾ ਸਫਰ
ਜਦ ਕਰਦਾ ਹੈ ਆਦਮੀ
ਆਪਣੀ ਮੌਤ
ਤਲੀ ਤੇ ਧਰਦਾ ਹੈ ਆਦਮੀ

—0—

ਜੰਗਲ ਦੇ ਸਫਰ 'ਚ
ਜੰਗਲ ਨੂੰ
ਜਦ ਆਦਮੀ ਵਿਚਲਾ ਜਾਨਵਰ
ਨਜ਼ਰ ਆਉਂਦਾ ਹੈ
ਜੰਗਲ ਦਾ ਚਿਹਰਾ ਜ਼ਰਦ ਹੁੰਦਾ ਹੈ
ਜੰਗਲ ਆਪਣੀ ਜਾਨ ਬਚਾਉਂਦਾ ਹੈ
ਜੰਗਲ ਦਾ ਸਾਹ ਸਰਦ ਹੁੰਦਾ ਹੈ
ਆਦਮੀ
ਆਪਣੇ ਵਿਚਲੇ ਆਦਮੀ ਦੀ
ਲਾਸ਼ ਤੇ ਬੈਠਾ
ਜਦ ਦੁਆਲੇ ਝਾਕ ਦਾ ਹੈ
ਸ਼ੇਰ ਤੋਂ ਸਹੇ ਤੱਕ
ਜੰਗਲ ਦਾ ਹਰ ਜਾਨਵਰ

ਆਦਮੀ ਦੀ ਬੂ ਤੋਂ ਡਰਦਾ
ਭਾਗਦਾ ਹੈ

—0—

ਆਦਮੀ ਦਾ ਕਦਮ
ਜਦ ਜੰਗਲ 'ਚ ਪੈਂਦਾ ਹੈ
ਜੰਗਲ ਦੀ ਹਵਾ
ਜੰਗਲ ਤੋਂ ਬਨਵਾਸ ਲੈਂਦੀ ਹੈ
ਫੁੱਲਾਂ 'ਚੋਂ ਖ਼ੁਸ਼ਬੂ ਤੇ ਰੰਗ ਨੁਚੜਦੇ
ਹਨ
ਜੰਗਲ ਤੇ ਜੰਗਲੀ ਜਾਨਵਰ
ਮਨੁੱਖ ਤੋਂ ਡਰ ਕੇ
ਮੁੱਠਾ 'ਚ ਸੁੰਘੜਦੇ ਹਨ
ਪੰਛੀਆਂ ਦੇ ਕੰਠ 'ਚ
ਲੋਹਾ ਢਲ ਜਾਂਦਾ ਹੈ
ਪ੍ਰਵਾਜ਼ ਝੁਲਸ ਜਾਂਦਾ ਹੈ
ਜੰਗਲ ਦਾ ਹਰ ਜੀਵ ਜੰਤੂ
ਮਨੁੱਖ ਦੇ ਭੈਅ 'ਚ ਉਲਝ ਜਾਂਦਾ ਹੈ

—0—

ਆਦਮੀ ਦੀ ਬੂ
ਜਦ ਜੰਗਲ 'ਚ ਫੈਲਦੀ ਹੈ
ਰੁੱਖਾਂ ਦੇ ਤੰਨਿਆਂ 'ਚੋਂ ਅੱਗ
ਸਿਮਦੀ ਹੈ
ਰੁੱਖਾਂ ਦੀ ਛਾਂਅ ਧੁਖਦੀ ਹੈ
ਰੁੱਖਾਂ ਦੇ ਪਿੰਡੇ 'ਚ ਠਹਿਰੀ
ਮੌਤ ਲੱਗਦੀ ਹੈ
ਰੁੱਖ ਤੁਰਨ ਲਈ ਮੁਥਾਜ਼ ਹੁੰਦਾ ਹੈ
ਜੰਗਲ ਛੱਡ ਨਹੀਂ ਸਕਦਾ
ਆਦਮੀ ਦੀ ਬੂ 'ਚ ਸੜ ਜਾਂਦਾ ਹੈ
ਬਲ ਜਾਂਦਾ ਹੈ
ਆਦਮੀ ਦੀ ਬੂ

ਜੰਗਲ ਖਾਹ ਜਾਂਦੀ ਹੈ
ਧਰਤੀ ਦੀ ਹਿੱਕ 'ਤੇ
ਜੰਗਲੀ ਰਾਖ ਦੀ ਢੇਰੀ ਲਾਅ
ਜਾਂਦੀ ਹੈ

—0—

ਜੰਗਲੀ ਜਾਨਵਰ
ਮਨੁੱਖ ਤੋਂ ਡਰਦੇ ਹਨ
ਕਿਉਂਕਿ
ਮਨੁੱਖ ਨੇ ਉਨ੍ਹਾਂ ਦੇ ਘਰ ਜਲਾਏ ਹਨ
ਜੰਗਲ ਦੀ ਦੇਹ 'ਚੋਂ
ਸ਼ੀਸ਼ੇ ਦੇ ਸ਼ਹਿਰ ਉੱਗਾਏ ਹਨ
ਜੰਗਲੀ ਜਾਨਵਰ ਤੇ ਹਰਿਆਉਲ
ਸਾਂਝੀ ਹੈ
ਜੰਗਲ 'ਚੋਂ ਕੱਚ ਦੀ ਦੁਨੀਆਂ
ਉਸਾਰੀ ਹੈ
ਜੰਗਲ ਲਈ ਸਭ ਤੋਂ ਖ਼ਤਰਨਾਕ
ਦਰਿੰਦਾ ਜਾਨਵਰ ਆਦਮੀ ਹੈ
ਜੰਗਲ ਦਾ ਕਾਤਿਲ
ਖੂੰਖਾਰ ਭੇੜੀਆਂ ਆਦਮੀ ਹੈ

—0—

ਥਲ ਦਾ ਸਫਰ
ਮਨੁੱਖ ਦੀ ਪਿਆਸ ਦਾ ਸਫਰ ਹੈ
ਸਮੁੰਦਰ ਦੀ ਇੱਛਾ
ਬੱਦਲ ਦੀ ਆਸ ਦਾ ਸਫਰ ਹੈ
ਹਰਿਆਉਲ ਲਈ ਅੱਖਾਂ
ਪੰਛੀਆਂ ਦੇ ਗੀਤ ਲਈ
ਕੰਨ ਤਰਸਦੇ ਹਨ
ਬੱਦਲ ਦੀ ਛਾਂਅ ਲਈ
ਤਪਦੀ ਧਰਤੀ ਦੀਆਂ ਅੱਖਾਂ
ਅਕਾਸ਼ ਤੇ ਟੰਗੀਆਂ ਹਨ

ਸੂਰਜਾਂ ਦੇ ਸੇਕ 'ਚ
ਰੇਤ ਦੀ ਦੇਹ ਨੁਚੜੀ ਹੈ
ਇਕ ਬੂੰਦ ਲਈ
ਸਹਿਰਾ ਦੀ ਧਰਤੀ
ਪਰਤ-ਦਰ-ਪਰਤ ਉਧੜੀ ਹੈ

—0—

ਮਨੁੱਖ ਨੇ ਸਹਿਰਾ ਦੀ ਧਰਤ ਨੂੰ
ਹਰੇ ਭਰੇ ਜੀਵਨ ਨਾਲ ਗਰਭਤ ਕਰਨਾ ਹੈ
ਸਮੁੰਦਰ ਦਾ ਵੀਰਯ
ਥਲ ਦੀ ਗਰਭ 'ਚ ਧਰਨਾ ਹੈ
ਕਿ ਸਹਿਰਾ ਦੇ ਮੂੰਹ 'ਤੇ
ਰੌਣਕ ਆ ਸਕੇ
ਥਲ ਦੇ ਪਿੰਡੇ 'ਚੋਂ
ਜੀਵਨ ਪੁੰਗਰ ਸਕੇ
ਥਲ ਦੇ ਮੂੰਹ ਤੇ ਉੱਗਿਆ
ਰੇਤ ਦਾ ਜੰਗਲ
ਬਹਾਰਾ ਮੌਸਮਾਂ ਰੁੱਤਾਂ
ਫੁੱਲਾਂ ਪੱਤੀਆਂ ਦੇ ਗੀਤ ਗਾ ਸਕੇ
ਥਲ ਆਪਣੇ ਪਿੰਡੇ 'ਚੋਂ
ਖੂਹ ਤੇ ਖੂਹੀਆਂ ਉੱਗਾ ਸਕੇ
ਪਿਆਸੀ ਪੌਣ ਦੀ ਪਿਆਸ
ਬੁਝਾ ਸਕੇ

—0—

ਸਹਿਰਾ 'ਚ ਵਗਦੀਆਂ
ਹਨੇਰੀਆਂ ਦੇ ਸੀਨੇ ਠਰਨ
ਥਲ ਆਪਣੇ ਸੀਨੇ 'ਚ
ਹਰਾ ਕਚੂਰ ਜੰਗਲ ਧਰੇ
ਥਲ 'ਚ ਪੰਛੀਆਂ ਰੁੱਖਾਂ ਤੇ
ਮਨੁੱਖਾਂ ਦਾ ਵਸੇਰਾ ਹੋ ਸਕੇ
ਥਲ ਦਾ ਸਫਰ ਪਿਆਸ ਦਾ

ਸਫਰ ਹੈ
ਸਮੁੰਦਰ ਦੀ ਇੱਛਾ
ਬੱਦਲ ਦੀ ਆਸ ਦਾ ਸਫਰ ਹੈ

—0—

ਨਿੱਘ ਅੱਗ ਜਲ ਜੰਗਲ
ਥਲ ਦਾ ਸਫਰ
ਹਰ ਸਫਰ
ਪਹਿਲੇ ਕਦਮ ਨਾਲ ਜਨਮਦਾ ਹੈ
ਪਰ ਰਾਹਗੀਰ ਨੂੰ
ਪਹਿਲਾਂ ਆਪਣਾ ਆਪ
ਗੁਆਣਾ ਪੈਂਦਾ ਹੈ
ਫਿਰ ਆਪਾ ਸਫਰ ਦੀ
ਭੇਂਟ ਕਰਨਾ ਹੈ
ਕੁੱਝ ਸਫਰ ਨੇ
ਰਾਹੀਗੀਰ ਦੀ ਤਲੀ ਤੇ ਧਰਨਾ ਹੈ
ਤਲੀ ਤੇ ਧਰਿਆ
ਰਾਹੀਗੀਰ ਨੇ
ਜ਼ਿੰਦਗੀ ਨੂੰ ਭੇਂਟ ਕਰਨਾ ਹੈ
ਨਿੱਘ ਦੇ ਸਫਰ ’ਚ
ਆਪਾ ਨਿਹਾਰਨਾ ਹੈ
ਅੱਗ ਦੇ ਸਫਰ ’ਚ
ਆਪਾ ਉਤਾਰਨਾ ਹੈ
ਜਲ ਦੇ ਸਫਰ ’ਚ
ਆਪਾ ਨਿਮਰਤਾ ਸੰਗ ਜਿਉਣਾ ਹੈ
ਜਿਉਣ ਦਾ ਮੁੱਲ ਤਾਰਨਾ ਹੈ
ਜੰਗਲ ਦੇ ਸਫਰ ’ਚ
ਹਾਉਮੈਂ ਬੀਜਣਾ ਤੇ ਹੰਢਾਉਣਾ ਹੈ
ਥਲ ਦੇ ਸਫਰ ’ਚ
ਜੀਵਨ ਉੱਗਾਉਣਾ ਹੈ

—0—

## ਨਵਾਂ ਸੰਸਾਰ

ਇਹ ਬੋਅ ਮਾਰਦਾ
ਪਹਿਨਣ
ਭਾਸ਼ਾ ਸਮਾਂ ਤੇ ਪੌਣ
ਕਾਲਖਾ ਹੋਇਆ ਤੇਜ਼
ਗੰਧਲਾ ਪਾਣੀ ਸਰਦ ਅੱਗ
ਪੁਰਾਣੀ ਧਰਤੀ ਬੁੱਢਾ ਆਸਮਾਨ
ਮਨੁੱਖ ਨੂੰ ਆਪਣੇ ਵਜੂਦ 'ਚੋਂ
ਆਪਣੇ ਵਿਚਰਨ ਧਰਾਤਲ 'ਚੋਂ
ਮੰਨਫੀ ਕਰਨੇ ਪੈਣਗੇ

—0—

ਤੇ ਉਹ ਕੁੱਝ ਸਿਰਜਣਾ ਪਵੇਗਾ
ਜੋ ਮਨੁੱਖ ਤੇ ਮਨੁੱਖਤਾ
ਅਨੁਕੂਲ ਹੋਵੇ
ਤੇ ਆਉਣ ਵਾਲੇ ਸਮੇਂ 'ਚ
ਮਨੁੱਖ ਲਈ
ਫਿਰ ਸਵਾਲੀਆਂ ਨਿਸ਼ਾਨ
ਨਾ ਬਣੇ
ਮਨੁੱਖ ਦੀ ਸਿਰਜਣਾ
ਇਨ੍ਹੀ ਮਕਬੂਲ ਹੋਵੇ
ਕਿ ਫਿਰ ਭੱਵਿਖ 'ਚੋਂ
ਭੂਤ 'ਚ ਪਰਤਣ ਦਾ ਸਮਾਨ ਨਾ ਬਣੇ

—0—

ਵਿਗਿਆਨ ਨੇ
ਸਿੱਧ ਕਰ ਦਿੱਤਾ ਹੈ
ਕਿ ਮਾਂ ਪਿਓ
ਆਪਣੀ ਮਰਜ਼ੀ ਅਨੁਸਾਰ
ਬੱਚਾ
ਲੜਕੀ ਜਾਂ ਲੜਕਾ ਜਨਮ
ਸਕਦੇ ਹਨ

ਮਾਂ ਬਾਪ ਦੀ ਮਰਜ਼ੀ ਅਨੁਸਾਰ
ਬੱਚੇ ਦਾ ਕੱਦ ਕਾਠ
ਨੈਣ ਨਕਸ਼ ਤੇ ਅੰਗ
ਚਮੜੀ ਤੇ ਵਾਲਾ ਦਾ ਰੰਗ
ਸਿਰਜਿਆ ਜਾਅ ਸਕਦਾ ਹੈ

—0—

ਪਰ ਇਸ ਲਈ
ਮਾਂ ਦੀ ਗਰਭ 'ਚ
ਚਾਹਤ ਮੁਤਾਬਿਕ ਜੀਨ
ਉਸਦੇ ਆਪਣੇ ਜਾਂ
ਬਾਹਰਲੇ ਵਜੂਦ 'ਚੋਂ ਲੈ ਕੇ
ਰੱਖੇ ਜਾਣਗੇ
ਕਾਲਾ ਮਾਂ ਪਿਉ
ਚਿੱਟੇ ਦੁੱਧ ਜਿਹਾ ਨੀਲੀਆਂ
ਅੱਖਾਂ ਚਿੱਟੇ ਰੰਗ ਦੇ ਵਾਲਾ
ਵਾਲਾ ਬੱਚਾ ਜਨਮ ਸਕਦੇ ਹਨ

—0—

ਆਪਣੇ ਮਾਂ ਬਾਪ ਨੂੰ ਤੱਕ ਕੇ
ਬੱਚਾ ਸ਼ੰਕ ਖੜੇ ਕਰ ਸਕਦਾ ਹੈ
ਕਿ ਉਹ ਸੱਚੀ
ਉਸ ਦੇ ਮਾਂ ਬਾਪ ਹਨ ਕਿ ਨਹੀਂ
ਇਹ ਸ਼ੰਕਾ ਬੱਚੇ ਪ੍ਰਤੀ
ਮਾਂ ਬਾਪ ਦਾ ਵੀ ਹੋ ਸਕਦਾ ਹੈ

—0—

ਭੱਵਿਖ 'ਚ
ਇਹ ਸਵਾਲੀਆਂ ਨਿਸ਼ਾਨ ਹੈ
ਕਿਉਂਕਿ ਨਾ ਮਾਂ ਬਾਪ ਬੱਚੇ ਦੀ
ਨਾ ਬੱਚਾ ਮਾਂ ਬਾਪ ਦੀ ਪਹਿਚਾਣ ਹੈ

—0—

ਦੂਜਾ ਸਵਾਲੀ ਆ ਨਿਸ਼ਾਨ

ਜ਼ਿੰਦਗੀ ਨੂੰ ਹੋਰ ਵੀ
ਗੁੰਝਲਦਾਰ ਕਰਦਾ ਹੈ
ਅਸਲ ਖੋਜ ਦਾ ਮਕਸਦ
ਮਨੁੱਖ ਵਿਚਲੀਆਂ ਜੱਦੀ ਪੁਸ਼ਤੀ
ਚਲੀਆਂ ਆ ਰਹੀਆਂ
ਬੀਮਾਰੀਆਂ ਤੋਂ
ਛੁਟਕਾਰਾ ਪਾਉਣਾ ਹੈ
ਪਰ ਮਨੁੱਖ ਇਸ ਖੋਜ ਨੂੰ
ਕਿਸ ਰੂਪ ਵਿਚ ਵਰਤਦਾ ਹੈ
ਇਹ ਮਨੁੱਖ ਤੇ ਨਿਰਭਰ ਹੈ
ਮਨੁੱਖ ਨੇ ਜ਼ਿੰਦਗੀ ਨੂੰ
ਗੁੰਝਲਦਾਰ ਜਾ ਸਰਲ
ਬਣਾਉਣਾ ਹੈ

—0—

ਕੁਦਰਤੀ ਜਨਮਿਆਂ ਬੱਚਾ
ਮਾਂ ਬਾਪ ਦਾ ਅਕਸ ਹੈ
ਚਿਹਰਾ ਹੈ ਨੁਹਾਰ ਹੈ
ਮਾਂ ਪਿਉ ਨੂੰ ਬੱਚਾ
ਬੱਚੇ ਨੂੰ ਮਾਂ ਪਿਉ ਸਵੀਕਾਰ ਹੈ
ਕਿਉਂਕਿ ਦੋਵੇ
ਇਕ ਦੂਜੇ ਦਾ ਦਰਪਣ ਹਨ
ਚਿਹਰਾ ਹਨ
ਅੰਦਰ ਹਨ ਬਾਹਰ ਹਨ
ਚਾਰ ਚੁਫੇਰਾ ਹਨ

—0—

ਮਨੁੱਖ ਨੂੰ
ਆਪਣਾ ਭੂਤ ਵਰਤਮਾਨ
ਤੇ ਭੱਵਿਖ ਸਿਰਜਣ ਤੋਂ ਪਹਿਲਾਂ
ਮਨੁੱਖਤਾਂ ਅਨੁਕੂਲ
ਸਮੱਗਰੀ ਦਾ ਖ਼ਮੀਰ

ਸਿਰਜ ਲੈਣਾ ਚਾਹੀਦਾ ਹੈ
ਤਾਂ ਕਿ ਉਸ ਦੇ ਸਵੈ ਸਿਰਜੇ
ਵਸਤੂ ਸੰਸਾਰ 'ਚ
ਦੁਬਾਰਾ ਫਿਰ
ਉਹ ਕੁੱਝ ਨਾ ਉੱਗ ਪਵੇ
ਜਿਸ ਨੂੰ ਆਪਣੇ ਆਪ 'ਚੋਂ
ਮੰਨਫੀ ਕਰਨਾ ਪਵੇ
ਦੁਬਾਰਾ ਭੱਵਿਖ 'ਚੋਂ
ਭੂਤ 'ਚ ਪਰਤਣਾ ਪਵੇ

—0—

ਬੋਅ ਮਾਰਦਾ ਪਹਿਨਣ
ਤੇ ਭਾਸ਼ਾ ਨੂੰ
ਜੀਵਨ ਦੀ ਪ੍ਰਯੋਗਸ਼ਾਲਾ 'ਚ
ਪ੍ਰਯੋਗ ਕੇ
ਉਸ 'ਚੋਂ ਉਹ ਜੀਨ
ਜੋ ਪਹਿਨਣ ਤੇ ਭਾਸ਼ਾ 'ਚ
ਬੋਅ ਉਸਾਰਦੇ ਹਨ
ਉਨ੍ਹਾਂ ਨੂੰ ਭਾਸ਼ਾ ਤੇ ਪਹਿਚਣ ਦੀ
ਹੋਂਦ 'ਚੋਂ ਕੱਢ ਕੇ
ਵਿਗਿਆਨਕ ਪ੍ਰਯੋਗਸ਼ਾਲਾ 'ਚ
ਸਦਾ ਸੱਜਰੀ ਖ਼ੁਸ਼ਬੂਦਾਰ
ਭਾਸ਼ਾ ਤੇ ਪਹਿਚਣ ਦੇ ਜੀਨ
ਉਤਾਰਨੇ ਚਾਹੀਦੇ ਹਨ

—0—

ਭਾਵੇਂ ਇਹ ਜੀਣ
ਮਨੁੱਖ ਦੀ ਆਪਣੀ ਭਾਸ਼ਾ
ਆਪਣੇ ਪਹਿਨਣ ਦੇ
ਵਿਅਕਤੀਗਣ ਵਜੂਦ ਦੀ ਬਿਜਾਏ
ਕਿਸੇ ਹੋਰ ਭਾਸ਼ਾ
ਜਾਂ ਪਹਿਨਣ ਦੇ ਹੋਣ

—0—

ਬੁੱਸਿਆ ਸਮਾਂ
ਤੇ ਮਹਿਕ ਵਿਹੁਣੀਆਂ
ਪੌਣਾ ਦੀ ਦੇਹ ਨੂੰ
ਲਬਾਟਰੀ 'ਚ ਪਰਖ ਕੇ
ਪੌਣਾ ਤੇ ਸਮੇਂ ਦੇ ਵਜੂਦ
ਦੇ ਜਰਮਾ ਦਾ
ਵਿਗਿਆਨਕ ਅਧਿਅਨ
ਕਰਨ ਪਿੱਛੋਂ
ਪੌਣਾ ਤੇ ਸਮੇਂ ਦੀ ਕਾਰਜ ਪ੍ਰਣਾਲੀ 'ਚ
ਭੱਵਿਖਵਾਦੀ ਜੀਣਾ ਤੇ ਜੀਣ ਧਰਨ
ਤਾਂਕਿ ਸਮੇਂ ਤੇ ਪੌਣਾ ਦੇ ਵਜੂਦ 'ਚ
ਖ਼ੁਸ਼ਬੂਆਂ ਤੇ ਸੱਜਰਾਪਣ
ਸਦਾ ਲਈ ਰਹਿ ਸਕੇ
ਤੇ ਮਨੁੱਖ ਦੇ ਭੱਵਿਖ 'ਚ
ਨਿੰਰਤਰ ਵਹਿ ਸਕੇ

—0—

ਪੁਰਾਣੀ ਧਰਤੀ ਤੇ
ਬੁੱਢੇ ਆਸਮਾਨ ਲਈ
ਮਨੁੱਖ ਵਿਗਿਆਨਕ
ਦ੍ਰਿਸ਼ਟੀ ਕੌਣ ਤੋਂ ਸੋਚ ਕੇ
ਇਨ੍ਹਾਂ ਦੀ ਨਵੀਂ ਸਿਰਜਣਾ ਲਈ
ਵਿਗਿਆਨਕ ਤੇ ਦਾਰਸ਼ਨਿਕ
ਪਹਿਲੂਆਂ ਤੋਂ ਵਿਚਾਰੇ

—0—

ਧਰਤੀ ਦੀ ਉਤਪੱਤੀ ਦੀ
ਕਾਰਜ ਪ੍ਰਣਾਲੀ
ਵਿਗਿਆਨਕ ਪ੍ਰਯੋਗਸ਼ਾਲਾ 'ਚ
ਪਰਖੇ
ਤੇ ਬੁੱਢੇ ਆਸਮਾਂ ਦੇ

ਗਿਆਨ ਤੇ ਵਿੱਦਿਅਕ
ਖ਼ਜ਼ਾਨੇ ਤੇ ਫਲਸਫੇ ਨੂੰ
ਇਤਿਹਾਸਕ ਦ੍ਰਿਸ਼ਟੀ ਤੋਂ
ਸਮਝੇ
ਕਿਉਂਕਿ
ਜੇ ਧਰਤੀ ਉਤਪੱਤੀ ਦੀ ਮਾਂ ਹੈ
ਤਾਂ ਅੰਬਰ ਗਿਆਨ ਦਾ ਸਾਗਰ ਹੈ

—0—

ਦੋਹਾਂ ਦੀ ਦੇਹ ਦੀ ਹੋਂਦ
ਬਦਲਣ ਤੋਂ ਪਹਿਲਾਂ
ਇਨ੍ਹਾਂ ਦੀ ਹੋਂਦ ਦਾ ਸੱਚ
ਸਮਝਣਾ ਜ਼ਰੂਰੀ ਹੈ
ਇਨ੍ਹਾਂ ਦੀ ਹੋਂਦ ਦਾ ਸੱਚ
ਜਿਨ੍ਹਾਂ ਅਣੂਆਂ ਜੀਨਾ ਤੋਂ
ਬਣਿਆ ਹੈ
ਜੋ ਇਨ੍ਹਾਂ 'ਚ ਪੁਰਾਣਾਪਣ ਤੇ
ਬੁਢਾਪਾ ਉਸਾਰਦੇ ਹਨ
ਉਨ੍ਹਾਂ ਅਣੂਆਂ ਤੇ ਜੀਨਾ ਨੂੰ
ਬਦਲਣ ਦੀ ਲੋੜ ਹੈ
ਨਵੇਂ ਜੀਨਾ ਸੰਗ
ਨਵੀਂ ਧਰਤੀ ਤੇ ਨਵਾਂ ਅੰਬਰ
ਸਿਰਜਣ ਦੀ ਲੋੜ ਹੈ

—0—

ਦੁਨੀਆਂ ਦੀ ਕਿਸੇ ਵੀ
ਵਸਤੂ ਦੀ ਰੂਪ ਰੇਖਾ
ਵਜੂਦ ਸ਼ਕਲ ਨਕਸ਼
ਉਸਦੇ ਜੀਨਾ ਤੇ ਅਧਾਰਤ ਹਨ
ਜੀਨ ਉਹ ਅਕੂੰਰ ਹੈ
ਜਿਸ 'ਚੋਂ ਵਸਤੂ ਸੰਸਾਰ
ਜਾਂ ਮਨੁੱਖੀ ਸੰਸਾਰ ਦਾ

ਰੁੱਖ ਉੱਗਦਾ ਹੈ
ਆਪਣਾ ਰੰਗ ਰੂਪ ਸ਼ਕਲ
ਆਕਾਰ ਧਾਰਨ ਕਰਦਾ ਹੈ
ਇਹ ਜੀਨ ਕੋਹੜ 'ਚੋਂ ਸੁੰਦਰਤਾ
ਸੁੰਦਰਤਾ 'ਚੋਂ ਕੋਹੜ ਉੱਗਾ ਸਕਦੇ ਹਨ
ਨਵੇਂ ਸੰਸਾਰ ਨੂੰ
ਮਨੁੱਖ ਤੇ ਮਨੁੱਖਤਾ ਅਨੁਕੂਲ
ਬਣਾ ਸਕਦੇ ਹਨ

—0—

ਮਨੁੱਖ ਜੇ
ਆਪਣੇ ਅਨੁਕੂਲ ਸੰਸਾਰ
ਸਿਰਜਦਾ ਹੈ
ਤਾਂ ਮਨੁੱਖ ਨੂੰ
ਅਨੁਕੂਲ ਸੰਸਾਰ ਦੇ ਵਜੂਦ 'ਚ
ਉਨ੍ਹਾਂ ਜੀਨਾ ਦੇ ਅਕੂੰਰ
ਬੀਜਣੇ ਪੈਣਗੇ
ਜੋ ਸੰਸਾਰ ਮਨੁੱਖ ਦਾ ਸੰਕਲਪ ਹੈ

—0—

ਮਨੁੱਖ ਨੂੰ
ਆਪਣੇ ਸੋਚਣ ਦਾ ਦਾਇਰਾ ਵੀ
ਵਿਸ਼ਾਲ ਕਰਨਾ ਪਏਗਾ
ਜੇ ਉਹ ਸੰਸਾਰ ਮਨੁੱਖੀ ਹੋਂਦ 'ਚੋਂ
ਨਹੀਂ ਸਿਰਜਿਆ ਜਾਅ ਸਕਦਾ
ਤਾਂ ਸੰਕਲਪੇ ਸੰਸਾਰ ਨੂੰ
ਯਥਾਰਥਕ ਰੂਪ ਦੇਣ ਲਈ
ਇਹ ਜੀਨ
ਮਨੁੱਖੀ ਦਾਇਰੇ ਦੀ ਹੋਂਦ ਤੋਂ ਬਿਨਾਂ
ਬਾਹਰ ਲੇ ਦਾਇਰਿਆ 'ਚੋਂ ਵੀ
ਲਏ ਜਾਅ ਸਕਦੇ ਹਨ
ਜੀਵ ਜੰਤੂ ਪਸ਼ੂ ਪਖਸ਼ੀ ਪ੍ਰਕ੍ਰਿਤੀ

ਇਸ ਲਈ ਸਹਾਈ ਹੋ ਸਕਦੇ ਹਨ

—0—

ਪਰ ਉਸ ਸਿਰਜੇ ਸੰਸਾਰ ’ਚ
ਮਨੁੱਖ ਦਾ ਰਹਿਣਾ
ਸੰਭਵ ਹੋਵੇਗਾ ਕਿ ਨਹੀਂ
ਇਹ ਸਮਾਂ ਹੀ ਦੱਸੇਗਾ
ਕਿਉਂਕਿ
ਮਨੁੱਖ ਦੁਆਰਾ ਸਿਰਜਿਆ
ਸੰਸਾਰ
ਮਨੁੱਖ ਦੇ ਅਨੁਕੂਲ ਤਾਂ ਹੋ ਸਕਦਾ ਹੈ
ਪਰ ਸ਼ਰਤੀਅ ਤੌਰ ਤੇ
ਮਨੁੱਖ ਦਾ ਆਪਣਾ ਹੋ ਸਕਦਾ ਹੈ
ਕਿ ਨਹੀਂ
ਕੁੱਝ ਨਹੀਂ ਕਿਹਾ ਜਾਅ ਸਕਦਾ

—0—

ਸਿਰਜੇ ਸੰਸਾਰ ਦਾ ਵਜੂਦ
ਜੇ ਗ਼ੈਰ ਮਨੁੱਖੀ ਜੀਨਾ ਦਾ ਹੈ
ਤਾਂ ਮਨੁੱਖ ਮਹਿਸੂਸ ਕਰੇਗਾ
ਕਿ ਸੰਸਾਰ
ਉਸ ਦਾ ਆਪਣਾ ਨਹੀਂ ਲੱਗਦਾ
ਇਸ ’ਚੋਂ ਮਨੁੱਖ ਦਾ
ਆਪਣਾ ਚਿਹਰਾ ਨਹੀਂ ਦਿਸਦਾ
ਇਸ ਲਈ
ਜਿੱਥੇ ਅਨੁਕੂਲ ਸੰਸਾਰ
ਸਿਰਜਣ ਦੀ ਲੋੜ ਹੈ
ਉੱਥੇ ਮਨੁੱਖ ਨੂੰ
ਸਿਰਜੇ ਸੰਸਾਰ ਅਨੁਸਾਰ
ਢੱਲਣ ਦੀ ਵੀ ਲੋੜ ਹੈ

—0—

## ਭੂਤ ਵੱਲ ਟੁਰਦਾ ਭੱਵਿਖ

ਹਰ ਸ਼ਬਦ ਤਿੜਕਿਆ ਹੈ
ਹਰ ਅਰਥ ਸੁੰਘੜਿਆ ਹੈ
ਹਰ ਸੰਕਲਪ ਨੇ ਸ਼ਬਦ ਤੇ
ਅਰਥ ਰਿੜਕਿਆ ਹੈ
ਕੁੱਝ ਵੀ
ਸਮੇਂ ਦੇ ਹਾਣ ਦਾ ਨਹੀਂ
ਨਜ਼ਰ ਆਇਆ
ਜ਼ਿੰਦਗੀ 'ਚ
ਮਨੁੱਖ ਨੇ ਕੁੱਝ ਨਹੀਂ ਪਾਇਆ
ਜ਼ਿੰਦਗੀ ਦੇ ਸਫਰ 'ਚ
ਮਨੁੱਖ ਨੇ ਗਵਾਇਆ ਹੀ
ਗਵਾਇਆ ਹੈ

—0—

ਹਰ ਸੰਕਲਪ ਦੀ
ਹਰ ਸ਼ਬਦ ਦੀ
ਹਰ ਅਰਥ ਦੀ ਪਿੱਠ
ਚਿਹਰੇ ਤੇ ਉੱਗ ਆਈ ਹੈ
ਚਿਹਰਾ ਪਿੱਠ 'ਚੋਂ ਝਾਕਦਾ ਹੈ
ਭੱਵਿਖ ਦਾ ਭੂਤ ਹੋ ਗਿਆ ਹੈ
ਭੂਤ ਦਾ ਭੱਵਿਖ ਹੋ ਗਿਆ ਹੈ
ਅਰਥ ਸੁੰਘੜ ਦਾ ਸੁੰਘੜ ਦਾ
ਆਪਣੇ 'ਚੋਂ
ਮੰਨਫੀ ਹੋ ਗਿਆ ਹੈ
ਸ਼ਬਦ ਤਿੜਕਦਾ ਤਿੜਕਦਾ
ਆਪਣੇ ਅੰਗਾਂ ਤੇ ਨਕਸ਼ਾ 'ਚ
ਗੁਆਚ ਗਿਆ ਹੈ
ਸੰਕਲਪ ਭੁਰਦਾ ਭੁਰਦਾ
ਆਪਣੇ ਅੰਬਰ ਤੋਂ ਮਿੱਟ
ਗਿਆ ਹੈ

—0—

ਸਾਗਰ ਨਦੀਆਂ
ਦਰਿਆਵਾਂ ’ਚ ਉਤਰ ਰਹੇ ਹਨ
ਹਵਾ ਅੰਤ ਤੋਂ ਆਦਿ ਵੱਲ
ਵਗ ਰਹੀ ਹੈ
ਸਮਾਂ ਭੱਵਿਖ ਤੋਂ ਭੂਤ ਦੀ
ਦਿਸ਼ਾ ’ਚ ਹੈ
ਮੌਸਮ ਬਹਾਰਾ ਰੁੱਤਾਂ
ਉਜਾੜਾ ਪਤਝੜਾ ਉਦਾਸੀਆਂ
’ਚ ਉਤਰ
ਗੁਲਸ਼ਨ ’ਚੋਂ ਆਲੋਪ ਹਨ

—0—

ਹਰ ਵਸਤੂ
ਆਪਣੀ ਜੜ੍ਹ ’ਚ ਸਿਮਟ ਰਹੀ ਹੈ
ਆਪਣੇ ਸ਼ਬਦ ਅਰਥ
ਸੰਕਲਪ ਦੀ ਭਾਲ ’ਚ ਨਿਕਲ ਪਈ ਹੈ
ਜੋ ਉਸਦੇ ਦੀ ਭਾਲ ’ਚੋਂ ਮੰਨਫੀ ਹੈ
ਉਸ ਦੀ ਜੜ੍ਹ ’ਚ ਰਹਿ ਗਿਆ ਹੈ
ਆਦਿ ਤੋਂ ਅੰਤ ਦੇ ਸਫਰ ਦੀ
ਸਮੱਗਰੀ ਦਾ ਅਰਥਹੀਣ ਰੁੱਖ
ਭੱਵਿਖ ’ਚ ਉੱਗ ਪਿਆ ਹੈ

—0—

ਦੁਨੀਆਂ ’ਚ ਕੋਈ ਮਨੁੱਖ ਨਹੀਂ
ਜੰਗਲ ’ਚ ਕੋਈ ਰੁੱਖ ਨਹੀਂ
ਪਹਾੜ ਦੀ ਕੋਈ ਸਿਖ਼ਰ ਨਹੀਂ
ਅਕਾਸ਼ ’ਚ
ਕੋਈ ਸੂਰਜ ਤਾਰਾ ਨਹੀਂ
ਧਰਤ ’ਚ ਉਤਪੱਤੀ ਦਾ
ਕੋਈ ਵਜੂਦ ਨਹੀਂ
ਜੋ ਅਰਥਹੀਣਤਾ ਦੀ ਜੂੰਨ

ਨਾ ਹੰਢਾਅ ਰਿਹਾ ਹੋਵੇ
ਭੱਵਿਖ ਦੀ ਅਸੰਤੁਸ਼ਟਤਾ 'ਚ
ਵਿਚਰਦਾ ਮਨੁੱਖ
ਭੂਤ 'ਚ ਸਿਮਟਦਾ ਜਾਅ ਰਿਹਾ ਹੈ

—0—

ਕੀ ਹੋ ਗਿਆ ਹੈ
ਦੁਨੀਆਂ ਨੂੰ ਮਨੁੱਖ ਨੂੰ
ਮਨੁੱਖਤਾ ਨੂੰ
ਜਿਸ 'ਚ ਜੀਵਨ ਨਹੀਂ
ਜੀਵਨ ਦਾ ਭਰਮ ਹੈ
ਸ੍ਰਿਸ਼ਟੀ ਦੇ ਵਿਕਾਸ ਦਾ
ਭੂਤ ਤੋਂ ਭੱਵਿਖ ਤੱਕ ਦਾ
ਅਰਥਹੀਣ ਸਫਰ ਹੈ
ਜ਼ਿੰਦਗੀ
ਆਪਣੇ ਤੋਂ ਆਪਣੀ ਕੁੰਜ ਉਤਾਰ
ਆਪਣੇ ਨਵੇਂ ਜੀਵਨ ਧਰਾਤਲ
ਦੀ ਤਲਾਸ 'ਚ
ਆਪਣੇ ਆਦਿ ਵਲ ਪਰਤ ਰਹੀ ਹੈ

—0—

ਜੀਵਨ ਹੋਂਦ ਦਾ ਸੱਚ
ਆਪਣੇ ਵਿਚਰਨ ਧਰਾਤਲ
ਦਾ ਰਾਹ ਤਿਆਗ
ਨਵਾਂ ਵਿਚਰਨ ਧਰਾਤਲ
ਤੇ ਵਿਕਾਸ ਦੇ ਰਾਹ ਸਿਰਜਣ 'ਚ
ਰੁੱਝ ਗਿਆ ਹੈ
ਆਪਣੇ ਆਪ ਨੂੰ ਛਾਣ ਪੁੰਣ
ਰਿਹਾ ਹੈ
ਦੁਆਰਾ ਉੱਗਣ ਲਈ
ਆਪਣਾ ਆਪ ਬੀਜ ਰਿਹਾ ਹੈ

—0—

ਅਜੋਕੇ ਭੱਵਿਖ 'ਚ
ਜਦ ਮਨੁੱਖੀ ਚੇਤਨਾ
ਭੂਤ ਵਲ ਨਜ਼ਰ ਮਾਰਦੀ ਹੈ
ਤਾਂ ਉਸ ਨੂੰ ਲੱਗਦਾ ਹੈ
ਉਹ ਜਿੱਥੋਂ ਟੁਰੀ ਸੀ
ਉੱਥੇ ਹੀ ਖੜੀ ਹੈ
ਜੋ ਵਿਗਿਆਨ ਤੇ ਗਿਆਨ
ਦਾ ਸਫਰ ਕੀਤਾ ਹੈ
ਉਹ ਅਰਥਹੀਣ ਹੈ
ਪ੍ਰਯੋਜਨ ਰਹਿਤ ਹੈ
ਉਸ ਸਾਰੇ ਸਫਰ 'ਚ
ਮਨੁੱਖ ਦਾ ਚਿਹਰਾ ਅੰਗ
ਨਕਸ਼ ਤਾਂ ਹਨ
ਪਰ ਸਾਲਮ ਮਨੁੱਖ ਕਿਤੇ ਨਹੀਂ
ਮਨੁੱਖ ਦਾ ਅਸਲ ਸੱਚ ਕਿਤੇ ਨਹੀਂ
ਅਸਲ ਸੱਚ ਦਾ ਮਨੁੱਖ ਕਿਤੇ ਨਹੀਂ
ਅਸਲ ਮਨੁੱਖ ਹੈ ਹੀ ਕਿਤੇ ਨਹੀਂ

—0—

ਮਨੁੱਖ ਆਪਣੇ ਬੀਜ 'ਚ ਉਤਰ
ਗਿਆ ਹੈ
ਆਪਣਾ ਆਪ
ਦੁਆਰਾ ਉੱਗਾਉਣ ਲਈ
ਆਪਣੇ ਅਨੁਕੂਲ ਤੇ
ਸਮੇਂ ਦੇ ਹਾਣ ਦਾ ਭੱਵਿਖ
ਸਿਰਜਣ ਲਈ

—0—

ਮਨੁੱਖ ਦਾ ਅਰਥ ਵਿਕਾਸ
ਹੋਵੇ
ਭੱਵਿਖ 'ਚੋਂ ਭੂਤ ਨਾ ਦਿੱਸੇ
ਭੱਵਿਖ ਦਾ ਚਿਹਰਾ ਹੀ

ਭੱਵਿਖ ਦੇ ਪਾਸ ਹੋਵੇ
ਅਰਥ ਭਰਪੂਰ ਉੱਗਿਆ
ਮਨੁੱਖ ਦਾ ਰੁੱਖ ਹੋਵੇ
ਜਿਸ ਦਾ ਛੱਜਰ ਸਾਕੂੰਨ ਦਾ
ਜੜ੍ਹਾਂ 'ਚ ਸੁੱਖ ਦੀ ਧਰਤ ਹੋਵੇ
ਸੂਰਜਾਂ ਚੰਨਾਂ ਤਾਰਿਆ ਦੇ
ਹਜੂਮ ਪੱਤਿਆ ਦੇ
ਵੱਖ-ਵੱਖ ਰੰਗਾਂ ਤੇ ਬੋਲੀਆਂ ਦੇ
ਪੰਛੀਆਂ ਦਾ
ਟਹਿਣੀਆਂ ਤੇ ਬਸਰ ਹੋਵੇ
ਸੱਚ ਸੁੰਦਰਤਾ ਤੇ ਕਲਿਆਣ ਦਾ
ਉਸ ਰੁੱਖ ਤੇ ਡੇਰਾ ਹੋਵੇ
ਭੱਵਿਖ-ਭੱਵਿਖ 'ਚ
ਉਤਰਦਾ ਚਲਾ ਜਾਵੇ
ਮਨੁੱਖ-ਮਨੁੱਖਤਾ ਦਾ ਸੱਚ ਕਹਾਵੇ
ਭੂਤ 'ਚੋਂ ਐਸਾ ਭੱਵਿਖ ਸਿਰਜੇ
ਕਿ ਮਨੁੱਖੀ ਚੇਤਨਾ
ਫਿਰ ਕਦੀ ਭੱਵਿਖ ਤੋਂ
ਨਾ ਭੂਤ ਦਾ ਸਫਰ ਹੰਢਾਵੇ

—0—

# ਮਨੁੱਖ ਤੇ ਥਲ

ਮੈਂ ਆਪਣੇ ਜਲ ਤੇ ਟੁਰਦਾ ਹਾਂ
ਜਲ ਦੇ ਥਲ ਤੋਂ ਡਰਦਾ ਹਾਂ
ਕਿਉਂਕਿ ਮੈਂ
ਜੀਵਨ ਥਲ ਦਾ ਆਦੀ ਨਹੀਂ
ਜਲ ਦਾ ਜੀਵ ਹਾਂ
ਥਲ ਦੀ ਅਬਾਦੀ ਨਹੀਂ

—0—

ਜਲ ਵਿਚਲਾ ਥਲ
ਮਨੁੱਖੀ ਜੀਵਨ ਤੋਂ
ਬਾਅਦ ਮਹਿਸੂਸ ਹੁੰਦਾ ਹੈ
ਆਦਮੀ
ਜਦ ਮੌਤ ਦਾ ਥਲ ਤਰਦਾ ਹੈ
ਜੀਵਨ 'ਚ
ਮੌਤ ਦੇ ਥਲ ਤੋਂ ਅਣਜਾਣ ਹੈ
ਜੀਵਨ ਥਲ ਦੀ
ਕਬਰ 'ਚ ਸੁੱਤੀ
ਜ਼ਿੰਦਗੀ ਪਹਿਚਾਣ ਹੈ

—0—

ਥਲ ਦੀ ਆਪਣੀ ਦੁਨੀਆਂ ਹੈ
ਆਪਣੀ ਪ੍ਰਕ੍ਰਿਤੀ
ਸ਼੍ਰਿਸ਼ਟੀ ਤੇ ਦ੍ਰਿਸ਼ਟੀ ਹੈ
ਥਲ 'ਚ ਜੀਵਨ ਹੈ
ਥਲ ਜੀਵਨ ਦਾ ਆਪਣਾ
ਸ਼ਬਦ ਹੈ
ਆਪਣਾ ਅਰਥ ਹੈ
ਥਲ 'ਚ ਜਲ ਦਾ ਸੱਚ ਹੈ
ਥਲ ਹਰਿਆਵਲ ਦਾ ਸਾਗਰ ਨਹੀਂ
ਨਿੱਘ ਸੇਕ ਤੇ ਤਪਸ ਦੀ ਨਗਰੀ ਹੈ

ਜੀਵ ਜੰਤੂਆਂ ਦਾ ਵਸੇਰਾ ਹੈ
ਪਸ਼ੂ ਪਖਸ਼ੀ
ਜੋ ਥਲ 'ਚ ਰਹਿਣ ਦੇ ਆਦੀ ਹਨ
ਥਲ ਦੀ ਅਬਾਦੀ ਹਨ

—0—

ਮਨੁੱਖ
ਉਮਰ ਦਾ ਜਲ ਜਿਉਂਦਾ ਹੈ
ਹਰਿਆਉਲ ਸੰਕਲਪਦਾ ਹੈ
ਛਾਂਵਾਂ ਹੰਢਾਉਂਦਾ ਹੈ
ਨਦੀਆਂ ਤੇ ਦਰਿਆਵਾਂ ਨੂੰ
ਤਰਦਾ ਹੈ
ਅਕਾਸ਼ ਤੇ ਉੱਡਦਾ ਹੈ
ਸਮੁੰਦਰ 'ਚ ਠਹਿਰਦਾ ਹੈ
ਜਲ ਦਾ ਸੱਚ ਥਲ
ਮਨੁੱਖ ਭੁੱਲ ਜਾਂਦਾ ਹੈ
ਜੀਵਨ ਦਾ ਸੱਚ ਮੌਤ ਵਿਸਾਰ
ਦਿੰਦਾ ਹੈ
ਮਨੁੱਖ ਆਪਣੇ ਆਪ ਨੂੰ
ਜ਼ਿੰਦਗੀ ਦੀ ਰਫਤਾਰ ਨਾਲ
ਟੋਰਦਾ ਹੈ
ਜੀਵਨ ਦੌੜ 'ਚ ਗੁੰਮ ਜਾਂਦਾ ਹੈ
ਆਪਣਾ ਸੱਚ ਭੁੱਲ ਜਾਂਦਾ ਹੈ

—0—

ਜਲ ਨਾ ਜੀਵਨ ਦਾ
ਨਾ ਮਨੁੱਖ ਦਾ ਸੱਚ ਹੈ
ਮਨੁੱਖ ਦਾ ਸੱਚ ਵਰਤਮਾਨ ਨਹੀਂ
ਆਉਣ ਵਾਲਾ ਕੱਲ੍ਹ ਹੈ
ਜਿਸ ਵਿੱਚ
ਮਨੁੱਖੀ ਜੀਵਨ ਦੀ ਕਬਰ ਹੈ

ਜਲ ਦਾ ਸੱਚ ਥਲ ਹੈ

—0—

ਥਲ ਵੀ
ਮਨੁੱਖੀ ਜਲ ਦੇ ਵਿਚਕਾਰ ਹੈ
ਜੇ ਮਨੁੱਖ ਜੀਵਨ ਜਿਉਂਦਾ
ਜਲ ਜਿਉਂਦਾ
ਥਲ ਜਿਉਣ ਤੇ ਜੀਉਦਿਆਂ
ਮਰਨ ਦਾ ਅਹਿਸਾਸ ਕਰ ਲਵੇ
ਥਲ ਦਾ ਮਾਹੌਲ
ਜੀਵਨ 'ਚ ਉਤਾਰ ਲਏ
ਆਪਣਾ ਆਪ
ਥਲ ਤੇ ਕਬਰ ਅਨੁਸਾਰ
ਢਾਲ ਲਵੇ
ਮਾਨਸਿਕ ਤੌਰ ਤੇ ਥਲ
ਸਰੀਰਕ ਤੌਰ ਤੇ ਜਲ
ਜਿਉਂਦਾ ਮਨੁੱਖ
ਜੀਵਨ ਜਲ ਦਾ ਪਿੰਡਾਂ
ਹੋਰ ਵੀ ਸਵਾਰ ਸਕਦਾ ਹੈ
ਜੀਵਨ 'ਚ
ਸੂਰਜ ਬੀਜ ਸਕਦਾ ਹੈ
ਕਿਰਨਾ ਉਤਾਰ ਸਕਦਾ ਹੈ

—0—

ਥਲ ਹਰਿਆਉਲੀ ਧਰਤ ਦਾ
ਸੱਚ ਹੈ
ਥਲ ਦੀ ਤਪਸ਼ ਛਾਂਵਾਂ ਦੀ ਕੁੱਖ ਹੈ
ਥਲ ਦਾ ਸੇਕ ਹੀ ਠੰਡਕ ਦੀ ਜੜ੍ਹ ਹੈ
ਥਲ ਦਾ ਸੋਕਾ
ਜਲ ਦਾ ਰਸ ਹੈ

ਜਲ ਦਾ ਆਦਿ ਵੀ ਥਲ ਹੈ
ਅੰਤ ਵੀ ਥਲ ਹੈ
—0—
ਮਨੁੱਖ
ਉਮਰ ਦੇ ਜਲ ਦਾ ਵਰਤਮਾਨ
ਜਿਉਂਦਾ ਹੈ
ਵਰਤਮਾਨ ਨੂੰ
ਆਪਣਾ ਸੱਚ ਸਮਝਦਾ ਹੈ
ਨਾ ਆਪਣੇ ਆਪ 'ਚ
ਉਤਰਦਾ ਹੈ
ਨਾ ਆਪਣੇ ਆਪ ਨਾਲ
ਬਹਿੰਦਾ ਹੈ
ਆਪਣਾ ਸੱਚ ਜਾਣਦਾ ਵੀ
ਨਾ ਆਪਣੀ ਜੜ੍ਹ 'ਚ ਵਿਚਰਦਾ ਹੈ
ਨਾ ਆਪਣਾ ਅੰਤ ਹੀ
ਸਵੀਕਾਰਦਾ ਹੈ
—0—

ਪਤਾ ਹੈ
ਜੋ ਜਨਮਦਾ ਹੈ ਬਿੰਨਸਦਾ ਹੈ
ਬਿੰਨਸਨਾ ਹੀ ਜੀਵਨ ਦਾ ਸੱਚ ਹੈ
ਸੁੰਤਤਰਤਾ ਹੈ
ਜਿਸ ਦਾ ਅਹਿਸਾਸ
ਮਨੁੱਖ ਜੀਉਂਦੇ ਜੀਅ ਕਰ
ਸਕਦਾ ਹੈ
ਮਰ ਜੀਵੜਾ ਹੋ ਕੇ
ਬਿੰਨਸਨ ਦਾ ਅਹਿਸਾਸ
ਹੰਢਾਅ ਸਕਦਾ ਹੈ
ਆਪਣੀ ਮਾਨਸਿਕਤਾ 'ਚ
ਜੀਅ ਸਕਦਾ ਹੈ

ਆਪਣੀ ਦੇਹ 'ਚ ਉਤਾਰ
ਸਕਦਾ ਹੈ

—0—

ਜੀਵਨ
ਬੰਦਸ਼ ਹੈ ਅਜ਼ਾਦੀ ਨਹੀਂ
ਮਨੁੱਖ ਬੰਦਸ਼ ਨੂੰ ਹੀ
ਅਜ਼ਾਦੀ ਸਮਝ ਬੈਠਾ ਹੈ
ਦੇਹ ਦੇ ਸੱਚ ਤੋਂ ਅਣਜਾਣ ਹੈ
ਪ੍ਰਛਾਵਿਆਂ ਦਾ ਭਰਮ
ਜੀਅ ਰਿਹਾ ਹੈ
ਉਮਰ ਨਾਲੋਂ ਮਨੁੱਖ ਦੀ
ਜਿਉਣ ਦੀ ਆਸ ਲੰਮੇਰੀ ਹੈ
ਉਮਰ ਬੇਸ਼ਕ ਸੁਆਸ ਦੋ ਸੁਆਸ ਹੈ
ਯੁੱਗ ਜਿੱਡੀ ਲੰਮੇਰੀ
ਮਨੁੱਖ ਦੀ ਉਮਰ ਦੀ ਆਸ ਹੈ
ਲੰਮੇਰਾਪਣ
ਉਮਰ ਦਾ ਸੰਕਲਪ ਹੈ
ਉਮਰ ਤਾਂ
ਮੌਤ ਦੇ ਪਲ ਦਾ ਅਹਿਸਾਸ ਹੈ
ਉਮਰ ਦਾ ਕੀ
ਜੋ ਕੱਲ੍ਹ ਨਹੀਂ ਅੱਜ ਪਾਸ ਹੈ

—0—

ਜਲ ਦਾ ਸੱਚ ਜਾਣਨ ਲਈ
ਮਨੁੱਖ ਨੂੰ
ਜਲ ਵਿਚਲਾ ਥਲ ਜਿਉਣਾ
ਪਏਗਾ
ਮਰਜੀਵੜਾ ਹੋਣਾ ਪਏਗਾ
ਜਲ ਜੀਉਂਦੇ ਵੀ
ਪਲ-ਪਲ ਮਰਨਾ ਪਏਗਾ

ਜੀਵਨ ਦੇ ਹਰ ਪਲ 'ਚ
ਮੌਤ ਨੂੰ ਯਾਦ ਕਰਨਾ ਪਏਗਾ
ਤਾਂ ਹੀ ਜਲ ਜਿਉਂਦਾ
ਜਲ ਦਾ ਸੱਚ ਹੰਢਾਅ ਸਕਦਾ ਹੈ
ਆਦਮੀ
ਆਪਣੇ ਸੱਚ ਨੂੰ ਪਾਅ ਸਕਦਾ ਹੈ
ਆਦਮੀ

—0—

## ਦੋ ਨੈਣ

ਉਹ ਜੋਗੀ
ਜੰਗਲ 'ਚੋਂ ਸ਼ਹਿਰ 'ਚ
ਭਿੱਖਸ਼ਾ ਮੰਗਣ ਆਇਆ
ਭਿੱਖਸ਼ਾ ਮੰਗਦਾ ਮੰਗਦਾ
ਜੋਗੀ
ਭੀੜਾ ਭਰੇ ਬਜ਼ਾਰੀ ਉਤਰ
ਆਇਆ

—0—

ਉਸ ਨੂੰ
ਸੁੰਦਰ ਸਰੀਰਾਂ ਦੀ ਮਹਿਕ ਆਈ
ਜੋ ਜੋਗੀ ਦੇ ਸਾਹਾਂ ਵਿੱਚ ਸਮਾਈ
ਸੂਰਜੀ ਨਜ਼ਰਾਂ ਦੀਆਂ ਕਿਰਨਾ
ਉਸਦੇ ਪਿੰਡੇ 'ਚੋਂ ਗੁਜਰੀਆਂ
ਮਾਨ ਸਰੋਵਰ ਦੇ ਕਿਨਾਰੇ
ਜਿਉਂ ਡਾਰਾਂ ਪਰੀਆਂ ਦੀਆਂ
ਉਤਰੀਆਂ
ਮੋਮੀ ਬੁੱਤਾ ਦੇ ਅੰਗ ਤੇ ਨਕਸ਼
ਜੋਗੀ ਦੇ ਮੱਥੇ 'ਚ ਠਣਕੇ
ਸੁੰਨ ਹੋਇਆ ਜੋਗੀ
ਤੇ ਸਵਾਸ ਗਏ ਅਟਕੇ

—0—

ਭੀੜਾਂ 'ਚ ਕੂਕਦੀਆਂ ਕੋਇਲਾਂ ਦੀ ਸੁਰ
ਉਸਦੇ ਕੰਨਾਂ ਦੀ ਰਸਨਾ ਬਣੀ
ਜੋਗੀ ਨੂੰ ਕਾਂਬਾ ਛਿੜਿਆ
ਤੇ ਰੂਹ ਠਰੀ
ਗਿੱਠ ਗਿੱਠ ਲੰਬੀਆਂ ਧੌਣਾ 'ਚੋਂ
ਜੋਗੀ ਨੂੰ ਪਾਣੀ ਦੀ ਗਤੀ
ਨਜ਼ਰ ਆਈ
ਜੋਗੀ ਨੇ ਮਨ ਵਿੱਚ ਜਗਦੀ

ਪ੍ਰੇਮ ਦੀ ਜੋਤੀ ਪਾਈ

—0—

ਉਹ ਕਈ ਵਾਰ ਤਿਲਕਣਾ ਚਾਹੁੰਦਾ
ਪਰ ਉਸਦੀ ਪਿੱਠ ਪਿੱਛੇ ਉੱਗੇ
ਸੰਨਿਆਸੀ ਜੰਗਲ ਦੀਆਂ ਅੱਖਾਂ
ਉਸ ਨੂੰ ਸੰਭਾਲ ਦੀਆਂ
ਹਨੇਰਿਆਂ 'ਚ ਟੁਰਦੇ ਜੋਗੀ
ਚਿਰਾਗ ਮਸਤਕ ਦਾ ਬਾਲਿਆ
ਮੋਹ ਮਾਇਆ ਦੀ ਨਗਰੀ 'ਚੋਂ
ਗੁਜ਼ਰਦਿਆ
ਜੋਗੀ ਅੰਦਰ
ਨਿਰਲੇਪ ਕੰਵਲ ਬਣ ਕੇ ਰਹਿਣ ਦਾ
ਅਨੁਭਵ ਜਾਗਿਆ
ਜੋਗੀ ਕਦੀ ਕੰਵਲ ਸੰਕਲਪ ਦਾ
ਕਦੀ ਸੁੰਦਰ ਝੀਲਾਂ ਦੀਆਂ
ਦੇਹਾ ਤਰਦਾ
ਆਪਣੇ ਸੰਨਿਆਸ ਦੇ ਸਹਾਰੇ
ਮੋਹ ਦੇ ਦਰਿਆ 'ਚੋਂ ਗੁਜਰਦਾ

—0—

ਜੋਗੀ ਜਦ ਬਜ਼ਾਰ ਦੇ ਅੱਧ 'ਚ
ਗਿਆ
ਘੁੰਗਰੂਆਂ ਦੇ ਅਲਾਹੀ
ਸੁਰਾਂ ਦਾ ਅਲਾਪ
ਉਸਦੇ ਕੰਨੀ ਪਿਆ
ਉਸਨੇ ਨਜ਼ਰਾ ਉਠਾ ਕੇ ਵੇਖਿਆ
ਜਿਧਰੋਂ ਸੁਰਾਂ ਦੀ ਅਵਾਜ਼ ਤੇ
ਮਹਿਕ ਆਉਂਦੀ ਸੀ
ਉਸ ਨੂੰ ਲੱਗਾ
ਜਿਵੇਂ ਕੋਈ ਸੱਜਰੀ ਸਵੇਰ
ਕਿਰਨਾ 'ਚ ਨਹਾਉਂਦੀ ਸੀ

ਸ਼ਬਦ ਦਾ ਵਾਕ ਲੈਂਦੀ ਸੀ
ਆਰਤੀ ਸੂਰਜਾਂ ਦੀ ਗਾਉਂਦੀ ਸੀ

—0—

ਜੋਗੀ ਨੂੰ
ਬੜੀ ਹੀ ਦਿਲਕਸ਼ ਕਿਸਮ ਦੀ
ਮਹਿਕ ਆਈ
ਜਿਵੇਂ ਚੰਦਨ ਦੀ ਦੇਹ
ਕਿਸੇ ਨਾਗਨ ਧੁਖਾਈ
ਆਉਂਦੀ ਮਹਿਕ ਵੱਲ
ਜੋਗੀ ਨੇ ਨਜ਼ਰ ਘੁੰਮਾਈ
ਚੌਂਬਾਰੇ ਦੀ ਖੁੱਲੀ ਬਾਰੀ 'ਚੋਂ
ਉਸ ਨੂੰ ਚੰਨ ਦਾ ਟੁੱਕੜਾ
ਨਜ਼ਰੀ ਆਇਆ
ਜਿੱਥੇ ਬਲੌਰੀ ਨੈਣਾਂ ਨੇ
ਨਿਮੰਤਰਨ ਦਾ ਦੀਪ
ਜੋਗੀ ਦੇ ਮੱਥੇ 'ਚ ਜਗਾਇਆ
ਜੋਗੀ ਦੇ ਨੈਣ ਬਲੇ
ਰੁਗ ਕਲੇਜੇ ਦਾ ਭਰ ਆਇਆ

—0—

ਇਕ ਅੱਗ ਦਾ ਦਰਿਆ
ਜੋਗੀ ਨੂੰ ਤਰਨ ਦਾ ਇਸ਼ਾਰਾ
ਕਰ ਗਿਆ
ਦੋ ਨੈਣ ਜੋਗੀ ਦਾ ਜਿਸਮ ਚੀਰ
ਜੋਗੀ ਦੀ ਰੂਹ 'ਚ ਉਤਰ ਗਏ
ਜੋਗੀ ਦੇ ਪੈਰ
ਅਗਲਾ ਕਦਮ ਪੁੱਟਣਾ ਭੁੱਲ ਗਏ
ਜੋਗੀ ਮੁੜਿਆ
ਤੇ ਨੈਣਾ ਦੇ ਰਾਹ ਤੇ ਟੁਰ ਪਿਆ
ਪੱਥਰ ਦਾ ਬੁੱਤ ਕੋਈ
ਨੈਣਾਂ ਦੀ ਗਰਮੀ 'ਚ ਪਿੱਘਲ ਗਿਆ

—0—

ਚੌਬਾਰੇ ਦੀਆਂ ਪਾਉੜੀਆਂ ਚੜਦਾ
ਜੋਗੀ ਜਦ
ਆਖਰੀ ਪਾਉੜੀ ਤੇ ਪੁਜਾ
ਤਾਂ ਉਸਦੀ ਪਿੱਠ ਤੇ ਉੱਗੇ
ਸੰਨਿਆਸੀ ਜੰਗਲ ਨੇ ਪੁਕਾਰਿਆ
ਰੁੱਕ ਜਾਅ
ਕਿਉਂ ਆਪਣੇ ਸੱਚ ਦੀ ਆਹੂਤੀ
ਝੂਠੀ ਦੁਨੀਆਂ ਦੇ
ਰੰਗ ਰੂਪ ਲਈ ਹੈ ਚਾੜ੍ਹਦਾ
ਕਿਉਂ ਆਪਣੇ ਸਵਰਗ 'ਚ ਹੈ
ਨਰਕ ਉਤਾਰਦਾ
ਕਿਉਂ ਹਵਸ ਦੀ ਅੱਗ 'ਚ
ਆਪਣੀ ਕੁੰਦਨ ਦੇਹ ਹੈ ਸਾੜਦਾ
ਕਿਉਂ ਆਪਣਾ ਜੋਗੀਆਂ ਹੈ ਦਾਗ਼ ਦਾ

—0—

ਜੋਗੀ ਪਾਉਂੜੀਆਂ
ਹੇਠਾਂ ਉਤਰ ਗਿਆ
ਪਰ ਮਨ ਦੀ ਲਗਨ ਤੇ
ਰੂਹ ਦੀ ਅਵਾਜ਼ ਨੇ
ਜੋਗੀ ਦਾ ਪਿੱਛਾ ਨਾ ਛੱਡਿਆ
ਉਹ ਕਈ ਵਾਰੀ
ਪਾਉਂੜੀਆਂ ਚੜ੍ਹਿਆਂ ਤੇ ਉਤਰਿਆ
ਸੁੰਦਰਤਾ ਦੇ ਆਸਮਾਨ ਤੇ
ਸੰਨਿਆਸ ਦੇ ਜੰਗਲ 'ਚ
ਜੋਗੀ ਸੀ ਲਟਕਿਆ

—0—

ਜੋਗੀ ਨੂੰ ਲੱਗਿਆ
ਹੁਣ ਵਾਪਿਸ ਆਸ਼ਰਮ 'ਚ
ਜਾਣਾ

ਰੱਬ ਦੇ ਦੁਆਰ ਤੋਂ ਹੈ ਮੁੜਣਾ
ਤੇ ਹੈ ਫਿਰ ਸਾਰੀ ਉਮਰ ਦਾ
ਝੂਰਨਾ
ਦੋ ਨੈਣ
ਜੋ ਜੋਗੀ ਦੀ ਰੂਹ 'ਚ ਉਤਰੇ ਸਨ
ਉਨ੍ਹਾਂ ਜੋਗੀ ਦੀ ਰੂਹ 'ਚ
ਲੱਖਾਂ ਸੂਰਜਾਂ ਦਾ ਚਾਨਣ ਧਰ ਦਿੱਤਾ
ਜੋਗੀ ਦੀ ਰੂਹ 'ਚ ਉਹ ਨੈਣ ਕੀ ਉਤਰੇ
ਜੋਗੀ ਦੇ ਜਿਸਮ 'ਚ
ਰੱਬੀ ਨੂਰ ਦਾ ਚਾਨਣ ਕਰ ਦਿੱਤਾ
ਜੋਗੀ ਨੂੰ ਲੱਗਿਆ
ਇਨ੍ਹਾਂ ਨੈਣਾਂ 'ਚ ਰੱਬੀ ਨੂਰ ਹੈ
ਰੱਬ ਨਹੀਂ ਦੂਰ
ਜੋਗੀ ਹੀ ਹੁਣ ਰੱਬ ਤੋਂ ਦੂਰ ਹੈ

—0—

ਜੋਗੀ ਪਰਤਿਆਂ
ਤੇ ਚੌਬਾਰੇ ਦੀਆਂ ਪਾਉਂੜੀਆਂ
ਚੜ੍ਹ ਗਿਆ
ਜੋਗੀ ਚੰਨ ਦੇ ਟੁੱਕੜੇ ਲਈ
ਰੱਬੀ ਨੂਰ ਦੇ ਦਰ ਤੇ ਆ ਗਿਆ

—0—

ਜੋ ਕੋਠਾ ਵੈਸ਼ੀਆਂ ਦਾ ਚਕਲਾ
ਕਹਾਉਂਦਾ ਸੀ
ਜੋਗੀ ਨੇ ਚਕਲੇ ਨੂੰ ਹੀ
ਆਪਣਾ ਮੰਦਿਰ ਬਣਾ ਲਿਆ
ਤੇ ਉਸ ਸੰਗਮਰਮਰੀ ਚੰਨ
ਦੇ ਟੁੱਕੜੇ 'ਚੋਂ
ਆਪਣਾ ਰੱਬ ਪਾਅ ਲਿਆ

—0—

ਇਨਸਾਨੀਅਤ ਦੀ ਦੁਨੀਆਂ 'ਚ

ਅੱਜ ਉਹ ਚਕਲਾ
ਨੈਣ ਸਰ ਤੀਰਥ ਅਖਵਾਉਂਦਾ ਹੈ
ਜੋ ਵੀ ਉਸਦੇ ਦਰਸ਼ਨ ਨੂੰ ਜਾਂਦਾ ਹੈ
ਜਿਉਂਦੇ ਜੀਅ ਮੁਕਤੀ ਪਾਉਂਦਾ ਹੈ

—0—

## ਕੈਦ

ਉਸ ਆਪਣਾ ਸਿਰ
ਕੈਦ ਦੀਆਂ ਕੰਧਾਂ 'ਚ ਮਾਰਿਆ
ਆਪਣਾ ਆਪ ਮਿਟਾ ਲਿਆ
ਤੇ ਆਪਣੀ ਦੇਹ ਦੀ ਕੈਦ ਤੋਂ
ਛੁਟਕਾਰਾ ਪਾਅ ਲਿਆ

—0—

ਉਸਦੀ ਕੈਦ 'ਚ
ਉਸ ਦਾ ਆਪਣਾ ਚਿਹਰਾ ਹੀ
ਹਰ ਦੀਵਾਰ ਤੇ ਲਟਕਿਆ ਸੀ
ਉਸ ਦੀਆਂ ਆਪਣੀਆਂ ਅੱਖਾਂ ਹੀ
ਉਸ ਨੂੰ ਝਾਕਦੀਆਂ ਸਨ
ਉਸਦੇ ਆਪਣੇ ਹੀ ਸਾਹ
ਉਸਦੀ ਦੇਹ ਦੀ ਕੈਦ ਕੱਟ ਰਹੇ
ਸਨ
ਉਸਦੇ ਆਪਣੇ ਹੀ ਕੰਨ
ਉਸਦੇ ਦਿਲ ਦੀ ਧੜਕਣ
ਸੁਣ ਰਹੇ ਸਨ
ਉਹ ਆਪਣੀ ਕੈਦ 'ਚ
ਆਪਣੇ ਤੋਂ ਆਪਣੇ ਤੱਕ ਫੈਲਿਆ
ਸੀ
ਆਪਣੇ ਆਪ ਤੋਂ ਆਪਣੇ ਤੱਕ
ਸੁੰਘੜਿਆ ਸੀ
ਉਸਦਾ ਆਪਣਾ ਚਿਹਰਾ ਹੀ
ਉਸਦੇ ਆਪਣੇ ਦਰਪਣ 'ਚ
ਨਜ਼ਰ ਬੰਦ ਸੀ

—0—

ਉਹ ਜਦ
ਆਪਣੀ ਕੈਦ 'ਚੋਂ ਬਾਹਰ
ਨਿਕਲਿਆ

ਉਸਨੇ ਵੇਖਿਆ
ਆਸਮਾਂ 'ਚ ਸੂਰਜ ਚੰਨ
ਤਾਰੇ ਲਟਕ ਰਹੇ ਸਨ
ਧਰਤੀ ਤੇ ਸਮੁੰਦਰ ਪਹਾੜ
ਤੇ ਜੰਗਲ ਫੈਲੇ ਸਨ
ਬਾਹਰ ਦੀ ਹਵਾ ਅਜ਼ਾਦ ਹੈ
ਸਮਾਂ ਟੁਕੜਿਆਂ 'ਚ
ਵੰਡਿਆ ਨਹੀਂ ਹੈ
ਸ਼ੋਰ ਦੀ ਬੰਦਸ਼ ਚੁੱਪ ਨਹੀਂ ਹੈ
ਖ਼ੁਸ਼ਬੂਆਂ ਰੰਗ
ਪਿੰਜ਼ਰਿਆਂ ਤੋਂ ਅਜ਼ਾਦ ਹਨ
ਕੁੱਝ ਵੀ ਕੈਦ ਨਹੀਂ
ਸਭ ਆਪਣੇ ਆਪ 'ਚ ਅਬਾਦ ਹੈ

—0—

ਕੈਦ 'ਚ ਬਲਦਾ ਦੀਵਾ ਸੁਰਖਸ਼ਤ ਹੈ
ਉਸ ਨੂੰ
ਹਨੇਰੀਆਂ ਤੂਫ਼ਾਨਾਂ ਝਖੜਾਂ 'ਚ
ਬੁੱਝਣ ਦਾ ਡਰ ਨਹੀਂ
ਕੈਦ 'ਚ ਰੁੱਖ ਨੂੰ
ਉੱਖੜਣ ਦਾ ਭੈਅ ਨਹੀਂ
ਕੈਦ 'ਚ
ਨਦੀਆਂ ਦਰਿਆਵਾਂ ਨੂੰ
ਹੜਾ ਦਾ ਡਰ ਨਹੀਂ
ਕੈਦ 'ਚ ਕਬੂਤਰ ਨੂੰ
ਬਿੱਲੀ ਦਾ ਖ਼ਤਰਾ ਨਹੀਂ
ਕੈਦ 'ਚ
ਕਿਸੇ ਵੀ ਚੀਜ਼ ਨੂੰ ਭੁਰਨ-ਖੁਰਨ
ਦੀ ਚਿੰਤਾ ਨਹੀਂ
ਕੈਦ 'ਚ ਸਭ ਕੁੱਝ ਕੈਦ ਦੀ
ਸੁਰਖਸ਼ਾ 'ਚ

ਸੁਰਖਸ਼ਤ ਹੈ

—0—

ਕੈਦ 'ਚ ਜੀਵਨ ਸੰਤੁਲਨ ਹੈ
ਸੁਰਕ਼ਸ਼ਤ ਹੈ
ਕੈਦ 'ਚ ਆਪ ਮੁਹਾਰਤਾ
ਅਨੁਸ਼ਾਸਨ 'ਚ ਹੈ
ਕੈਦ 'ਚ ਜੰਗਲੀ ਰਾਜ ਨਹੀਂ
ਕੈਦ 'ਚ ਬਿਜਲੀ ਦੀ ਰੌਸ਼ਨੀ
ਤਾਂ ਹੈ
ਪਰ ਅੱਖਾਂ ਨੂੰ ਚੁੰਧਿਆਉਂਦੀ ਨਹੀਂ
ਕੈਦ 'ਚ
ਬਿੰਦੂ ਬਿੰਦੂ ਹੀ ਰਹਿੰਦਾ ਹੈ
ਦਾਇਰਿਆਂ 'ਚ ਬਦਲਦਾ ਨਹੀਂ
ਜਲ ਦੀ ਬੂੰਦ ਬੂੰਦ ਰਹਿੰਦੀ ਹੈ
ਸਾਗਰ 'ਚ ਢਲਦੀ ਨਹੀਂ
ਕਿਰਨ ਦਾ
ਸਿਰਫ ਕਿਰਨ ਵਜੂਦ ਹੈ
ਸੂਰਜ ਨਹੀਂ
ਕੈਦ 'ਚ ਸਿਮਟਨਾ ਹੈ ਫੈਲਣਾ ਨਹੀਂ
ਕੈਦ 'ਚ ਸਥਿਰਤਾ ਹੈ ਭਟਕਣਾ ਨਹੀਂ
ਮੰਜ਼ਿਲ ਹੈ ਸਫਰ ਨਹੀਂ

—0—

ਉਹ ਜਦ
ਆਪਣੀ ਕੈਦ 'ਚੋਂ ਬਾਹਰ
ਨਿਕਲਿਆ
ਤਾਂ ਉਸ ਨੇ ਮਹਿਸੂਸ ਕੀਤਾ
ਉਹ ਵਿਕਸਤ ਨਹੀਂ ਬੌਣਾ ਹੈ
ਸਰੀਰਕ ਤੌਰ ਤੇ ਵੀ
ਮਾਨਸਿਕ ਤੌਰ ਤੇ ਵੀ
ਉਸਦਾ ਅਕਾਸ਼

ਸਿਰਫ਼ ਸਿਰ ਦਾ ਅਕਾਰ ਹੈ
ਧਰਤੀ ਸਿਰਫ਼ ਪੈਰਾਂ ਦਾ
ਰਕਬਾ ਹੈ
ਨਜ਼ਰ ਕੰਧ ਤੋਂ ਪਾਰ ਨਹੀਂ ਝਾਕਦੀ
ਦਿਲ ਕੰਨਾਂ ਦੀ ਹਦੂਤ ਤੋਂ
ਬਾਹਰ ਨਹੀਂ ਧੜਕਦਾ
ਬੋਲ ਪੈਂਤੀ ਅੱਖਰੀ ਦੀ
ਵਿਸ਼ਾਲਤਾ ਨਹੀਂ
ਇਕ ਅੱਖਰ ਦਾ ਅਕਾਰ ਹਨ
ਕੈਦ 'ਚ ਪ੍ਰਵਾਜ਼ ਤਾਂ ਹੈ
ਪਰ ਖੰਭ ਨਹੀਂ
ਉੱਡਣ ਲਈ ਅਕਾਸ਼ ਨਹੀਂ

—0—

ਉਸ ਨੂੰ ਲੱਗਿਆ
ਉਹ ਆਪਣੀ ਕੈਦ ਵਿੱਚ
ਸੁਰਖਸ਼ਤ ਵੀ ਨਹੀਂ ਸੀ
ਕਿਉਂਕਿ ਕੈਦ 'ਚ
ਖ਼ਤਰਿਆਂ ਦਾ ਗਿਆਨ ਨਹੀਂ
ਅਨੁਭਵ ਨਹੀਂ
ਕੈਦ ਸਿਰਫ਼
ਆਪਣੇ ਬਿੰਦੂ ਦੀ ਪ੍ਰਕਰਮਾ ਹੈ
ਦਾਇਰੇ ਦਾ ਅਕਾਰ ਨਹੀਂ

—0—

ਕੈਦ ਗੁਲਾਮੀ ਹੈ
ਅਜ਼ਾਦ ਬਹਾਰਾਂ ਮੌਸਮਾਂ
ਰੁੱਤਾਂ ਰੰਗਾਂ ਖ਼ੁਸ਼ਬੂਆਂ ਦਾ
ਗੁਲਜ਼ਾਰ ਨਹੀਂ
ਉਸ ਨੇ ਸੋਚਿਆ
ਉਸ ਨੇ ਕਿਨ੍ਹਾਂ ਜੀਵਨ
ਦੇਹ ਦੀ ਕੈਦ 'ਚ ਗੁਜਾਰਿਆ ਹੈ

ਜੀਵਨ ਦਾ ਭਰਮ ਪਾਲਿਆ ਹੈ
ਜੀਵਨ ਦਾ ਸੱਚ ਤੇ ਯਥਾਰਥ
ਕੈਦ 'ਚ ਨਹੀਂ
ਅਜ਼ਾਦੀ 'ਚ ਹੈ

—0—

ਉਹ ਹਵਾਵਾਂ ਤੇ ਕਾਠੀ ਪਾਅ
ਆਸਮਾਂ 'ਚ ਉਡਣਾ ਚਾਹੁੰਦਾ ਸੀ
ਸਮੁੰਦਰ ਤੇ ਤੈਰਨਾ
ਪਹਾੜਾਂ ਨੂੰ ਫਤਹਿ ਕਰਨਾ ਚਾਹੁੰਦਾ ਸੀ
ਜੰਗਲਾਂ 'ਚ ਵਿਚਰਨਾ
ਧਰਤੀ ਨੂੰ ਕੱਛਣਾ ਚਾਹੁੰਦਾ ਸੀ

—0—

ਉਹ ਆਪਣੀ ਕੈਦ ਨੂੰ
ਦੱਸਣਾ ਚਾਹੁੰਦਾ ਸੀ
ਕਿ ਤੂੰ ਬਿੰਦੂ ਹੈ
ਹਮੇਸ਼ਾ ਦਾਇਰਿਆ ਨੂੰ
ਬਿੰਦੂਆਂ 'ਚ ਢਾਲਦੀ ਹੈ
ਧਰਤੀ ਨੂੰ ਕਿਣਕੇ 'ਚ
ਪਹਾੜ ਨੂੰ ਜ਼ਰੇ 'ਚ
ਸਮੁੰਦਰ ਨੂੰ ਬੂਦ 'ਚ ਉਤਾਰਦੀ ਹੈ
ਇਨਸਾਨਾਂ ਨੂੰ ਬੌਣਾ ਕਰਦੀ ਹੈ
ਸੂਰਜਾਂ ਦੀ ਥਾਂ ਦੀਵੇ ਧਰਦੀ ਹੈ

—0—

# ਅਰਥ

(ਛੋਟੀਆਂ ਲੰਬੀਆਂ ਕਵਿਤਾਵਾਂ)

ਚਰਨ ਸਿੰਘ

(ਕਾਵਿ-ਸ਼ਾਸਤਰ)

# ਤਤਕਰਾ

1. ਜੀਅ ਰਿਹਾ ਹੈ ਮਰਨ ਲਈ
2. ਦਰਪਣ ਤੇ ਚਿਹਰਾ
3. ਇਕਾਂਤ
4. ਸੰਕੇਤਕ ਬਿੰਦੂ
5. ਪੱਥਰ ਦਾ ਬੁੱਤ
6. ਨੌਂ ਦਰਵਾਜੇ
7. ਭੂਤ
8. ਮਨੁੱਖ ਵਿਚਲਾ ਮਨੁੱਖ
9. ਗਰਭ ਜੂਨ

## ਜੀਅ ਰਿਹਾ ਹੈ ਮਰਨ ਲਈ

ਕੋਈ ਡੁੱਬ ਰਿਹਾ ਹੈ ਤਰਨ ਲਈ
ਕੋਈ ਜੀਅ ਰਿਹਾ ਹੈ ਮਰਨ ਲਈ
ਕੋਈ ਘੋਲਦਾ ਹੈ ਜ਼ਹਿਰ
ਜ਼ਿੰਦਗੀ 'ਚ ਜੀਣ ਲਈ
ਕੋਈ ਸਿਰ ਤਲੀ 'ਤੇ ਹੈ
ਜ਼ਿੰਦਗੀ ਦਾ ਜ਼ਹਿਰ ਪੀਣ ਲਈ
ਇਹ ਅਜੋਕੇ ਮਨੁੱਖ ਦਾ ਦੁਖਾਂਤ ਹੈ
ਮੁਕੱਦਰ ਹੈ ਹੋਣੀ ਹੈ
ਜਿਸ 'ਚੋਂ ਗੁਜ਼ਰਦਾ
ਅੱਜ ਦਾ ਇਨਸਾਨ ਹੈ

-0-

ਸਮੁੰਦਰ ਭਰ ਰਿਹਾ ਹੈ
ਖਾਲੀ ਹੋਣ ਲਈ
ਜੰਗਲ ਹਰਿਆ ਹੈ
ਸੁੱਕੀ ਲੱਕੜ ਹੋਣ ਲਈ
ਪਹਾੜ ਅਕਾਰ ਵਿਸਥਾਰ ਰਿਹਾ ਹੈ
ਭੁਰਨ ਲਈ ਖੁਰਨ ਲਈ
ਜ਼ਿੰਦਗੀ ਟੁਰ ਰਹੀ ਹੈ ਰੁਕਣ ਲਈ
ਰੁਕ ਰਹੀ ਹੈ ਟੁਰਨਾ ਲਈ
ਅਗਨ ਬਲ਼ ਰਹੀ ਹੈ ਠਰਨ ਲਈ
ਧਰਤੀ ਘੁੰਮ ਰਹੀ ਹੈ ਖੜ੍ਹਨ ਲਈ
ਅਕਾਸ਼ ਉੱਚਾ ਹੋ ਰਿਹਾ ਹੈ ਢਲਣ ਲਈ
ਹਵਾ ਚਲ ਰਹੀ ਹੈ ਰੁਕਣ ਲਈ

ਸੂਰਜ ਬਲ਼ ਰਿਹਾ ਹੈ ਠਰਨ ਲਈ
ਜਲ ਵਹਿ ਰਿਹਾ ਹੈ ਖੜ੍ਹਨ ਲਈ

–0–

ਸਾਰੀ ਪ੍ਰਕ੍ਰਿਤੀ
ਅੰਦਰ ਵਲ ਮੁੜੀ ਹੈ
ਆਪਣੀ ਹੋਂਦ ਦਾ ਸੱਚ ਜਾਣਨ ਲਈ
ਆਪਣਾ ਆਦਿ
ਆਪਣਾ ਅੰਤ ਭਾਲਣ ਲਈ

–0–

ਮਨੁੱਖ ਜਿਸ ਜ਼ਿੰਦਗੀ ’ਚ
ਉਤਰਦਾ ਜਾਅ ਰਿਹਾ ਹੈ
ਉਹ ਜ਼ਿੰਦਗੀ ਨਹੀਂ
ਜ਼ਿੰਦਗੀ ਦਾ ਮਾਇਆ ਜਾਲ ਹੈ
ਜ਼ਿੰਦਗੀ ਦੀਆਂ ਰੌਣਕਾਂ
ਰੰਗੀਨੀਆਂ ਦਾ ਸ਼ਬਾਬ ਹੈ
ਮਨੁੱਖ ਜਿਸ ’ਚ ਗਰਕਦਾ ਹੈ
ਜਾਅ ਰਿਹਾ ਹੈ
ਜ਼ਿੰਦਗੀ ਦੇ ਅਰਥ ਭੁਲਦਾ
ਜਾ ਰਿਹਾ ਹੈ
ਹਨੇਰਿਆਂ ਵਿਚ ਘਿਰ ਗਿਆ ਹੈ
ਭਰਮ ਹੁੰਦਾ ਜਾ ਰਿਹਾ ਹੈ

–0–

ਮਾਇਆ ਜੀਵਨ ਦਾ ਭਰਮ ਹੈ
ਮਨੁੱਖ ਦਾ ਸੱਚ ਨਹੀਂ
ਜੀਵਨ ਦਾ ਸੱਚ ਨਹੀਂ

ਮਨੁੱਖ ਮਾਇਆ 'ਚ ਡੁੱਬ ਰਿਹਾ ਹੈ
ਮਾਇਆ 'ਚ ਤਰਨ ਲਈ
ਮਾਇਆ 'ਚ ਜੀਅ ਰਿਹਾ ਹੈ
ਅਜੋਕੇ ਮਨੁੱਖ ਦਾ ਦੁਖਾਂਤ ਹੈ
ਮੁਕੱਦਰ ਹੈ ਹੋਣੀ ਹੈ
ਜਿਸ 'ਚੋਂ ਗੁਜ਼ਰਦਾ
ਅੱਜ ਦਾ ਇਨਸਾਨ ਹੈ

-0-

ਕੁੱਝ ਚਿਰਾਗ ਹਨੇਰੇ ਤੋਂ
ਡਰਕੇ ਜਗਦੇ ਹਨ
ਕੁੱਝ ਹਨੇਰਿਆਂ ਲਈ
ਚਾਨਣ ਇਕੱਠਾ ਕਰਦੇ ਹਨ
ਮਨੁੱਖ ਨੂੰ ਮਨੁੱਖਤਾ ਨੂੰ
ਇਕ ਨਜ਼ਰ ਨਾਲ ਵੇਖਦੇ ਹਨ
ਸੱਚ ਸੁੰਦਰਤਾ ਦਇਆ ਜਨਮਦੇ ਹਨ
ਵਿਸਥਾਰਦੇ ਹਨ

-0-

ਆਪਣਾ ਕਰਮ
ਜੀਵਨ ਕਰਮ ਭੂਮੀ 'ਚ ਉਤਾਰਦੇ ਹਨ
ਜੀਵਨ 'ਚ ਕੁੱਝ ਕਰਨ ਲਈ
ਜ਼ਿੰਦਗੀ ਦੀ ਤਲੀ 'ਤੇ ਕੁੱਝ ਧਰਨ ਲਈ
ਜੀਅ ਰਹੇ ਹਨ ਮਰਨ ਲਈ
ਜੀਵਨ 'ਚ ਕਮਾਇਆ ਸੱਚ
ਮੌਤ ਨੂੰ ਭੇਟ ਕਰਨ ਲਈ

-0-

ਫੁੱਲ ਪਤੇ ਬਨਸਪਤੀ
ਜੋ ਵਿਕਸਤ ਹੈ
ਜੋ ਵਿਕਸਤ ਹੋ ਰਹੀ ਹੈ
ਜੋ ਬੀਜ ਤੋ ਪੁੰਗਰ ਰਹੀ ਹੈ
ਨਿਰੰਤਰ ਜੀਵਨ ਤੋਂ ਦੂਰ ਹੋ ਰਹੀ ਹੈ
ਮਰਨ ਲਈ ਮਜ਼ਬੂਰ ਹੋ ਰਹੀ ਹੈ
ਇਸ ਵਿਸ਼ਵ 'ਚ
ਮੌਤ ਤੋਂ ਬਿਨਾਂ ਕੋਈ ਰਾਹ ਨਹੀਂ
ਜ਼ਿੰਦਗੀ ਨੂੰ ਮਨੁੱਖ ਦੀ
ਮਨੁੱਖ ਨੂੰ ਜ਼ਿੰਦਗੀ ਦੀ ਕੋਈ ਚਾਹ ਨਹੀਂ

–0–

ਫਿਰ ਵੀ ਮਨੁੱਖ ਨੇ
ਹਨੇਰੀਆਂ 'ਚ ਜੀਵਨ ਦਾ ਦੀਵਾ ਜਲਾਇਆ ਹੈ
ਜੀਵਨ ਤੋਂ ਮੂੰਹ ਨਹੀਂ ਫੇਰਿਆ
ਜੀਵਨ ਨੂੰ ਆਪਣਾ ਲਕਸ਼ ਬਣਇਆ ਹੈ

–0–

ਮਨੁੱਖ ਵਿਚਰ ਰਿਹਾ ਹੈ
ਕਰਮ ਕਰ ਰਿਹਾ ਹੈ
ਆਪਣੇ ਆਪ ਨੂੰ ਜਿਉਂਦਾ ਰੱਖਣ ਲਈ
ਮਨੱਖ ਨਹੀਂ ਜਿਉਂਦਾ
ਮਰਨ ਲਈ
ਮਰ ਰਿਹਾ ਹੈ ਜੀਨ ਲਈ
ਡੁੱਬ ਰਿਹਾ ਹੈ ਕਰਨ ਲਈ

–0–

ਇਹ ਅਜੋਕੇ

ਮਨੁੱਖ ਦਾ ਦੁਖਾਂਤ ਹੈ
ਮੁਕੱਦਰ ਹੈ ਹੋਣੀ ਹੈ
ਜਿਸ 'ਚੋਂ ਗੁਜ਼ਰ ਰਿਹਾ
ਅੱਜ ਦਾ ਇਨਸਾਨ ਹੈ

–0–

## ਦਰਪਣ ਤੇ ਚਿਹਰਾ

ਉਸ ਦਰਪਣ 'ਚੋਂ
ਆਪਣਾ ਚਿਹਰਾ ਤੱਕਿਆ
ਤੇ ਬੋਲਿਆ
ਐ ਦਰਪਣ !
ਮੇਰੇ ਜਿਹਾ ਕੋਈ ਹੋਰ ਨਹੀਂ ਹੈ
ਸੂਰਜ ਚੰਦਰਮਾ ਕੋਈ ਨਹੀਂ
ਮੇਰੇ 'ਚ ਤਾਰਿਕਾ ਮੰਡਲ ਹਨ
ਮੇਰੇ 'ਚ ਸਾਰੇ ਦੇ ਸਾਰੇ ਅਕਾਸ਼ ਹਨ
ਮੇਰੇ 'ਚ ਧਰਤੀਆਂ ਦੀਆਂ
ਸੁਗੰਧਾਂ ਦੇ ਨਿਵਾਸ ਹਨ

-0-

ਦਰਪਣ ਆਖਦਾ ਹੈ
ਤੂੰ ਝੂਠ ਬੋਲਦਾ ਹੈਂ
ਆਪਣਾ ਭਰਮ ਪਾਲਦਾ ਹੈ
ਤੂੰ ਉਹ ਹੈ
ਜੋ ਸੱਚ ਨੂੰ ਦੇਗਾਂ 'ਚ ਉਬਾਲਦਾ ਹੈਂ
ਨੀਂਹਾਂ 'ਚ ਚਿਣਵਾਉਂਦਾ ਹੈ
ਅਭਿਮਨੂੰ ਦੁਆਲੇ
ਮੌਤ ਦਾ ਜਾਲ਼ ਬੁਣਦਾ ਹੈ
ਦਰੋਪਤੀ ਦਾ ਚੀਰ ਹਰਨ ਕਰਦਾ ਹੈ
ਕੰਜਕਾਂ ਦੀਆਂ ਜੋਤਾਂ
ਕੋਠਿਆਂ ਤੇ ਜਗਾਉਂਦਾ ਹੈ
ਔਰਤਾਂ ਦੀ ਸ਼ਰਮੋ ਹਯਾ

ਰੰਡੀਆਂ ਦੇ ਵਿਹੜੀਂ
ਨਿੱਚਾਉਂਦਾ ਹੈ
ਧੀਆਂ ਭੈਣਾਂ ਤੇ ਬੱਚਿਆਂ ਦੇ
ਜਿਸਮਾਂ ਦੀ ਬੋਲੀ ਲਾਉਂਦਾ ਹੈਂ
ਤੂੰ ਲਾਸ਼ਾਂ ਦੇ ਢੇਰ 'ਤੇ ਖੜ੍ਹਾ
ਆਪਣੇ ਆਪ 'ਚ ਸੱਚ 'ਤੇ
ਸੁੰਦਰ ਕਹਾਉਂਦਾ ਹੈ

–0–

ਐ ਦਰਪਣ
ਜੇ ਮੈਂ ਗਜਨਵੀ ਹਾਂ
ਔਰੰਗਜ਼ੇਬ ਹਾਂ
ਤਾਂ ਭਾਈ ਕੰਨਈਆ ਵੀ ਹਾਂ
ਸੁਦਾਮਾ ਵੀ ਹਾਂ
ਕ੍ਰਿਸ਼ਨ ਵੀ ਹਾਂ
ਪਵਨ ਪੁੱਤਰ ਵੀ ਹਾਂ
ਰਾਮਾ ਵੀ ਹਾਂ
ਨਿਰਾ ਪੱਥਰ ਨਹੀਂ ਮੈਂ
ਸ਼ੀਸ਼ਾ ਵੀ ਹਾਂ
ਇਕ ਜ਼ਾਲਮ ਦੇ ਸੀਨੇ 'ਚ
ਦਯਾ ਦਾ ਚਸ਼ਮਾਂ ਵੀ ਹਾਂ
ਇੱਕ ਵੈਸ਼ਿਆ ਦੀ ਜ਼ੁਬਾਂਨ
'ਤੇ ਪਿਆਰ ਦਾ ਨਗਮਾ ਵੀ ਹਾਂ
ਕੋਇਲ ਦਾ ਬ੍ਰਿਹਾ ਹਾਂ
ਬੁਲਬੁਲ ਦਾ ਬੋਲ ਹਾਂ
ਕਦੀ ਆਪੇ ਤੋਂ ਦੂਰ ਹਾਂ

ਕਦੀ ਆਪੇ ਦੇ ਕੋਲ ਹਾਂ

-0-

ਫੁੱਲ ਵੀ ਹਾਂ ਕਲੀਆਂ ਵੀ ਹਾਂ
ਮਹਿਕਾਂ ਵੀ ਹਾਂ ਕੰਡੇ ਵੀ ਹਾਂ
ਮਾਲੀ ਵੀ ਹਾਂ
ਭਰਿਆ ਵੀ ਹਾਂ ਖਾਲੀ ਵੀ ਹਾਂ
ਮੀਰਾਂ ਵੀ ਹਾਂ ਕਬੀਰ ਵੀ ਹਾਂ
ਰਾਵਨ ਵੀ ਹਾਂ ਰਾਜਾ ਵੀ ਹਾਂ
ਫਕੀਰ ਵੀ ਹਾਂ
ਸਾਧ ਵੀ ਹਾਂ ਚੋਰ ਵੀ ਹਾਂ
ਇਕਾਂਤ ਦੀ ਚੁੱਪ ਵੀ ਹਾਂ
ਸਾਗਰ ਦਾ ਸ਼ੋਰ ਵੀ ਹਾਂ
ਬਾਗਾਂ 'ਚ ਨੱਚਦਾ ਮੋਰ ਵੀ ਹਾਂ
ਲਾਵਾ ਵੀ ਹਾਂ ਜਲ ਵੀ
ਅੱਜ ਵੀ ਹਾਂ ਕੱਲ੍ਹ ਵੀ

-0-

ਐ ਦਰਪਣ
ਮੇਰੇ ਚਿਹਰੇ ਤੋਂ
ਮੇਰੀ ਪਹਿਚਾਣ ਨਾ ਕਰ
ਮੇਰੇ ਨਕਸ਼ਾਂ ਤੇ ਅੰਗਾਂ ਤੋਂ
ਮੇਰੀ ਸਿਆਣ ਨਾ ਕਰ

-0-

ਕਈ ਵਾਰ
ਮੈਂ ਆਪਣੀ ਪਹਿਚਾਣ
ਆਪਣੇ ਤੋਂ ਉਤਾਰ ਕੇ

ਆਪਣੇ ਵਿਚਲਾ ਜੰਗਲੀ
ਜਾਨਵਰ ਮਾਰ ਕੇ
ਤੇਰੇ ਦਰ 'ਤੇ
ਇਨਸਾਨੀ ਚਿਹਰਾ ਲੈ ਕੇ
ਆਉਂਦਾ ਹਾਂ
ਪਰ ਆਪਣਾ ਸੱਚ ਜਾਣੇ ਬਿਨਾਂ
ਤੇਰੇ 'ਚ ਆਦਤਨ
ਵਸਿਆ ਝੂਠ ਵੀ ਪਾਉਂਦਾ ਹਾਂ
ਮੈਂ ਸੱਚ ਹੋ ਕੇ ਵੀ
ਤੇਰਾ ਝੂਠ ਹੰਢਾਉਂਦਾ ਹਾਂ

-0-

ਤੈਨੂੰ ਇਨਸਾਨ 'ਚ ਵਸਦੇ
ਇਨਸਾਨਾਂ ਦੀ ਪਹਿਚਾਣ ਨਹੀਂ
ਮੈਂ ਉਹ ਚਿਹਰਾ ਹਾਂ
ਜਿਸਦੀ ਤੈਨੂੰ ਸਿਆਣ ਨਹੀਂ
ਮੈਂ ਕਦੀ ਜ਼ੁਲਮ ਹਾਂ
ਮੈਂ ਕਦੀ ਦੁਆ ਹਾਂ
ਕਦੀ ਕੁਫ਼ਰ ਹਾਂ
ਕਦੀ ਈਮਾਨ ਹਾਂ
ਤੂੰ ਕੰਧ ਤੇ ਲਟਕ ਰਿਹਾ
ਦਰਪਣ ਹੈਂ
ਮੈਂ ਤਾਂ ਜਿਉਂਦਾ ਜਾਗਦਾ
ਟੁਰਦਾ ਫਿਰਦਾ
ਇਨਸਾਨਾਂ ਵਿਚ ਵਿਚਰਦਾ
ਇਨਸਾਨ ਹਾਂ

-0-

ਮੇਰੀ ਜਮ੍ਹਾਂ ਵੀ ਹੈ
ਮਨਫੀ ਵੀ ਹੈ
ਮੈਂ ਨਾ ਨਿਰੀ ਜਮ੍ਹਾ ਹਾਂ
ਨਾ ਨਿਰੀ ਮਨਫੀ ਹਾਂ
ਮੈਂ ਜਮ੍ਹਾ ਮਨਫੀ ਦਾ
ਸਿਰਜਿਆ ਇਨਸਾਨ ਹਾਂ
ਨਾ ਕੋਈ ਭਗਵਾਨ ਹਾਂ

-0-

ਇਹ ਜਮ੍ਹਾ ਮਨਫੀ ਜ਼ਰਬੋ
ਤਕਸੀਮ
ਸਭ ਮੇਰੇ ਰੂਪ ਨੇ
ਜੋ ਧਰਤੀ ਦੇ ਚੱਪੇ ਚੱਪੇ 'ਤੇ ਪਏ
ਤੇਰੇ 'ਚ ਮੌਜੂਦ ਨੇ
ਤੂੰ ਕਿਸ ਰੂਪ ਨੂੰ
ਆਪਣਾ ਸੱਚ ਦਾ ਅਰਘਾ
ਚੜ੍ਹਾਉਂਦਾ ਹੈਂ
ਕਿਸ ਰੂਪ ਦਾ ਦੀਵਾ
ਆਪਣੇ ਮਸਤਕ ਵਿਚ ਜਗਾਉਂਦਾ ਹੈ
ਤੂੰ ਬੇਹਤਰ
ਮੇਰੇ ਤੋਂ ਜਾਣਦਾ ਹੈਂ
ਸੱਚ ਝੂਠ ਪਹਿਚਾਣਦਾ ਹੈਂ

-0-

## ਇਕਾਂਤ

ਦੂਰ ਤੱਕ
ਪੈਰਾਂ 'ਚ ਫੈਲੀ ਧਰਤ ਹੈ
ਦੂਰ ਤਕ ਸਿਰ 'ਤੇ ਸ਼ਾਮਿਆਨਾ
ਅੰਬਰ ਦਾ ਹੈ
ਵਗਦੀਆਂ ਪੌਣਾਂ
ਜਿਸਮ ਮਹਿਸੂਸ ਕਰਦਾ ਹੈ
ਥਲਾਂ 'ਚ ਟੁਰਦਾ ਹੈ
ਸਾਗਰਾਂ ਨੂੰ ਤਰਦਾ ਹੈ
ਜੰਗਲ ਦੀ ਹਰਿਆਉਲ
ਨੈਣਾਂ 'ਚ ਪਾਉਂਦਾ ਹੈ
ਆਪਣੇ ਆਪ 'ਚ ਉਤਰ ਜਾਂਦਾ ਹੈ

−0−

ਜਿੱਥੇ ਇਕਾਂਤ ਹੈ
ਇਕੱਲਤਾ ਨਹੀਂ
ਸੁਰ ਹੈ ਸ਼ੋਰ ਨਹੀਂ
ਮਨ 'ਚ
ਸ਼ਾਂਤੀ ਦੀ ਨਦੀ
ਵਗਦੀ ਹੈ
ਸਾਗਰ ਦੀਆਂ ਅੱਥਰੀਆਂ
ਲਹਿਰਾਂ ਨਹੀਂ
ਦਰਿਆਵਾਂ ਦੇ ਨਿਰਦਈ
ਚਿਹਰੇ ਨਹੀਂ
ਖ਼ਸ਼ਬੂਆ ਦੀ ਮਹਿਕ
ਪੌਣਾਂ 'ਚ ਰਲ਼ਦੀ ਹੈ
ਸਕੂੰਨ ਦੀ ਦੁਨੀਆਂ
ਦਿਲ 'ਚ ਵਸਦੀ ਹੈ

−0−

ਫੁੱਲਾਂ ਦੇ ਖਿੜਨ ਦਾ
ਤਰਾਨਾ ਹੈ

ਕਲੀਆਂ ਦੀ ਬੁੱਕਲ ਹੈ
ਭੌਰਾਂ ਦਾ ਜ਼ਮਾਨਾ ਹੈ
ਬਹਾਰਾਂ ਦੇ ਪਾਸ
ਮੌਸਮਾਂ ਨੂੰ ਮਿਲਣ ਦਾ
ਬਹਾਨਾ ਹੈ
ਪੰਛੀਆਂ ਦੇ ਘਰਾਂ ਨੂੰ
ਪਰਤਣ ਦਾ ਵੇਲਾ ਹੈ

–0–

ਸ਼ਾਂਤ ਸੂਰਜ
ਆਪਣੀਆਂ ਕਿਰਨਾਂ
ਸਮੇਟਦਾ ਹੈ
ਆਸਮਾਨ ਚੰਨਾ ਤਾਰਿਆਂ ਦੀ
ਲੋਈ ਆਪਣੇ ਦੁਆਲੇ ਲਪੇਟਦਾ ਹੈ।
ਰਾਤ ਛਾਅ ਗਈ
ਕੁਦਰਤ ਦੇ ਚਿਹਰੇ 'ਤੇ
ਰਾਤ ਦੀ ਚਾਂਦਨੀ ਦੀ ਇਕਾਂਤ ਹੈ
ਇਕੱਲਤਾ ਨਹੀਂ
ਜੋਸ਼ ਹੈ ਹੋਸ਼ ਹੈ ਨਿਰਬਲਤਾ ਨਹੀਂ

–o–

ਸੁਬਹ ਹੈ
ਮੰਦਿਰ ਹੈ
ਇੱਕ ਪੱਥਰ ਦਾ ਬੁੱਤ
ਮੰਦਿਰ ਦੇ ਅੰਦਰ ਹੈ
ਪੌਣਾਂ ਦਾ ਗੀਤ ਹੈ
ਕੁਦਰਤ ਦਾ ਨਾਦ ਹੈ
ਚੁੱਪ ਨਹੀਂ
ਚੁੱਪ ਦੀ ਕੁੱਖ ਦੀ ਅਵਾਜ਼ ਹੈ
ਜੋ ਮੰਦਿਰ ਦੇ ਬੁੱਤ ਦੀ
ਰੂਹ ਦਾ ਰਾਜ਼ ਹੈ

–o–

ਪੱਥਰ ਦਾ ਬੁੱਤ
ਪੱਥਰ ਦਾ ਸ਼ਹਿਰ
ਪੱਥਰ ਦੀ ਸੁਰ ਪੱਥਰ ਦਾ
ਸਾਜ਼ ਹੈ
ਪੱਥਰ ਹੀ ਪੱਥਰ ਦੀ ਅਵਾਜ਼ ਹੈ
ਇਕਾਂਤ ਹੈ ਇਕੱਲਤਾ ਨਹੀਂ
ਇਕਾਂਤ ਦੀ ਤਾਸੀਰ ਦਾ
ਵਾਤਾਵਰਣ 'ਚ ਪਸਾਰ ਹੈ
ਰੂਹ ਦੀ ਸੁਰ ਹੈ
ਆਤਮਾ ਦਾ ਬੋਲ
ਇਕਾਂਤ ਦੀ ਚੁੱਪ ਕੋਲ ਹੈ ।

-0-

ਇਕੱਲਤਾ
ਉਦਾਸੀ ਨਹੀਂ
ਉਪਰਾਮਤਾ ਨਹੀਂ
ਰੂਹ ਦੀ ਖੁਸ਼ੀ ਹੈ
ਇਕਾਂਤ ਦੇ ਵਜੂਦ 'ਚ
ਕਾਦਰ ਤੇ ਕੁਦਰਤ
ਮਨੁੱਖ ਦੀ ਇਕਾਈ ਹੈ
ਇਕਾਂਤ 'ਚ ਬੋਲਦੀ
ਸ਼ਬਦ ਦੀ ਚੁੱਪ ਸਮਾਈ ਹੈ

-0-

ਸਹਿਰਾ ਹੈ ਸੁੰਨ ਹੈ
ਸੁੱਕੇ ਜਲ ਦਾ ਸਮੁੰਦਰ ਹੈ
ਪੱਥਰ ਦਾ ਪਹਾੜ ਹੈ
ਬਲਦਾ ਸੂਰਜ
ਜੰਗਲ ਦੇ ਸਿਰ 'ਤੇ ਜੜ੍ਹ ਵਿਚਕਾਰ ਹੈ
ਕੁਦਰਤ ਦੇ ਸਿਰ 'ਤੇ
ਵੀਰਾਨੀ ਦੀ ਤਲਵਾਰ ਹੈ
ਪਤਝੜ ਦਾ ਵਸੇਰਾ ਹੈ

ਪਿਆਸੇ ਦਰਿਆਵਾਂ
ਨਦੀਆਂ ਦੀ ਭਰਮਾਰ ਹੈ
ਬੂੰਦ ਬੂੰਦ ਲਈ
ਪਿਆਸੇ ਬੱਦਲਾਂ ਦਾ
ਅੰਬਰ 'ਤੇ ਵਿਸਥਾਰ ਹੈ
ਕੁਦਰਤ ਦੀ ਕਾਰਜ ਪ੍ਰਣਾਲੀ
ਇਕਾਂਤ ਹੈ ਇਕੱਲਤਾ ਨਹੀਂ
ਸ਼ੋਰ ਸ਼ਰਾਬਾ
ਚੀਕ ਚਿਹਾੜਾ ਨਹੀਂ
ਕੁਦਰਤ 'ਚ ਕੁਦਰਤ ਦੀ ਸੁਰ ਹੈ
ਕਾਦਰ ਦਾ ਨੂਰ ਹੈ ਉਜਾੜਾ ਨਹੀਂ

-0-

ਇਕਾਂਤ ਜੀਵਨ ਦਾ ਸੁੱਖ ਹੈ
ਸਹਿਜ ਹੈ ਅਧਾਰ ਹੈ
ਧਰਤੀ ਦੀ ਗਤੀ ਹੈ
ਅੰਬਰ ਦਾ ਪਸਾਰ ਹੈ
ਸ਼ਾਂਤ ਸਾਗਰ ਦੀ ਟੋਰ ਹੈ
ਇਕਾਂਤ ਦੇ ਵਿਹੜੇ ਨੱਚਦਾ
ਅਮਨ ਦਾ ਮੋਰ ਹੈ
ਬੀਜ ਤੋਂ ਰੁੱਖ ਦੇ ਸਫ਼ਰ ਤਕ
ਇਕਾਂਤ ਦਾ ਵਿਸਥਾਰ ਹੈ
ਰੁੱਖਾਂ 'ਚ ਜੰਗਲ
ਜੰਗਲ ਰੁੱਖਾਂ ਵਿਚਕਾਰ ਹੈ

-0-

ਪੌਣ ਇਕਾਂਤ ਹੈ
ਭੈਅ ਹੇਠ ਵਗਦੀ ਹੈ
ਜੰਗਲ ਦੇ ਫੇਫੜਿਆਂ 'ਚ
ਪ੍ਰਾਣ ਧਰਦੀ ਹੈ
ਰੁੱਖ 'ਚੋਂ ਬੀਜ
ਬੀਜ 'ਚੋਂ ਰੁੱਖ ਉੱਗਦੇ ਹਨ

ਇਕਾਂਤ ਦੀ ਦੇਹ 'ਚ
ਕੁਦਰਤ ਦੇ ਸਾਹ ਧੜਕਦੇ ਹਨ

−0−

ਇਕਾਂਤ ਦੇ ਨੈਣਾਂ 'ਚ
ਚੰਨ ਸੂਰਜ ਤਾਰੇ ਡੁਲ੍ਹਕਦੇ ਹਨ
ਇਕਾਂਤ ਦੇ ਮੁਖੜੇ ਤੋਂ
ਸੱਚ ਸੁੰਦਰਤਾ ਕਲਿਆਣ
ਝਲਕਦੇ ਹਨ
ਇਕਾਂਤ 'ਚ
ਮਨੁੱਖ ਦੀ ਜੜ੍ਹ ਹੈ
ਇਕਾਂਤ ਜਿਧਰ ਵੀ ਤੱਕਦੀ ਹੈ
ਨਿਹਮਤਾਂ ਤੇ ਰਹਿਮਤਾਂ ਦੀ
ਝੜੀ ਲਗਦੀ ਹੈ

−0−

ਮਨੁੱਖ ਨੂੰ
ਆਪਣੀ ਪਹਿਚਾਣ ਹੁੰਦੀ ਹੈ
ਜ਼ਿੰਦਗੀ
ਨਵੇਂ ਰਾਹ ਸਿਰਜਦੀ ਹੈ
ਜ਼ਿੰਦਗੀ ਲਈ
ਜ਼ਿੰਦਗੀ ਕੁਰਬਾਨ ਹੁੰਦੀ ਹੈ
ਬਿੰਦੂਆਂ ਤੋਂ
ਦਾਇਰਿਆਂ 'ਚ ਬਦਲਦੀ ਹੈ
ਜ਼ਿੰਦਗੀ
ਜ਼ਿੰਦਗੀ ਦੇ ਵਿਹੜੇ
ਸੂਰਜਾਂ ਦੇ ਕਾਫ਼ਲੇ ਧਰਦੀ ਹੈ

−0−

ਇਕਾਂਤ ਦੇ ਸਿਰ ਹੇਠ
ਯੁੱਧਬੰਦੀ ਦਾ ਧੜ ਹੈ
ਇਕਾਂਤ
ਸ਼ਾਂਤੀ ਤੇ ਸਬਰ ਸੰਤੋਖ ਦੀ

ਜੜ੍ਹ ਹੈ
ਜਿਸ ਵਿਚ ਜ਼ਿੰਦਗੀ ਦਾ
ਰਿਜ਼ਕ ਹੈ
ਮਨੁੱਖਤਾ ਦਾ ਵਸੇਰਾ ਹੈ
ਇਕਾਂਤ ਦਾ ਹਿਰਦਾ
ਕੁਦਰਤ ਤੇ ਕਾਦਰ ਦਾ ਡੇਰਾ ਹੈ
–0–
ਮਨੁੱਖ ਲਈ
ਦਇਆ ਪ੍ਰੇਮ ਤੇ ਸਿਦਕ ਹੁੰਦਾ ਹੈ
ਪਿਆਸ ਲਈ ਜਲ
ਤ੍ਰਿਸ਼ਨਾ ਲਈ ਤ੍ਰਿਪਤੀ
ਭੁੱਖ ਲਈ ਅੰਨ ਹੁੰਦਾ ਹੈ
ਮਨੁੱਖ ਆਪਣੀ ਸ਼ੋਭ
ਹੰਢਾਉਂਦਾ ਹੈ
ਘਰ ਦੇ ਮੱਥੇ ’ਤੇ ਚੜ੍ਹਿਆ
ਚੰਨ ਹੁੰਦਾ ਹੈ
ਇਕਾਂਤ
ਜਿਸ ਦਾ ਦਰ ਹੁੰਦਾ ਹੈ
ਉਸ ਘਰ ਨੂੰ
ਖੁਸ਼ੀਆਂ ਰੌਣਕਾਂ ਸੁੱਖਾਂ ਦਾ
ਵਰ ਹੁੰਦਾ ਹੈ
–0–
ਪੈਰ ਸਿਰ ਤਕ ਟੁਰੇ
ਸਿਰ ਪੈਰਾਂ ’ਚ ਉਤਰਿਆ
ਪੈਰਾਂ ’ਤੇ ਸਿਰ ਦਾ ਸਫ਼ਰ
ਜਿੱਥੇ ਵੀ ਅੱਪੜਿਆ
ਉੱਥੇ ਇਕਾਂਤ ਸੀ
ਇਕੱਲਤਾ ਨਹੀਂ
ਜਿੱਥੇ ਇਕੱਲਤਾ ਹੈ
ਉੱਥੇ ਰੌਣਕਾਂ ਦੀ ਆਵਣ

ਜਾਵਣ ਨਹੀਂ
ਔੜਾਂ ਹਨ ਸਾਵਨ ਨਹੀਂ

–0–

ਜ਼ਿੰਦਗੀ ਦੀ ਖੜੌਂਤ ਹੈ
ਨਾ ਕੋਈ ਪੰਨੂੰ ਨਾ ਸੱਸੀ
ਨਾ ਸਹਿਰਾ ਹੋਤ ਹੈ
ਨਾ ਜਿਸਮ ਨਾ ਪ੍ਰਾਣ ਹੈ
ਇਕੱਲਤਾ
ਮੌਸਮ ਰੁੱਤਾਂ ਬਹਾਰਾਂ ਦਾ
ਸ਼ਮਸ਼ਾਨ ਹੈ
ਨਾ ਸਹਿਜ ਹੈ
ਨਾ ਕੋਈ ਤੂਫਾਨ ਹੈ
ਇਕੱਲਤਾ 'ਚ
ਕਬਰਾਂ ਦੀ ਮਿੱਟੀ ਜਵਾਨ ਹੈ

–0–

ਨਾ ਭੂਤ ਨਾ ਵਰਤਮਾਨ
ਨਾ ਭਵਿਖ ਹੈ
ਇਕੱਲਤਾ ਸਮੇਂ ਦੀ ਲਾਸ਼ ਹੈ
ਨਾ ਚੀਕ ਹੈ ਨਾ ਸੁਰ ਹੈ
ਨਾ ਕੋਈ ਆਵਾਜ਼ ਹੈ
ਇਕੱਲਤਾ
ਚੁੱਪ ਤੇ ਸਰਨਾਟੇ ਦਾ ਸਾਜ਼ ਹੈ

–0–

ਇਕਾਂਤ 'ਚ ਭਟਕਣ ਨਹੀਂ
ਸਥਿਰਤਾ ਦਾ ਅਹਿਸਾਸ ਹੈ
ਇਕਾਂਤ ਦੇ ਕੰਠ 'ਚ
ਬੇਅਵਾਜ਼ ਦੀ ਆਵਾਜ਼ ਹੈ
ਇਕਾਂਤ ਸੱਚ ਦਇਆ
ਸੰਤੋਖ ਜੀਵਨ ਦਾ ਸਾਜ਼ ਹੈ
ਇਕਾਂਤ 'ਚੋਂ ਉੱਠੀ

ਆਪਣੇ ਆਪ ਨੂੰ
ਮਾਰੀ ਆਵਾਜ਼ ਹੈ

–0–

ਆਪਣੀ ਰੂਹ 'ਚੋਂ
ਜਿਸਮ 'ਚ ਉਤਾਰੀ ਆਵਾਜ਼ ਹੈ
ਆਪਣਾ ਭੇਦ
ਜਾਨਣ ਦਾ ਰਾਜ਼ ਹੈ
ਇਕਾਂਤ
ਮਾਨਵ ਦੇਹ ਦੀ ਸੁੰਦਰਤਾ
ਮਾਨਵਤਾ ਦਾ ਮੂਲ ਹੈ
ਸਵੈ ਸੱਚ ਦਾ ਅਹਿਸਾਸ ਹੈ
ਮਾਨਵ ਆਪਣੇ ਪਾਸ ਹੈ
ਦੇਹ ਤੋਂ ਸਵੈ ਸੱਚ ਤਕ ਦੇ ਸਫ਼ਰ 'ਚ
ਇਕਾਂਤ ਸੀ ਇਕੱਲਤਾ ਨਹੀਂ

–0–

ਇਕਾਂਤ
ਦੇਹ ਦੀ ਪ੍ਰਯੋਗਸ਼ਾਲਾ ਹੈ
ਇਸ ਪ੍ਰਯੋਗਸ਼ਾਲਾ 'ਚ
ਜੇ ਪ੍ਰਯੋਗਿਆ ਮਨੁੱਖ ਜਾਵੇ
ਆਪਣੀ ਨਿਰੋਲਤਾ ਦੇ ਸੱਚ ਦੀ
ਸ਼ੋਭਾ ਆਪ ਹੰਢਾਵੇ
ਆਪਣੇ ਆਦਿ
ਆਪਣੀ ਜੜ੍ਹ 'ਚ ਉਤਰ ਜਾਵੇ
ਧਰਤ ਦੀ ਮਹਿਕ ਬਣ ਜਾਵੇ
ਚੰਨਾ ਸੂਰਜਾਂ ਤਾਰਿਆਂ ਵਾਂਗ
ਅੰਬਰ 'ਤੇ ਚੜ੍ਹ ਜਾਵੇ

–0–

ਆਪਣੀ ਮੈਂ ਤਿਆਗੇ
ਸਿਰਫ ਤੇਰਾ ਹੋ ਜਾਵੇ
ਮਨੁੱਖ ਦਾ ਰੌਸ਼ਨ

ਅੰਦਰ ਤੇ ਚੁਫੇਰਾ ਹੋ ਜਾਵੇ
ਮਨੁੱਖ ਦਾ ਵਸੇਰਾ ਹੋ ਜਾਵੇ
ਮਨੁੱਖ ਮਨੁੱਖਤਾ ਤੇ
ਦੁਨੀਆਂ 'ਚੋਂ ਦੂਰ ਹਨੇਰਾ ਹੋ ਜਾਵੇ

−0−

ਮਨੁੱਖ ਪੈਰ ਪੁੱਟੇ
ਤੇ ਇਕਾਂਤ 'ਚ ਧਰੇ
ਸੁੱਖ ਸ਼ਾਂਤੀ ਦੇ ਕੁਰੂਖਸ਼ੇਤਰ 'ਚ
ਆਪਣਾ ਜੀਵਨ ਯੁੱਧ ਲੜੇ
ਹੋ ਕੇ ਵਿਜਈ
ਸੂਰਜ ਬਣਕੇ ਅੰਬਰ 'ਤੇ ਚੜ੍ਹੇ
ਮਨੁੱਖ ਮਨੁੱਖ ਦਾ ਦਾਮਨ ਫੜੇ
ਬਣਕੇ ਜੋਤ ਚਾਨਣ ਦੀ ਜਗੇ

−0−

ਅੱਖਾਂ 'ਚ ਵਸਾਵੇ
ਚਿਹਰਾ ਇਕਾਂਤ ਦਾ
ਮਿਸ਼ਰਨ ਸੁੱਖ ਸ਼ਾਂਤੀ ਦਾ
ਜੀਭਾਂ 'ਤੇ ਧਰੇ
ਆਪਣੇ ਚਾਨਣ ਸੰਗ
ਰੰਗਿਆ ਜਾਏ
ਆਪਣੇ ਆਪ ਨੂੰ ਆਵਾਜ਼ ਮਾਰੇ
ਆਪਣੇ ਆਪ ਦਾ
ਪਿੱਛਾ ਕਰੇ
ਆਪਣਾ ਆਪ
ਆਪਣੀਆਂ ਮੁੱਠਾਂ 'ਚ ਫੜੇ
ਪੈਰਾਂ ਤੋਂ ਸਿਰ ਦੇ ਸਫ਼ਰ ਤਕ
ਇਕਾਂਤ ਸੀ
ਇਕੱਲਤਾ ਨਹੀਂ
ਜੋਸ਼ ਸੀ ਹੋਸ਼ ਸੀ ਨਿਰਬਲਤਾ ਨਹੀਂ

−0−

## ਸੰਕੇਤਕ ਬਿੰਦੂ

ਮੇਰੀ ਦੇਹ 'ਚੋਂ
ਅਣਗਿਣਤ ਅੱਖਾਂ 'ਤੇ
ਸਿਰ ਉੱਗ ਆਏ ਹਨ
ਅਣਗਿਣਤ
ਪੈਰ ਮੇਰੇ ਪੈਰਾਂ 'ਚ
ਅਣਗਿਣਤ ਚਿਹਰੇ
ਮੇਰੇ ਚਿਹਰੇ 'ਚ ਸਮਾਏ ਹਨ

–0–

ਉੱਤਰ ਪੂਰਬ ਪੱਛਮ ਦੱਖਣ
ਮੇਰੀਆਂ ਬਾਹਾਂ ਦੇ ਖਿਲਾਰ 'ਚ
ਹਨ
ਕਈਆਂ ਰੰਗਾਂ ਜਾਤਾਂ
ਨਸਲਾਂ ਦੇ ਲੋਕ
ਮੇਰੀ ਦੇਹ 'ਚ ਉਤਰ ਆਏ ਹਨ

–0–

ਮੇਰੀ ਜ਼ੁਬਾਨ 'ਤੇ
ਬੇਅੰਤ ਬੋਲੀਆਂ ਹਨ
ਕੰਠ 'ਚ
ਬੇਅੰਤ ਭਸ਼ਾਵਾਂ ਦਾ ਵਸੇਰਾ ਹੈ
ਕਈ ਸਭਿਆਚਾਰ
ਰਸਮਾਂ ਰੀਤੀ ਰਿਵਾਜ਼
ਮੇਰੀ ਧੁੰਨੀ 'ਚੋਂ ਪੁੰਗਰ ਆਏ ਹਨ

–0–

ਮੇਰਾ ਵਿਹੜਾ
ਗਗਨ ਦਾ ਥਾਲੁ ਹੋ ਗਿਆ ਹੈ
ਜਿਸ 'ਚ
ਚੰਨਾਂ ਸੂਰਜਾਂ ਤਾਰਿਆਂ
ਬ੍ਰਹਿਮੰਡਾਂ ਦਾ ਡੇਰਾ ਹੈ
ਮਨੁੱਖਤਾ ਦੇ ਚਾਨਣ ਨਾਲ

ਭਰਿਆ ਵਜੂਦ ਮੇਰਾ ਹੈ
ਸੱਚ ਸੁੰਦਰਤਾ ਤੇ ਸਰਬਤਤਾ
ਮਨੁੱਖ ਦਾ ਚਾਨਣ
ਮੇਰੇ ਮੱਥੇ ਦਾ ਨੂਰ ਹੈ
ਰੱਬੀ ਨੂਰ ਦਾ ਚਾਨਣ
ਮੇਰੇ ਵਿਹੜੇ 'ਚ ਬਰਸਦਾ ਹੈ
ਰੱਬੀ ਨੂਰ 'ਚ ਭਿੱਜਿਆ
ਅੰਗ ਅੰਗ ਮੇਰਾ

-0-

ਪਿੰਡ ਤੋਂ ਸ਼ਹਿਰ
ਸ਼ਹਿਰ ਤੋਂ ਪ੍ਰਾਂਤ
ਪ੍ਰਾਂਤ ਤੋ ਦੇਸ਼ ਟੁਰਿਆ ਹੈ
ਤੇ ਵਿਸ਼ਵ-ਘਰ 'ਚ
ਆਣ ਵਸਿਆ ਹੈ
ਵਿਸ਼ਵ ਆਪਣੇ
ਆਪ ਦੇ ਨਕਸ਼ੇ 'ਚ
ਛੋਟਾ ਜਿਹਾ ਪਿੰਡ ਬਣਕੇ
ਰਹਿ ਗਿਆ ਹੈ
ਮਨੁੱਖ ਦਾ ਬਿੰਦੂ
ਦਾਇਰਾ ਬਣ ਗਿਆ ਹੈ
ਵਿਸ਼ਵ ਰੂਪ 'ਚ ਢਲ਼ ਗਿਆ ਹੈ
ਮਨੁੱਖ ਮਨੁੱਖ ਤੋਂ
ਮਨੁੱਖਤਾ 'ਚ ਬਦਲ ਗਿਆ ਹੈ

-0-

ਵਖ ਵਖ ਰੂਪਾਂ 'ਚ ਵੰਡੀ
ਵਖਰੀ ਵਖਰੀ ਮਨੁੱਖਤਾ
ਮਨੁੱਖਤਾ ਦਾ
ਇਕ ਰੂਪ ਹੋ ਗਈ ਹੈ
ਵਿਹੜਿਆਂ ਦੀਆਂ ਕੰਧਾਂ
ਢਹਿ ਗਈਆਂ ਹਨ

ਦੇਸ਼ਾਂ ਤੇ ਮੁਲਕਾਂ ਦੇ ਵਜੂਦ
ਮਿਟ ਗਏ ਹਨ
ਵਿਸ਼ਵ ਦੀ ਸਾਰੀ ਮਨੁੱਖਤਾ
ਧਰਤ ਦੇ ਇਕ ਥਾਲ ’ਚ
ਸਮਾ ਗਈ ਹੈ
ਨਾ ਹੁਣ ਮਨੁੱਖ ’ਚ
ਧਰਤੀਆਂ ਵੰਡੀਆਂ ਹਨ
ਨਾ ਅਕਾਸ਼ ਵੰਡਿਆ ਹੈ
ਨਾ ਜਲ ਨਾ ਹਵਾ ਵੰਡੀ ਹੈ
–0–
ਵਿਸ਼ਵ ਦੇਹ ’ਚ
ਕਈ ਕ੍ਰਿਸ਼ਨ ਕਈ ਰਾਮ ਹਨ
ਕਈ ਈਸਾ ਕਈ ਹਜ਼ਰਤ
ਕਈ ਨਾਨਕ ਹਨ
ਕਈ ਦੇਵੀ ਦੇਵਤੇ
ਆਪਣੀਆਂ ਪੁਰੀਆਂ ਤਿਆਗ
ਵਿਸ਼ਵਪੁਰੀ ਵਿੱਚ ਆਣ
ਵਸੇ ਹਨ।
–0–
ਕਈ ਯੋਧੇ ਮਹਾਂਬਲੀ
ਸ਼ਹਿਨਸ਼ਾਹ ਦਰਵੇਸ਼
ਪੀਰਾਂ ਫਕੀਰਾਂ ਦਾ ਵੇਸ
ਇਹ ਧਰਤੀ ਹੋ ਗਈ ਹੈ
ਵਖ ਵਖ ਦੇਸ਼ਾ ਦੀ ਸਮਗਰੀ
ਤੇ ਸੱਤਾ
ਵਿਸ਼ਵ ਸਮਗਰੀ ਤੇ ਸੱਤਾ
ਹੋ ਗਈ ਹੈ
ਸਮੁੱਚੀ ਮਨੁੱਖਤਾ
ਇਸ ਸੱਤਾ ਦੀ ਧਾਰਨੀ ਹੈ
ਮਨੁੱਖ ਨੇ ਇਹ ਸੱਤਾ

ਮਨੁੱਖਤਾ ਲਈ
ਮਨੁੱਖਤਾ 'ਚੋਂ ਉਸਾਰੀ ਹੈ
ਮਨੁੱਖਤਾ ਦੇ ਉਜਲੇ
ਭਵਿੱਖ 'ਚ ਉਤਾਰੀ ਹੈ

–0–

ਮਨੁੱਖ
ਹਰ ਜੀਵ ਜੰਤੂ ਪਸ਼ੂ ਪਖਸ਼ੀ ਦਾ
ਇਕੋ ਹੀ ਦੇਸ਼ ਹੈ
ਇਕੋ ਆਸਮਾਂ ਇੱਕੋ ਧਰਤ
ਵਿਸ਼ਵ ਦੀ ਬੁੱਕਲ 'ਚ
ਮਨੁੱਖ ਦੀ ਹੋਂਦ ਹੈ
ਮਨੁੱਖਤਾ ਦਾ ਵਸੇਰਾ ਹੈ
ਮਨੁੱਖ ਦਾ
ਮਨੁੱਖਤਾ ਧਰਮ ਹੈ
ਮਨੁੱਖ ਦੀ
ਮਨੁੱਖਤਾ ਜ਼ੁਬਾਨ ਹੈ
ਵਖਰੇ–ਵਖਰੇ ਰੰਗਾਂ
ਨਖਸ਼ਾਂ ਤੇ ਚਿਹਰਿਆਂ ਦੀ
ਦਿਸਦਾ ਨਜ਼ਰ ਤੋਂ ਦੂਰ ਹੈ

—0—

ਵਿਸ਼ਵ ਦਾ ਸੱਚ ਹੀ
ਬਸ ਸੱਚ ਹੈ
ਬਾਕੀ ਤਾਂ ਸਭ ਕੁੱਝ ਕੱਚ ਹੈ
ਮਨੁੱਖ ਦੇ ਸੰਕੇਤਕ ਬਿੰਦੂ ਦਾ ਸੱਚ
ਜਦ ਵਿਸ਼ਵ ਦੇ ਸੱਚ 'ਚ ਰਲ ਗਿਆ
ਬੰਦੇ ਦਾ ਸੱਚ ਜਨਮਿਆ
ਭਰਮ ਦਾ ਭਰਮ ਮਿਟ ਗਿਆ

—0—

ਬੰਦਾ
ਵਿਸ਼ਵ ਸੱਚ ਦਾ ਚਾਕਰ ਹੋ ਗਿਆ

ਅੰਦਰਲੇ ਸੱਚ ਦੀ ਗਾਗਰ ਸੀ
ਬਾਹਰਲੇ ਸੱਚ ਦਾ ਸਾਗਰ ਹੋ ਗਿਆ
ਆਪਣੀ ਦੇਹ ਦੇ ਬਿੰਦੂ 'ਚੋਂ
ਝਾਕਿਆ
ਮਨੁੱਖਤਾ ਦੇ ਸੱਚ ਦਾ ਦਾਇਰਾ
ਹੋ ਗਿਆ
ਮਨੁੱਖਤਾ ਦੇ ਵਜੂਦ 'ਚ ਰਲ ਗਿਆ
ਮਨੁੱਖ ਤੋਂ ਮਨੁੱਖਤਾ 'ਚ ਢਲ ਗਿਆ

—0—

ਮਨੁੱਖ ਨੇ
ਜਿਸਮ ਤੋਂ ਦੇਹ ਉਤਾਰੀ ਹੈ
ਪਿੰਡੇ ਦੇ ਸੱਚ ਤੋਂ
ਵਿਸ਼ਵ ਸੱਚ ਤੱਕ ਮਾਰੀ
ਉਡਾਰੀ ਹੈ
ਸੱਚ ਦਾ ਨੂਰ ਇਕ ਹੈ
ਨੂਰ ਦਾ ਰੰਗ ਇਕ ਹੈ
ਇਕੋਂ ਪ੍ਰਾਣ ਹੈ
ਜੋ ਮਨੁੱਖ ਤੇ ਮਨੁੱਖਤਾ ਦੀ
ਜਾਨ ਹੈ ਸਾਂਝ ਹੈ
ਵੱਖ-ਵੱਖ ਬੋਲੀਆਂ ਦੇ
ਸ਼ਬਦ ਵੱਖਰੇ ਹਨ
ਪਰ ਇਕੋਂ ਕੰਠ ਹੈ
ਇਕੋਂ ਸੁਰ ਹੈ ਇਕੋਂ ਅਵਾਜ਼ ਹੈ
ਜ਼ਿੰਦਗੀ ਦੇ ਅਗਾਜ਼ ਤੇ
ਹਸ਼ਰ ਦਾ
ਇਕੋਂ ਮੁਕਾਮ ਹੈ

—0—

ਇਕੋਂ ਬੀਜ ਹੈ ਇਕੋਂ ਰੁੱਖ ਹੈ
ਜ਼ਿੰਦਗੀ ਦੇ ਆਉਣ
ਜਾਣ ਦਾ

ਇਕੋਂ ਦੁਆਰ ਹੈ
ਵਿਸ਼ਵ ਦਾ ਸੱਚ
ਮਨੁੱਖ ਦੇ ਸੱਚ 'ਚ ਸਮਾਇਆ ਹੈ
ਮਨੁੱਖ ਦਾ ਸੱਚ
ਵਿਸ਼ਵ ਦੇ ਸੱਚ ਦਾ
ਬਣ ਨੂਰ ਆਇਆ ਹੈ

—0—

## ਪੱਥਰ ਦਾ ਬੁੱਤ

### ਪ੍ਰਭਾਵ ਪਹਿਲਾ

ਮੈਂ ਪੱਥਰ ਦਾ ਬੁੱਤ
ਚੁੱਪ ਉਦਾਸੀ ਇੱਕਲਤਾ
ਉਜਾੜਾ ਨਾਲ ਭਰਿਆ ਹਾਂ
ਕੋਈ ਸੁਰ ਰਾਗ ਸੰਗੀਤ
ਨਾ ਕੋਈ ਸਾਜ ਹੈ
ਨਾ ਬੋਲ ਨਾ ਅਵਾਜ਼ ਹੈ

—0—

ਫਿਰ ਵੀ
ਮੰਦਿਰ 'ਚ ਵਸੇਰਾ ਹੈ
ਨਾ ਮੈਂ ਰੱਬ ਹਾਂ
ਨਾ ਮੰਦਿਰ 'ਚ
ਕੋਈ ਵਜੂਦ ਮੇਰਾ ਹੈ
ਮੈਂ ਗਤੀ ਰਹਿਤ ਚੇਤਨਹੀਣ ਹਾਂ
ਜ਼ਿੰਦਗੀ
ਮੂੰਹ ਫੇਰ ਕੰਡ ਦੇ ਕੇ ਟੁਰ ਗਈ
ਮੇਰੀ ਦੇਹ 'ਚ ਸ਼ਮਸ਼ਾਨ
ਤੇ ਜ਼ੁਬਾਨ 'ਤੇ
ਕਬਰਾਂ ਦੀ ਚੁੱਪ ਧਰ ਗਈ

—0—

ਰੌਣਕਾਂ ਆਪਣਾ ਸਿਰਨਾਵਾਂ
ਮੇਰੀ ਪਿੱਠ ਤੇ ਲਿਖ ਕੇ
ਮੇਰੇ ਮਸਤਕ 'ਚੋਂ
ਆਲੋਪ ਹੋ ਗਈਆਂ
ਮੇਰੇ ਵਰਤਮਾਨ 'ਚੋਂ ਨੁਚੜ ਗਈਆਂ
ਬੀਤੇ 'ਚ ਗੁਆਚ ਗਈਆਂ
ਭੱਵਿਖ ਦਾ ਰਾਹ ਭੁੱਲ ਗਈਆਂ
ਪਿੱਠ ਤੇ

ਜੇ ਅੱਖਾਂ ਉੱਗਦੀਆਂ
ਬਜ਼ਾਰਾ ਸੜਕਾਂ ਤੇ ਭੀੜਾਂ 'ਚ
ਰੌਣਕਾਂ ਭਾਲਦਾ
ਪਹਾੜਾਂ ਨੂੰ ਫਿਰੋਲਦਾ
ਧਰਤੀ ਦਾ ਸੀਨਾ ਚੀਰ ਦਾ
ਅੰਬਰ ਨੂੰ ਖੋਲ੍ਹਦਾ
ਬਹਾਰਾਂ ਦੇ ਦਰਾਂ ਤੇ ਦਸਤਕ
ਦਿੰਦਾ
ਮੌਸਮਾਂ ਦੇ ਵਜੂਦ
ਆਪਣੀ ਦੇਹ ਦੇ ਸਹਿਰਾ 'ਚ
ਉਤਾਰ ਦਾ ਰੌਣਕਾਂ ਬੀਜ ਦਾ
ਆਪਣੇ ਆਪ 'ਚੋਂ
ਰੌਣਕਾਂ ਉਸਾਰ ਦਾ

—0—

**ਪ੍ਰਭਾਵ ਦੂਜਾ**
**ਪੱਥਰ ਦੇ ਬੁੱਤ ਦਾ ਅੰਤਰੀਵ**

ਮੈਂ ਪੱਥਰ ਦਾ ਅੱਥਰੂ
ਆਪਣੀਆਂ ਅੱਖਾਂ 'ਚ ਆਇਆ
ਤਾਂ ਕਿਸ ਤਰ੍ਹਾਂ
ਮੈਂ ਗਤੀ ਰਹਿਤ ਚੇਤਨਾਹੀਣ
ਕਲਪਣਾ 'ਚ ਸਮਾਇਆ
ਤਾਂ ਕਿਸ ਤਰ੍ਹਾਂ
ਇਹ ਸਵਾਲੀਆਂ ਨਿਸ਼ਾਨ ਹੈ
ਮੇਰੇ ਲਈ

—0—

ਐ ਬੁੱਤ ਕਰਾਸ਼
ਮੇਰੀ ਗਤੀ 'ਚ
ਮੇਰੀ ਅਗਤੀ ਦਾ ਅਕੂੰਰ ਹੈ
ਮੇਰੀ ਅਗਤੀ
ਤੇਰੀ ਗਤੀ ਦੀ ਪਹਿਚਾਣ ਹੈ
ਤੇਰੇ ਹੱਥਾਂ ਦੀ ਛੋਹ ਤੋਂ
ਮੈਂ ਫੁੱਲਾਂ ਦੇ ਰੰਗ
ਕਲੀਆਂ ਦੀ ਮਹਿਕ
ਮੌਸਮਾਂ ਬਹਾਰਾਂ ਰੁੱਤਾਂ
ਤੇ ਝੂਲਦੇ ਰੁੱਖਾਂ ਨੂੰ ਮਹਿਸੂਸ
ਕਰਦਾ ਹਾਂ
ਆਪਣੀਆਂ ਬਾਹਾਂ 'ਚ
ਤੇਰੀਆਂ ਅੱਖਾਂ 'ਚ ਜਗਦੇ
ਮਹਿਕਦੇ
ਗੁਲਜ਼ਾਰ ਫੜਦਾ ਹਾਂ

—0—

ਮੈਂ ਪੱਥਰ ਦੀ ਦੇਹ
ਮੇਰੇ 'ਚ ਜਜ਼ਬਾ ਆਇਆ

ਤਾਂ ਕਿਸ ਤਰ੍ਹਾਂ
ਮੈਂ ਗਤੀ ਰਹਿਤ ਚੇਤਨਹੀਣ
ਮੇਰੇ ਦਿਲ 'ਚ ਜਜ਼ਬੈ
ਸਮਾਇਆ
ਤਾਂ ਕਿਸ ਤਰ੍ਹਾਂ

—0—

ਐ ਬੁੱਤ ਤਰਾਸ਼
ਤੇਰੇ ਸਾਗਰ 'ਚ
ਸਹਿਰਾ ਦਾ ਸਾਇਆ ਹੈ
ਜਿਸ ਤਰ੍ਹਾਂ ਤੇਰੇ ਸ਼ੋਰ 'ਚ
ਚੁੱਪ ਦਾ ਵਜੂਦ ਸਮਾਇਆ ਹੈ
ਮੇਰਾ ਸਹਿਰਾ ਮੇਰੀ ਚੁੱਪ
ਤੇਰੇ ਸ਼ੋਰ ਤੇ ਸਾਗਰ ਦੀ
ਸਿਆਣ ਹੈ
ਜਿਸ 'ਚ ਮੇਰੀ ਪਹਿਚਾਣ ਹੈ

—0—

ਐ ਬੁੱਤ ਤਰਾਸ਼
ਇਹ ਤੇਰੀ ਸਿਰਜਣਾ ਦਾ
ਕ੍ਰਿਸ਼ਮਾ ਹੈ
ਕਿ ਤੂੰ ਬੁੱਤ 'ਚ ਜਾਨ ਪਾਈ
ਜ਼ਿੰਦਗੀ
ਮੇਰੀ ਪੱਥਰ ਹੋਈ ਦੇਹ ਦੇ
ਦੁਆਰ ਤੇ ਆਈ
ਵਗਦੀਆਂ ਪੌਣਾ
ਟੁਰਦੀ ਧਰਤੀ
ਘੁੰਮਦੇ ਆਸਮਾ ਦਾ
ਅਹਿਸਾਸ ਹੋਇਆ
ਬੀਜ ਦੇ ਸੱਚ ਦਾ ਅਨੁਭਵ
ਰੁੱਖ ਦੀ ਸਿਰਜਣਾ ਦਾ
ਪਾਸ ਹੋਇਆ

—0—

ਮੈਂ ਪੱਥਰ ਦੇਹ
ਗਤੀ ਰਹਿਤ ਚੇਤਨਹੀਣ
ਮੇਰੇ 'ਚ
ਦ੍ਰਿਸ਼ਟੀ ਕਿੰਜ ਸਿਰਜੀ ਗਈ
ਐ ਬੁੱਤ ਤਰਾਸ਼
ਤੇਰੀ ਕਲਾ ਸਿਰਜਣਾ ਦਾ ਸੱਚ
ਮੇਰੇ 'ਚ
ਦ੍ਰਿਸ਼ਟੀ ਸਿਰਜ ਗਿਆ
ਪੱਥਰ ਤੋਂ ਬੁੱਤ ਕਰ ਗਿਆ
ਬੁੱਤ 'ਚ
ਜ਼ਿੰਦਗੀ ਧਰ ਗਿਆ
ਤੇਰੀ ਦ੍ਰਿਸ਼ਟੀ 'ਚ
ਮੇਰੇ ਹਨੇਰੇ ਦਾ ਪਸਾਰ ਹੈ
ਮੇਰੇ ਹਨੇਰੇ 'ਚ ਹੀ
ਤੇਰੀ ਦ੍ਰਿਸ਼ਟੀ ਦੇ ਚਾਨਣ ਦਾ
ਵਿਸਥਾਰ ਹੈ

—0—

ਐ ਬੁੱਤ ਤਰਾਸ਼
ਹੁਣ ਨਾ ਜਿੱਤਣ ਦੀ ਇੱਛਾ ਹੈ
ਨਾ ਹਾਰਨ ਲਈ ਕੁੱਝ ਕੋਲ ਹੈ
ਸੈਨਿਕ ਘੋੜ ਸੁਵਾਰ
ਬਰਛੇ ਭਾਲੇ
ਟੁੱਕੜੀਆ ਫ਼ੌਜ਼ਾਂ ਦੀਆਂ
ਹਾਥੀ ਮਤਵਾਲੇ
ਰੱਥਾਂ ਦੇ ਪਹੀਆਂ ਦਾ ਸ਼ੋਰ
ਚੀਕ ਚਿਹਾੜਾ
ਫਤਹਿ ਦੇ ਪ੍ਰਚਮ ਤੇ
ਸੰਖਾਂ ਦੀ ਗੂੰਜ
ਸਭ ਥੇਹ ਹੋ ਗਏ ਹਨ

ਜਦ ਸ਼ਹਿਨ ਸ਼ਾਹ
ਮੇਰੇ ਦਰ ਆਉਂਦੇ ਸਨ
ਮੇਰਾ ਅਸ਼ੀਰਵਾਦ ਪਾਉਂਦੇ ਸਨ

—0—

ਹੁਣ ਤਾਂ
ਜੀਵਨ ਦੀ ਆਸ ਮੁੱਕ ਗਈ ਹੈ
ਸਮੇਂ ਦੇ ਚੱਕਰ ਪੁੱਠੇ ਗਿੜ
ਗਏ ਹਨ
ਜ਼ਿੰਦਗੀ ਦਾ ਸਫਰ
ਹਨੇਰਿਆ 'ਚ ਖੋਹ ਗਿਆ ਹੈ
ਜ਼ਿੰਦਗੀ ਦੇ
ਮੱਥੇ ਦਾ ਸੂਰਜ ਉਹਲੇ ਹੋ
ਗਿਆ ਹੈ

—0—

ਮੈਂ ਪੱਥਰ ਦੇਹ
ਗਤੀ ਰਹਿਤ ਚੇਤਨਹੀਣ
ਮੇਰੇ 'ਚ ਫਤਹਿ ਤੇ ਸਿਕਸ਼ਤ ਦਾ
ਅਹਿਸਾਸ ਕਿੰਜ ਆਇਆ
ਐ ਬੁੱਤ ਤਰਾਸ਼
ਮੈਂ ਸ਼ਮਸ਼ਾਨ
ਮੇਰੀਆਂ ਕਬਰਾਂ 'ਚ
ਜੀਵਨ ਦਾ ਅਕੂੰਰ ਹੈ
ਜੋ ਮੇਰੇ 'ਚੋਂ ਉੱਗਦਾ ਹੈ
ਤੇਰੇ 'ਚ ਪਲਰਦਾ ਹੈ
ਮੈਂ ਪੱਥਰ ਦਾ ਬੁੱਤ ਜੀਵਨ
ਰਹਿਤ ਹਾਂ
ਮੇਰੇ 'ਚ ਬਹਾਰਾਂ ਮੌਸਮਾਂ
ਰੁੱਤਾਂ ਦਾ ਡੇਰਾ ਹੈ
ਜਿੰਨਾਂ ਦਾ ਅਗਾਜ਼ ਵੀ ਮੇਰਾ ਹੈ
ਹਸ਼ਰ ਵੀ ਮੇਰਾ ਹੈ

—0—
ਮੈਂ ਪੱਥਰ
ਮੇਰੇ 'ਚੋਂ ਪੱਥਰ ਦਾ ਬੁੱਤ
ਸਿਰਜਿਆ ਤਾਂ ਗਿਆ
ਪਰ ਪੱਥਰ ਦੀ
ਤਾਸੀਰ ਤੇ ਜਾਮੀਰ ਬਣ ਕੇ
ਰਹਿ ਗਿਆ
ਜ਼ਿੰਦਗੀ
ਮੇਰੇ ਤੋਂ ਬਹੁਤ ਅੱਗੇ ਨਿਕਲ
ਗਈ
ਮੈਂ ਜ਼ਿੰਦਗੀ ਤੋਂ
ਬਹੁਤ ਪਿੱਛੇ ਰਹਿ ਗਿਆ
—0—
ਮੈਂ ਸੁੱਕਾ ਖੂਹ
ਖਾਲੀ ਟਿੰਡਾ ਵਾਂਗ
ਗਿੜਦਾ ਰਿਹਾ
ਦਿਸ਼ਾਹੀਣਤਾ ਦੀ ਪ੍ਰਕਰਮਾਂ
ਕਰਦਾ ਰਿਹਾ
ਸੂਰਜ ਸਾਂਵੇ
ਦੀਵੇ ਬਾਲ ਕੇ ਧਰਦਾ ਰਿਹਾ
—0—
ਮੈਂ ਪੱਥਰ ਨਹੀਂ
ਪੱਥਰ 'ਚੋਂ ਤਰਾਸ਼ਿਆ
ਬੁੱਤ ਹਾਂ
ਕਿਸੇ ਜੀਵਤ ਸ਼ਕਲ ਦਾ
ਅਕਾਰ ਹਾਂ
ਰੂਪ ਹਾਂ ਰੰਗ ਹਾਂ ਨਕਸ਼ਾ
ਦੀ ਛੋਹ ਹਾਂ
ਕਿਸੇ ਦੇਵੀ ਦੇਵਤੇ ਦੀ
ਪੱਥਰ 'ਚ ਵਸਦੀ ਦੀ ਰੂਹ ਹਾਂ

—0—

ਹੁਣ ਨਾ ਕੋਈ ਭਾਲ ਹੈ
ਨਾ ਭਰਮ ਹੈ
ਪੱਥਰ ਹੀ ਪੱਥਰ ਦਾ ਧਰਮ ਹੈ
ਕਰਮ ਹੈ
ਦੇਹ ਦਾ ਲਹੂ ਪੱਥਰ ਹੈ
ਹੱਡੀਆਂ ਪੱਥਰ ਦੀ ਨੁਹਾਰ ਹੈ
ਮੱਥੇ ਦੀ ਜੋਤ ਪੱਥਰ ਹੈ
ਅੱਖਾਂ ਪੱਥਰ ਦਾ ਅਕਾਰ ਹਨ
ਇਹ ਪੱਥਰ ਦੀ ਦੇਹ ਦਾ ਸੱਚ ਹੈ
ਜੋ ਬੁੱਤ ਨੂੰ ਸਮਝ ਆ ਗਿਆ
ਪੱਥਰ ਦਾ ਸੱਚ
ਬੁੱਤ ਸਿਰਜ ਕੇ
ਬੁੱਤ ਤਰਾਸ਼ ਖਾਹ ਗਿਆ

—0—

ਹੁਣ ਮੈਂ ਪੱਥਰ ਦਾ ਬੁੱਤ ਹੀ ਨਹੀਂ
ਮਨੁੱਖ ਦੀ ਉਮੀਦ ਹਾਂ
ਆਸ ਹਾਂ
ਆਪਣੀ ਹੋਂਦ ਤੇ ਸੱਚ ਤੋਂ
ਦੂਰ ਹਾਂ
ਪਰ ਮਨੁੱਖ ਦਾ ਵਿਸ਼ਵਾਸ ਹਾਂ

—0—

ਮੈਂ
ਪੱਥਰ ਦਾ ਭਗਵਾਨ
ਗਤੀ ਰਹਿਤ ਭਾਵਹੀਣ ਹਾਂ
ਨਾ ਮੇਰੀ ਨਜ਼ਰ
ਨਾ ਜ਼ੁਬਾਨ ਨਾ ਆਵਾਜ਼ ਹੈ
ਨਾ ਲਹੂ ਦੇ ਰੰਗ ਦੀ ਖ਼ਬਰ ਹੈ
ਨਾ ਹੋਂਦ
ਨਾ ਜੀਵਨ ਦਾ ਅਹਿਸਾਸ ਹੈ

ਨਾ ਕੋਈ ਜਨਮ
ਨਾ ਮਰਨ ਭੂਮੀ ਹੈ
ਨਾ ਦੇਹ 'ਚ ਪ੍ਰਾਣ ਨਾ ਵਾਸ ਹੈ
ਨਾ ਰੰਗ ਹੈ ਨਾ ਰੂਪ ਹੈ ਨਾ ਵੇਸ ਹੈ
ਨਾ ਕੋਈ ਆਪਣਾ ਵਤਨ ਨਾ ਦੇਸ਼ ਹੈ

–0–

ਮੈਂ ਪੱਥਰ ਦਾ ਬੁੱਤ
ਪੱਥਰ ਤਾਂ ਸਾਂ
ਪਰ ਮਨੁੱਖ ਦਾ ਰੱਬੀ ਸੰਕਲਪ ਸਾਂ
ਆਦਿ ਜੁਗਾਦਿ ਸੱਚ ਸਾਂ
ਧਰਤੀਆਂ ਅਕਾਸ਼ਾਂ
ਬ੍ਰਹਿਮੰਡਾਂ ਦਾ ਸਿਰਜਣਹਾਰ ਸਾਂ
ਮਨੁੱਖ ਦਾ ਵਿਸ਼ਵਾਸ਼ ਸਾਂ
ਮੌਖਸ਼ਾਂ ਦਾ ਦੁਆਰ ਸਾਂ

–0–

ਆਪਣੀ ਉਤਪੱਤੀ ਦਾ ਹਰਫ਼ ਸਾਂ
ਸਭ ਕੁੱਝ ਨਾਸਵਾਨ ਹੈ ਮੇਰੇ ਬਿਨਾਂ
ਮੈਂ ਜਨਮ ਮਰਨ ਰਹਿਤ ਕਰਮ ਹਾਂ
ਮੇਰੀ ਪੂਜਾ ਲਈ ਸ਼ਰਧਾਲੂ
ਤਨ ਮਨ ਧਨ ਦਾ
ਅਰਘਾ ਚੜਾਉਂਦੇ ਹਨ
ਮੇਰੇ 'ਚੋਂ ਜ਼ਿੰਦਗੀ ਦੀ ਰਖਸ਼ਾ ਭਾਲ ਦੇ ਹਨ
ਆਪਣੀ ਜੀਵਨ
ਮੇਰੀ ਬਲੀ ਚਾੜ੍ਹ ਦੇ ਹਨ

—0—

**ਪ੍ਰਭਾਵ ਤੀਜਾ**
**ਬੁੱਤ ਦਾ ਸੱਚ**

ਬੁੱਤ ਦੇ ਸੱਚ ਥਲੇ ਲੀਕ ਚਾਹੀਦੀ ਹੈ
ਮੈਂ ਪੱਥਰ 'ਚੋਂ
ਬੁੱਤ ਦਾ ਸਰੀਰ ਧਾਰਿਆ
ਆਪਣੇ ਆਪ 'ਚੋਂ
ਰੱਬ ਉਸਾਰਿਆ
ਪੱਥਰ ਤੋਂ ਭਗਵਾਨ ਹੋ ਕੇ ਵੀ
ਮੈਂ ਪੱਥਰ ਦਾ ਪੱਥਰ ਹੀ ਰਿਹਾ
ਆਪਣੇ ਸੱਚ ਤੋਂ ਜਾਣੂ ਹਾਂ
ਆਪਣੀ ਪਹਿਚਾਣ ਤੋਂ
ਵਾਕਿਫ਼ ਹਾਂ
ਮੇਰੀ ਹੋਂਦ ਪੱਥਰ ਹੈ
ਮੇਰਾ ਸੱਚ ਪੱਥਰ ਹੈ
ਮੇਰਾ ਆਦਿ ਪੱਥਰ ਹੈ ਜੁਗਾਇ
ਪੱਥਰ ਹੈ

—0—

ਮੈਂ ਆਪਣੇ ਆਪ 'ਚ
ਆਪਣੇ ਅਨੁਭਵ ਤੋਂ ਖਾਲੀ ਹਾਂ
ਜੀਵਨ ਦਾ ਸੁਵਾਲੀ ਹਾਂ
ਪੱਥਰ 'ਚ
ਤੁਸੀਂ ਕੁੱਝ ਬੀਜ ਨਹੀਂ ਸਕਦੇ
ਕੁੱਝ ਉੱਗਾ ਨਹੀਂ ਸਕਦੇ
ਕੁੱਝ ਪਾਅ ਨਹੀਂ ਸਕਦੇ

—0—

ਪੱਥਰ ਨਾ ਦੇਖ ਸਕਦਾ ਹੈ
ਨਾ ਬੋਲ ਸਕਦਾ ਹੈ
ਨਾ ਸੱਚ ਜਾਣ ਸਕਦਾ ਹੈ
ਨਾ ਝੂਠ ਪਹਿਚਾਣ ਸਕਦਾ ਹੈ

ਇਹ ਸਮੱਗਰੀਆਂ ਦੀਵੇ
ਸੁੰਗਧਾਂ
ਜੀਵਨ ਸੁਗਾਤਾ
ਜੋ ਮੇਰੀ ਭੇਂਟ ਕਰਦੇ ਹੋ
ਮੇਰੇ ਹਨੇਰੇ ਆਸਮਾਂ 'ਚੋਂ
ਜ਼ਿੰਦਗੀ ਬੀਜ ਦੇ ਹੋ
ਜੋ ਉੱਗ ਨਹੀਂ ਸਕਦੀ
ਰੁੱਖ ਵਾਂਗ ਪੁੰਗਰ ਨਹੀਂ ਸਕਦੀ

—0—

ਮੇਰੀ ਪੱਥਰ ਦੇਹ 'ਚ
ਸੁੱਕ ਜਾਂਦੀ ਹੈ ਸੜ ਜਾਂਦੀ ਹੈ
ਮੇਰੀ ਪੱਥਰ ਚੇਤਨਾ 'ਚ
ਹੋਰ ਵੀ ਪੱਥਰ ਧਰ ਜਾਂਦੀ ਹੈ
ਆਪਣੀ ਪਵਿੱਤਰਤਾ ਦਾ ਕਰਜ਼ਾ
ਮੇਰੇ ਪਾਪਾ ਸਿਰ ਕਰ ਜਾਂਦੀ ਹੈ

—0—

ਮੈਨੂੰ ਪੂਜਣ ਦੀ ਥਾਂ
ਸਿਰ ਤੋਂ ਪੈਰਾਂ ਤੀਕ
ਦੋਂ ਫਾੜ ਕਰ ਦੇਵੋ
ਮੇਰੀ ਉਦਾਸੀ ਇੱਕਲਤਾ
ਤੇ ਚੁੱਪ
ਮੇਰੇ 'ਚੋਂ ਕੱਢ ਕੇ ਬਾਹਰ ਧਰ ਦੇਵੋ
ਮੈਨੂੰ ਮੇਰੀ ਅਗਤੀ 'ਚੋਂ ਮੰਨਫੀ
ਕਰ ਦੇਵੋ
ਮੇਰੇ ਮੰਨਫੀ ਵਜੂਦ 'ਚ
ਜ਼ਿੰਦਗੀ ਧਰ ਦੇਵੋ

—0—

ਤਾਂ ਕਿ ਮੈਂ ਬੋਲ ਸਕਾਂ
ਵੇਖ ਸਕਾਂ ਸੁਣ ਸਕਾਂ
ਤੁਹਾਡੇ 'ਚ ਸ਼ਾਮਿਲ ਹੋ ਸਕਾਂ

ਤੁਹਾਡੇ ਨਾਲ ਟੁਰ ਸਕਾਂ
ਪੱਥਰ 'ਚੋਂ ਜੀਵਨ ਪਾਅ ਸਕਾਂ
ਬੂੰਦ ਤੇ ਸਾਗਰ ਦਾ
ਰਿਸ਼ਤਾ ਸਮਝ ਸਕਾਂ
ਕਣੀਆਂ ਤੇ ਬੱਦਲਾਂ ਦਾ
ਭੇਦ ਪਾਅ ਸਕਾਂ

—0—

ਮੈਂ ਜੀਵਨ ਜਗਾ ਕੇ ਦੇਹ 'ਚ
ਕਬਰਾਂ ਦੇ ਪਿੰਡੇ ਰੁਸ਼ਨਾ ਸਕਾਂ
ਆਪਣੀ ਧਰਤੀ ਤੇ ਟੁਰਾਂ
ਆਪਣਾ ਅੰਬਰ ਨੈਣਾਂ 'ਚ
ਪਾਅ ਸਕਾਂ
ਪੱਥਰ ਤੋਂ ਮਾਨਵ ਅਖਵਾ ਸਕਾਂ

—0—

ਮੈਂ ਸਾਗਰ ਡੀਕ ਸਕਾਂ
ਜੰਗਲ ਗਾਹ ਸਕਾਂ
ਮੈਂ ਪ੍ਰਕ੍ਰਿਤੀਆਂ ਬ੍ਰਹਿਮੰਡਾਂ
ਖਲਾਅ ਧਰਤੀਆਂ
ਅਕਾਸ਼ ਸੂਰਜ ਚੰਨ ਤਾਰੇ
ਆਪਣੇ 'ਚ ਉਤਾਰ ਲਾਂ
ਮੇਰੇ ਅੰਦਰ
ਜੀਵਨ ਜੋਤ ਜਗ ਜਾਏ
ਫਿਰ ਭਾਵੇਂ
ਮੈਂ ਪੱਥਰ ਦੀ ਬੁੱਕਲ ਮਾਰ ਲਾਂ
ਇਨਸਾਨ ਹੋਣਾ
ਮੇਰਾ ਸੰਕਲਪ ਹੈ
ਮੇਰਾ ਕਰਮ ਹੈ
ਭਗਵਾਨ ਹੋਣਾ ਮੇਰਾ ਸੱਚ ਨਹੀਂ
ਜਿਉਂਦੇ ਜਾਗਦੇ
ਭਗਵਾਨ ਦਾ ਭਰਮ ਹੈ

—0—

ਮੈਂ ਪੱਥਰ ਦਾ ਬੁੱਤ
ਚੁੱਪ ਉਦਾਸੀ ਇੱਕਲਤਾ
ਉਜਾੜਾ ਨਾਲ ਭਰਿਆ ਹਾਂ
ਕੋਈ ਸੁਰ ਰਾਗ ਸੰਗੀਤ
ਨਾ ਕੋਈ ਸਾਜ਼ ਹੈ
ਨਾ ਬੋਲ ਨਾ ਅਵਾਜ਼ ਹੈ

—0—

## ਨੌਂ ਦਰਵਾਜ਼ੇ

ਮੇਰੀ ਦੇਹ ਤੇ ਸਾਇਆ
ਇਕ ਦੂਜੇ ਦੇ ਵਿਰੋਧੀ ਹਨ
ਪਰ ਦੋਹਾਂ ਦੀ ਛੱਤ ਇਕੋਂ ਹੈ
ਧਰਤ ਇਕੋਂ ਹੈ
ਸਾਇਆ ਦੇਹ 'ਚੋਂ ਜਨਮਿਆ ਹੈ
ਦੇਹ ਤੇ ਸਾਏ ਦੇ ਵਿਰੋਧ 'ਚੋਂ
ਮਿੱਤਰਤਾ ਦਾ ਬੀਜ ਪੁੰਗਰਿਆ ਹੈ

—0—

ਦੇਹ ਦੇ ਨੌਂ ਦਰਵਾਜਿਆ 'ਚੋਂ
ਮੇਰੇ ਸਾਏ ਸੰਗ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਤੇ ਘ੍ਰਿਣਾ ਮੇਰੀ ਦੇਹ 'ਚ
ਪ੍ਰਵੇਸ਼ ਕਰ ਗਏ ਹਨ
ਮੇਰੀਆਂ ਜੜ੍ਹਾਂ 'ਚ ਜਮ ਗਏ ਹਨ
ਲਹੂ 'ਚ ਘੁੱਲ ਗਏ ਹਨ
ਅੰਦਰਲੀ ਧਰਤੀ ਦੇ ਜ਼ਰੇ ਜ਼ਰੇ 'ਚ
ਉੱਗ ਪਏ ਹਨ
ਇਨ੍ਹਾਂ ਦਾ ਪ੍ਰਭਾਵ ਤੇ ਅਸਰ
ਮੇਰੀ ਚੇਤਨਾ 'ਚ ਸਮਾਇਆ ਹੈ
ਇਨ੍ਹਾਂ ਦਾ
ਇਕ-ਇਕ ਅੰਗ ਤੇ ਨਕਸ਼
ਮੇਰੇ ਚਿਹਰੇ ਤੇ
ਉੱਗ ਆਇਆ ਹੈ

—0—

ਮੇਰਾ ਸਾਇਆ ਹੀ
ਆਪਣੇ ਸੱਚ ਨੂੰ
ਮੇਰੀ ਦੇਹ ਨੂੰ ਮੈਲਾ ਕਰ ਗਿਆ ਹੈ
ਮੇਰੀ ਦੇਹ ਦੇ ਸਵਰਗ 'ਚ
ਨਰਕ ਧਰ ਗਿਆ ਹੈ

ਕੋਹੜ ਗੰਦਗੀ ਚੀਕ ਚਿਹਾੜਾ
ਨਫ਼ਰਤ ਵੈਰ ਵਿਰੋਧ ਤੇ ਕੰਗਾਲੀ
ਬੀਜ ਗਿਆ ਹੈ
ਮੇਰੇ ਸਰੋਵਰ ਦੇ ਨਿਰਮਲ
ਪਾਣੀਆਂ 'ਚ
ਜ਼ਹਿਰ ਘੋਲ ਗਿਆ ਹੈ
ਸਿਵੇ ਬਾਲ ਗਿਆ ਹੈ
ਸ਼ਮਸ਼ਾਨ ਉੱਗਾ ਗਿਆ ਹੈ
ਮੁਰਦਾ ਗੰਧ ਖਿਲਾਰ ਗਿਆ ਹੈ

—0—

ਮੇਰੀ ਪਵਿੱਤਰਤਾ
ਸੱਚ ਸੁੰਦਰਤਾ ਤੇ ਕਲਿਆਣ ਦੇ
ਵਜੂਦ ਧੁੰਆਖੇ ਗਏ ਹਨ
ਤਿਆਗ ਨਿਮਰਤਾ ਸਾਂਝੀਵਾਲਤਾ
ਤੇ ਸਰਬਤ ਦੇ ਭਲੇ ਦੇ ਅੰਗ
ਛਾਂਗੇ ਗਏ ਹਨ

—0—

ਦੇਹ ਦਾ ਸਾਇਆ
ਜੋ ਸੱਚ ਦਾ ਪ੍ਰਮਾਣ ਸੀ
ਬਾਹਰਲੀ ਦੁਨੀਆਂ ਦੇ
ਨਾਲ ਰਲ ਗਿਆ ਹੈ
ਮੇਰੀ ਚਾਂਦੀ ਦੀ ਧਰਤੀ
ਸੋਨੇ ਦਾ ਅੰਬਰ
ਗੰਧਲਾ ਕਰ ਗਿਆ ਹੈ
ਮਨੁੱਖਤਾ ਦੇ ਕਤਲ ਦੀ ਸੋਚ
ਮਨੁੱਖ ਦੇ ਪੁਰਜਾ ਪੁਰਜਾ ਅੰਗ
ਲਹੂ ਸੰਗ ਲਿਬੜੀ
ਰੰਣਭੂਮੀ ਦਾ ਬਦਨ
ਮੇਰੇ 'ਚ ਧਰ ਗਿਆ ਹੈ
ਮੇਰਾ ਆਪਣਾ ਹੀ ਸੱਚ

ਤਲਵਾਰਾਂ ਦੀ ਛਾਂਅ ਹੇਠਾਂ
ਮਰ ਗਿਆ ਹੈ
—0—
ਕਾਮ ਝਰਨੇ ਵਾਂਗ
ਕ੍ਰੋਧ ਅੱਗਣ ਵਾਂਗ ਫੈਲਿਆ ਹੈ
ਮੋਹ ਸਾਗਰ ਵਾਂਗ
ਲੋਭ ਘਾਹ ਵਾਂਗ ਉੱਗ
ਆਇਆ ਹੈ
ਹੰਕਾਰ ਬੱਦਲ ਵਾਂਗ ਛਾਇਆ ਹੈ
ਮੇਰਾ ਜਿਸਮ ਘ੍ਰਿਣਾ ਦਾ
ਰੂਪ ਬਣ ਆਇਆ ਹੈ
ਮੈਂ ਕਾਮ 'ਚ ਗੁਆਚਾ
ਕ੍ਰੋਧ 'ਚ ਘਿਰਿਆ
ਮੋਹ ਦੇ ਸਾਗਰ 'ਚ ਡੁੱਬਾ
ਲੋਭ ਦੇ ਚਿੱਕੜ 'ਚ ਖੁੱਭਾ
ਹੰਕਾਰ ਦਾ ਬੱਦਲ ਬਣ
ਆਪਣੇ ਆਪ ਤੇ
ਆਪਣੇ ਦੁਆਲੇ ਤੇ ਵਰ੍ਹ
ਰਿਹਾ ਹਾਂ
—0—
ਮੇਰੇ ਦੁਆਲੇ ਦੀ ਪ੍ਰਕ੍ਰਿਤੀ
ਅੱਗ 'ਚ ਧੁਖ ਦੀ ਹੈ
ਮੇਰੇ 'ਚੋਂ ਮੌਤ ਜਨਮ ਦੀ ਹੈ
ਪੌਣਾ 'ਚ ਵਗਦੀ ਹੈ
ਅੰਬਰ ਤੋਂ ਜਮੀਂ ਤੇ
ਉਤਰ ਆਈ ਹੈ
ਸਾਗਰ ਸਹਿਰਾ ਹਨ
ਦਰਿਆ ਸੁੱਕੇ ਹਨ
ਇਹ ਉਹ ਜ਼ਹਿਰ ਹੈ
ਜੋ ਮੇਰੇ ਦੁਆਲੇ ਉੱਗਾ ਹੈ

ਮੇਰੇ 'ਚ ਸਮਾਇਆ ਹੈ
ਮੇਰਾ ਵਿਸਥਾਰ ਹੋ ਗਿਆ ਹੈ
ਮੇਰੀਆਂ ਨਜ਼ਰਾਂ ਦੇ
ਦਿਸ ਹੱਦਿਆਂ ਤੋਂ ਪਾਰ ਹੋ
ਗਿਆ ਹੈ

—0—

ਪਸ਼ੂ ਬਿਰਤੀਆਂ
ਮੇਰੇ 'ਚੋਂ ਉੱਗ ਆਈਆਂ ਹਨ
ਮੇਰੀ ਦੇਹ 'ਚ ਫੈਲੀਆਂ ਹਨ
ਸਾਹਾਂ 'ਚ ਸਮਾਈਆਂ ਹਨ
ਮੇਰੇ ਲਹੂ 'ਚ ਟੁਰੀਆਂ ਹਨ
ਸਭਿਅਕ ਤੋਂ ਵੈਸ਼ੀਪਣ ਵਲ
ਮੁੜੀਆਂ ਹਨ
ਮੇਰੀ ਬੁੱਧੀ 'ਚੋਂ
ਮਾਨਵਤਾ ਮਰ ਗਈ ਹੈ
ਇਸ ਦੇ ਮੱਥੇ ਤੇ ਸਿੰਗ
ਪਿੱਠ ਤੇ ਪੂੱਛਲ ਉੱਗ ਆਈ ਹੈ

—0—

ਮੈਂ ਜੋ ਬੀਜਿਆ ਸੀ
ਪਾਇਆ ਹੈ
ਆਪਣੀ ਜ਼ਿੰਦਗੀ 'ਚ
ਸ਼ਮਸ਼ਾਨ ਉੱਗਾਇਆ ਹੈ
ਜ਼ਮੀਰ ਸ਼ੀਸ਼ੇ 'ਚ ਚਿੱੜੇ ਵਾਂਗ
ਬੁੱਧੀ ਨਾਲ ਲੜਦੀ ਹੈ
ਲਹੂ ਲੋਹਾਨ ਹੋਈ
ਆਪਣੀ ਹੀ ਅੱਖ 'ਚੋਂ ਵਗਦੀ ਹੈ
ਰਾਗ ਸੁਰ ਸ਼ਬਦ ਸੰਕਲਪ
ਭਾਲਦੀ
ਸ਼ੋਰ ਦੇ ਵਿੱਚ ਗੁਆਚ ਗਈ ਹੈ
ਜਾਮੀਰ ਆਪਣੀ

ਮੁਰਦਾ ਬੁੱਧੀ ਦੀ ਕਬਰ 'ਚ
ਮੈਨੂੰ ਉਤਾਰ ਗਈ ਹੈ

—0—

ਮਨੁੱਖ ਤੇ ਮਨੁੱਖਤਾ ਵਲ
ਵੱਧਦੇ ਕਦਮਾਂ ਵਿਚਾਲੇ
ਮੇਰੇ 'ਚੋਂ ਜਨਮਿਆਂ ਪਸ਼ੂਪਣ
ਸਾਂਹਵੇ ਆ ਖਲੋਂਦਾ ਹੈ
ਜਿਸ ਨੇ ਸੂਰਜ ਢੱਕ ਲਿਆ ਹੈ
ਜ਼ਿੰਦਗੀ 'ਚ ਹਨੇਰਾ ਕਰ ਲਿਆ ਹੈ
ਜ਼ਿੰਦਗੀ ਪੱਥਰ ਬਣ ਗਈ ਹੈ
ਗਤੀਹੀਣ ਹੋ ਗਈ ਹੈ
ਗੰਧਲੇ ਤਲਾਬ 'ਚ ਢੱਲ ਗਈ ਹੈ
ਬਦਬੂ ਦੀ ਜੂਨੇ ਪੈ ਗਈ ਹੈ
ਜ਼ਿੰਦਗੀ ਦੇ ਚਿਹਰੇ ਤੇ
ਪਤਝੜਾਂ ਦਾ ਡੇਰਾ ਹੈ
ਮੌਸਮਾਂ ਬਹਾਰਾਂ ਰੁੱਤਾਂ ਦੀ
ਦੇਹ 'ਚ
ਉਜਾੜਾ ਦਾ ਸਵੇਰਾ ਹੈ
ਧਰਤੀ ਸੁੰਨੀ ਅੰਬਰ ਕਾਲਾ
ਸੂਰਜ ਵਿੱਚ ਹਨੇਰਾ ਹੈ

—0—

ਜ਼ਿੰਦਗੀ ਬੇਮਾਇਨੇ ਰਾਹਾਂ ਤੇ
ਦਿਸ਼ਾਵਾ ਦੇ ਵਿੱਚ ਉਲਝ ਗਈ ਹੈ
ਕਬਰਾਂ ਦੇ ਰਾਹੀਂ ਪੈ ਗਈ ਹੈ
ਖੰਡਰ ਬਣ ਕੇ ਰਹਿ ਗਈ ਹੈ
ਜ਼ਿੰਦਗੀ ਦੀ ਸ਼ਾਮ ਢੱਲ ਗਈ ਹੈ
ਮਾਨਵ ਪਸ਼ੂ 'ਚ ਬਦਲ ਗਿਆ ਹੈ
ਸ਼ੀਸ਼ੇ ਦੀ ਦੁਨੀਆਂ ਵਿੱਚ
ਜੰਗਲ ਉੱਗ ਪਿਆ ਹੈ
ਮਨੁੱਖ ਆਪਣੀ ਹੀ ਸਿਰਜੀ

ਦੁਨੀਆਂ ਵਿੱਚ ਗੁਆਚ ਗਿਆ ਹੈ
ਆਪਣੇ ਹੀ
ਜਿਸਮ ਦਾ ਰਾਹ ਭੁੱਲ ਗਿਆ ਹੈ
—0—
ਬੁੱਧੀ ਦੀ ਕਬਰ 'ਚ
ਜ਼ਮੀਰ ਦੀ ਲਾਸ਼ ਹੈ
ਦੇਹ ਕਾਇਆ ਕਲਪ ਲਈ
ਮੈਂ ਆਪਣਾ ਵਜੂਦ ਸਿਰਜਿਆ ਹੈ
ਆਪਣੀ ਦੇਹ ਦੇ ਸਾਏ 'ਚੋਂ
ਸਾਰੇ ਦਾ ਸਾਰਾ ਲਹੂ ਨਿਚੋੜਿਆ ਹੈ
ਤਾਮਸ ਪ੍ਰਵਿਰਤੀਆਂ ਨੂੰ
ਦਫਨ ਕੀਤਾ ਹੈ
ਕਾਮ ਕ੍ਰੋਧ ਲੋਭ ਮੋਹ ਹੰਕਾਰ ਦੇ
ਡਲਿਆ ਨੂੰ ਭੋਰਿਆ ਹੈ
ਸਾਏ ਦੇ ਜਿਸਮ 'ਚ
ਸੱਚ ਦੀ ਜੋਤ ਜਗਾਈ ਹੈ
ਬਾਹਰਲੀ ਦੁਨੀਆਂ ਦੀ ਕਾਲਖ
ਸਾਏ ਦੀ ਦੇਹ ਤੋਂ ਲਾਹੀ ਹੈ
—0—
ਦੇਹ ਦੇ ਸਾਏ ਨੂੰ
ਸੱਚ ਦੇ ਕੋਹਲੂ ਵਿੱਚ ਭੀੜਿਆ ਹੈ
ਰਸ ਨੂੰ ਸੁੱਕਾਇਆ ਹੈ
ਫੋਕ 'ਚੋਂ ਸਾਇਆ ਸਿਰਜਾਇਆ ਹੈ
ਸਾਏ ਦਾ ਸੱਚ
ਸਾਏ ਦੀ ਦੇਹ 'ਚ ਧਰਿਆ ਹੈ
ਰੋਮ ਰੋਮ ਸਾਏ ਦਾ
ਚਾਨਣ ਨਾਲ ਭਰਿਆ ਹੈ
ਸਾਇਆ ਜਾਗਿਆ
ਸੱਚ ਦੇਹੀ ਦਾ ਹੋਇਆ ਹੈ
ਦੇਹੀ ਦੇ ਮੋਢੇ ਨਾਲ ਮੋਢਾ

ਜੋੜ ਖਲੋਇਆ ਹੈ

—0—

ਫਿਰ ਮੈਂ
ਆਪਣਾ ਆਪ ਉਧੇੜਿਆ
ਧੋਇਆ ਸੀਤਾ ਨਿਚੋੜਿਆ
ਆਪਣੇ ਆਪ ਨੂੰ
ਰੌਸ਼ਨੀ ਵਲ ਮੋੜਿਆ
ਕਾਮ ਕ੍ਰੋਧ ਲੋਭ ਮੋਹ ਹੰਕਾਰ ਵਲੋਂ
ਮੂੰਹ ਫੇਰਿਆ
ਸੱਚ ਦਾ ਚਾਨਣ ਅੰਦਰ ਉਤਾਰਿਆ
ਦੁਆਲੇ ਉੜਿਆ
ਆਪਣੇ ਵਿਚਲਾ ਮਾਨਵ
ਜਗਾਇਆ
ਦੇਹ ਤੇ ਚੇਤਨਾ 'ਚੋਂ
ਪਸ਼ੂ ਬਿਰਤੀਆਂ ਨਿਚੋੜੀਆਂ
ਬਿਖਰੀ ਜ਼ਿੰਦਗੀ ਸੁਆਰੀ
ਸਹਿਰਾ ਦੇ ਤਪਦੇ ਸੀਨੇ ਵਿੱਚ
ਸੀਤ ਜਲ ਦੀ ਨਦੀ ਉਤਾਰੀ

—0—

ਮੈਂ ਆਪਣੇ ਲਹੂ 'ਚ ਘੁਲਿਆ
ਆਪਣੇ ਵਿਚਲਾ ਪਸ਼ੂਪਣ
ਪੁੰਨਿਆ
ਅੰਤੜੀਆਂ ਤੇ ਬੁੱਧੀ 'ਚ ਫੈਲੀਆਂ
ਜੰਗਲੀ ਪ੍ਰਵਿਰਤੀਆਂ ਸਮੇਟੀਆਂ
ਸੱਚ ਤੇ ਸੁੰਦਰਤਾ 'ਚ
ਆਪਣੀ ਚੇਤਨਾ ਨੂੰ ਲਪੇਟਿਆ
ਮੈਂ ਆਪਣਾ ਸਾਰਾ ਜਿਸਮ
ਅੰਦਰੋਂ ਬਾਹਰੋਂ ਮਾਂਜਿਆ
ਮੇਰਾ ਤੇ ਮੇਰੇ ਜਿਸਮ ਦਾ
ਕਾਇਆ ਕਲਪ ਹੋਇਆ

ਮੈਂ ਸਾਏ
ਮੇਰੇ ਸਾਂਹਵੇ ਸਾਇਆ ਆਣ
ਖਲੋਇਆ

—0—

ਕਾਇਆ ਕਲਪ ਪਿੱਛੋਂ
ਮੈਂ ਚੜ੍ਹਿਆ ਬਣ ਕੇ ਸੂਰਜ
ਜ਼ਿੰਦਗੀ ਦੀ ਪ੍ਰਭਾਤ ਨਿੱਘੀ
ਕਰਨ ਲਈ
ਜ਼ਿੰਦਗੀ ਦੇ ਅੰਗ-ਅੰਗ 'ਚ
ਕਿਰਨਾ ਧਰਨ ਈ
ਮਨੁੱਖ 'ਚ ਮਨੁੱਖਤਾ ਉਸਾਰਨ
ਤੇ ਵਿਸਥਾਰਨ ਲਈ
ਆਪਣੇ 'ਚ ਵਗਦੇ
ਤਿਆਗ ਦਆ ਤੇ ਪਿਆਰ
ਦੇ ਝਰਨੇ
ਜ਼ਿੰਦਗੀ ਦੇ ਸਾਗਰ 'ਚ
ਉਤਾਰਨ ਲਈ

—0—

ਜ਼ਿੰਦਗੀ ਦੇ ਸਾਂਹਾਂ ਦੀ
ਹੋਂਦ ਹੋ ਜੀਵਾ
ਜ਼ਿੰਦਗੀ ਦੇ ਵਿਹੜੇ 'ਚੋਂ
ਵੀਰਾਨੀਆਂ ਪਤਝੜਾ ਹੂੰਝਾ
ਜ਼ਿੰਦਗੀ 'ਚ
ਮੌਸਮ ਬਹਾਰਾਂ ਰੁੱਤਾਂ
ਚੰਨ ਸੂਰਜ ਤਾਰੇ ਖਿਲਾਰਾਂ
ਜ਼ਿੰਦਗੀ
ਹਰਿਆਉਲ ਨਾਲ ਭਰ ਦੇਵਾਂ
ਜ਼ਿੰਦਗੀ ਦੇ ਪੈਰੀ
ਕੋਰੀ ਧਰਤ ਦੀ ਚਾਦਰ ਵਿਛਾਵਾਂ
ਸਿਰ ਤੇ ਆਸਮਾਂ ਦਾ ਨੀਲਾ

ਸ਼ਾਹਮਿਆਨਾ ਸਜਾਵਾਂ

—0—

ਮੈਂ ਜ਼ਿੰਦਗੀ ਦੀ ਗਤੀ ਦੀ
ਧੜਕਣ ਹੋ ਜਾਵਾਂ
ਮੈਂ ਪੱਥਰਾਂ 'ਚੋਂ ਵੀ ਪੁੰਗਰਾ
ਰੁੱਖਾਂ 'ਚੋਂ ਵੀ ਪੁੰਗਰਾ
ਮੈਂ ਸਹਿਰਾ ਦੀ ਪਿਆਸ ਹੋ ਜਾਵਾਂ
ਇਕੋਂ ਡੀਕੇ ਸਾਗਰ ਪੀਵਾਂ
ਮੈਂ ਜ਼ਿੰਦਗੀ ਲਈ ਮੰਜ਼ਿਲਾਂ ਬੀਜਾ
ਰਾਹਾਂ ਸਿਰਜਾ
ਮੈਂ ਧਰਤੀ ਨੈਣਾਂ 'ਚ ਪਾਵਾਂ
ਅੰਬਰ ਗੋਦ ਖਿਡਾਵਾਂ

—0—

ਮੈਂ ਦਿਸ਼ਾਵਾ 'ਚ ਫੈਲਾ
ਬ੍ਰਹਮੰਡਾਂ 'ਚ ਪਸਰ ਜਾਵਾਂ
ਜ਼ਿੰਦਗੀ 'ਚੋਂ ਜ਼ਿੰਦਗੀ ਬਣ ਉੱਗਾ
ਆਪਣੇ ਆਪ 'ਚੋਂ ਉੱਠਾ
ਜ਼ਿੰਦਗੀ 'ਚ ਉਤਰ ਜਾਵਾਂ
ਜ਼ਿੰਦਗੀ ਦਾ ਹੋ ਕੇ ਵਿਸਥਾਰ
ਮੈਂ ਭਾਵੇਂ ਮਰ ਜਾਵਾਂ
ਜ਼ਿੰਦਗੀ ਦੀ ਧੁੰਨੀ 'ਚ
ਆਪਣੀ ਖ਼ੁਸ਼ਬੂ ਧਰ ਜਾਵਾਂ
ਜ਼ਿੰਦਗੀ ਖ਼ੁਸ਼ਬੂਆਂ 'ਚ ਤਰਦੀ ਰਹੇ
ਖ਼ੁਸ਼ਬੂਆਂ 'ਚ ਗੁਆਚੀ ਰਹੇ
ਖ਼ੁਸ਼ਬੂ ਦੀ ਹੋਂਦ ਫੜਦੀ ਰਹੇ
ਖ਼ੁਸ਼ਬੂ ਨੂੰ ਜਨਦੀ ਰਹੇ

—0—

## ਭੂਤ
### ਪਹਿਲਾ ਪ੍ਰਭਾਵ

ਮੇਰੇ ਭੂਤ 'ਚ
ਵਰਤਮਾਨ ਦੀ ਥੋੜ ਹੈ
ਮੇਰੇ ਜਲ ਨੂੰ
ਪਿਆਸ ਦੀ ਤ੍ਰਿਸ਼ਨਾ ਹੈ
ਅੱਗਣ ਨੂੰ ਤੇੜ
ਹਵਾ ਨੂੰ ਗਤੀ ਦੀ ਲੋੜ ਹੈ

—0—

ਮੇਰੇ ਦੁਆਲੇ ਪ੍ਰਕ੍ਰਿਤੀ
ਹਰਿਆਉਲ ਤੋਂ ਸੱਖਣੀ ਹੈ
ਮੇਰੇ ਸਿਰ ਦਾ ਅੰਬਰ
ਚੰਨਾ ਸੂਰਜਾਂ ਤਾਰਿਆ ਤੋਂ
ਖਾਲੀ ਹੈ
ਧਰਤੀ ਬਾਂਝ ਹੈ ਦੁਆਲੇ ਉਦਾਸੀ
ਹੈ

—0—

ਮੇਰਾ ਆਪਾ
ਦੋਸਤਾਂ ਦੁਸ਼ਮਨਾਂ ਤੋਂ ਵਿਹੁਣਾ ਹੈ
ਮੇਰੀਆਂ ਅੱਖਾਂ ਦੇ ਖੂਹ ਸੁੱਕੇ ਹਨ
ਦਰਿਆ ਤੇ ਸਾਗਰ
ਪਿਆਸੇ ਹਨ

—0—

ਮੇਰਾ ਭੂਤ
ਕਮੀਆਂ ਕਮਜ਼ੋਰੀਆਂ ਨਾਲ
ਭਰਿਆ ਹੈ
ਹਨੇਰਾ
ਮੇਰੀ ਰੂਹ ਤੇ ਛਾਇਆ ਹੈ
ਮੇਰੇ ਮਸਤਕ 'ਚ ਤਣਿਆ ਹੈ

ਜਿਸਮ
ਇਕ ਗੰਧਲਾ ਤਲਾਬ ਬਣਿਆ ਹੈ
—0—
ਮੇਰੇ ਦਰਪਣ ਨੂੰ
ਚਿਹਰਿਆਂ ਦੀ ਲੋੜ ਹੈ
ਮੇਰੇ ਗੁਲਸ਼ਨ ਨੂੰ
ਮੌਸਮਾਂ ਬਹਾਰਾਂ ਦੀ ਥੋੜ ਹੈ
ਜਿਸਮ 'ਚ ਲਹੂ ਦੀ ਕਮੀ ਹੈ
ਨੈਣਾਂ 'ਚ ਰੇਤ ਉਡਦੀ ਹੈ
ਮੇਰਾ ਰੁੱਖ ਫਲ ਵਿਹੁਣਾ ਹੈ
ਬਾਗਾ 'ਚ
ਨਾ ਕੋਇਲ ਬੋਲਦੀ ਹੈ
ਨਾ ਮੋਰ ਨੱਚਦਾ ਹੈ
ਜਿਸਮ 'ਚ
ਸਹਿਰਾ ਟੁਰ ਰਿਹਾ ਹੈ
ਪਹਾੜ ਭੁਰ ਰਿਹਾ ਹੈ
ਚੰਨ ਚਾਂਦਨੀ ਰਹਿਤ ਹੈ
ਤਾਰੇ ਰੌਸ਼ਨੀ ਤੋਂ ਸੱਖਣੇ ਹਨ
ਬੰਜਰ ਖੇਤਾਂ ਨਾਲ ਭਰਿਆ
ਧਰਤੀ ਦਾ ਵਿਹੜਾ ਹੈ
ਇਹ ਭੂਤ ਮੇਰਾ ਹੈ
—0—
ਖੂਹ ਪਿਆਸੇ ਹਨ
ਮਾਨਵਤਾ ਭੁੱਖੀ ਹੈ
ਦੁਨੀਆਂ ਦੇ
ਪਸ਼ੂ ਪਖਸ਼ੀ ਜੀਵ ਜੰਤੂ
ਉਦਾਸੇ ਹਨ
ਮੇਰਾ ਰੁੱਖ ਜੜ੍ਹਹੀਣ ਹੈ
ਟਹਿਣਆਂ ਪੱਤਿਆ ਫੁੱਲਾਂ
ਫ਼ਲਾਂ ਤੋਂ ਖਾਲੀ ਹੈ

—0—

ਭੂਤ 'ਚ ਵਰਤਮਾਨ ਦੀ ਥੋੜ
ਮੇਰਾ ਆਪਣਾ ਚਿਹਰਾ ਹੈ
ਆਪਣੀ ਹੋਂਦ ਤੇ ਤਲਾਸ਼ ਦੀ
ਭਟਕਣ ਹੈ
ਮੈਂ ਆਪਣੇ ਵਰਤਮਾਨ 'ਚ
ਜੋ ਬੀਜਿਆ ਸੀ
ਉਹ ਮੇਰਾ ਸੱਖਣਾ ਤੇ
ਅਧੂਰਾਪਣ ਬਣ ਕੇ
ਮੇਰੀ ਪਿੱਠ ਪਿੱਛੇ ਉੱਗ ਆਇਆ
ਹੈ
ਸਮਾਂ ਗਤੀ ਰਹਿਤ ਹੋ
ਮੇਰੇ ਪੈਰਾਂ ਤੇ ਮਸਤਕ 'ਚ
ਅਟਕਿਆ ਹੈ

—0—

ਬਹਾਰਾਂ 'ਚ ਉਜਾੜਾ
ਮੌਸਮਾਂ 'ਚ ਉਦਾਸੀ ਹੈ
ਪ੍ਰਕਿਰਤੀ ਦਾ ਜਿਸਮ
ਸੋਕੇ ਦੀ ਸੂਲੀ ਤੇ ਲਟਕਿਆ ਹੈ
ਬੱਦਲ ਕਣੀਆਹੀਣ ਹਨ
ਮੈਂ ਜ਼ਿੰਦਗੀ ਦੇ ਸੱਖਣੇਪਣ 'ਚ
ਘਿਰਿਆ ਹਾਂ
ਉਦਾਸੀ
ਪਤਝੜਾਂ ਚੁੱਪਾਂ ਉਜਾੜਾ ਦਾ
ਖੂਹ ਬਣ ਕੇ ਗਿੜਿਆ ਹਾਂ

—0—

ਭੂਤ 'ਚ ਵਰਤਮਾਨ ਦੀ ਥੋੜ
ਮੇਰੀ ਮਾਨਸਿਕਤਾ 'ਚ ਫੈਲ ਗਈ ਹੈ
ਮੇਰੇ ਚਿਹਰੇ ਤੇ ਉੱਗ ਪਈ ਹੈ
ਰਾਹਾਂ ਵਾਂਗ ਪਾਟ ਗਈ

ਜ਼ਰਿਆਂ ਵਾਂਗ ਖਿਲਰ ਗਈ ਹੈ

—0—

ਜਿਸਮ 'ਚੋਂ
ਰੇਤ ਵਾਂਗ ਕਿਰ ਰਹੀ ਹੈ
ਨਜ਼ਰ 'ਚ ਮੁਸੀਬਤਾਂ ਤੇ
ਔਕੜਾਂ ਦੇ ਜੰਗਲ ਉੱਗ
ਆਏ ਹਨ
ਮੇਰੇ ਅੰਗ ਤੇ ਨਕਸ਼ ਖਿਲਰ
ਗਏ ਹਨ
ਧੁੱਪਾਂ 'ਚ ਲੂਹਿਆ ਗਿਆ ਹਾਂ ਮੈਂ
ਛਾਵਾਂ ਲਈ ਤਰਸ ਗਿਆ ਹਾਂ ਮੈਂ
ਮੈਂ ਵਰਤਮਾਨ
ਭੂਤ ਦੀ ਥੋੜ ਸਦਕਾ
ਭੂਤ ਦਾ ਜੀਵਨ ਨਹੀਂ
ਵਰਤਮਾਨ ਦਾ ਮੁਰਦਾ ਹਾਂ

—0—

ਮੇਰੇ ਖਾਲੀਪਣ 'ਚ
ਮੇਰੀ ਆਪਣੀ ਹੀ ਲਾਸ਼
ਤੈਰ ਦੀ ਹੈ
ਨਾ ਦੇਹ ਨੂੰ ਨਾ ਬੁੱਧ ਨੂੰ ਅਰਾਮ ਹੈ
ਖ਼ੁਸ਼ੀਆਂ ਰੌਣਕਾਂ ਚੈਨ
ਖੋਹ ਕੇ ਲੈ ਗਿਆ ਕੋਈ
ਸੂਲੀ ਤੇ ਜਾਨ ਟੰਗੀ ਹੈ
ਭੂਤ 'ਚ ਵਰਤਮਾਨ ਦੀ ਥੋੜ
ਹਰੀ ਕਚੂਰ ਹੋਈ ਹੈ
ਮਸਤਕ 'ਚ
ਜਿਊਣ ਦੀ ਖਾਹਿਸ਼ ਮੋਈ ਹੈ

—0—

ਮੇਰਾ ਜਿਸਮ
ਜਿਸਮ ਦੇ ਦਰ ਤੇ ਅੱਖਾਂ

ਲਾਈ ਬੈਠਾ ਹੈ
ਮੇਰਾ ਅੰਦਰ
ਆਪਣਾ ਆਪਾ ਰਾਹਾਂ 'ਚ
ਵਿਛਾਈ ਬੈਠਾ ਹੈ
ਕਿ ਕਦ ਮੇਰਾ ਭੂਤ
ਵਰਤਮਾਨ ਦਾ ਪਿੰਡਾਂ ਹੰਢਾਏਗਾ
ਕਾਇਆ ਕਲਪ ਕਰਨ ਲਈ
ਵਰਤਮਾਨ ਦੇ ਮੱਥੇ 'ਚ ਉੱਗ
ਆਏਗਾ

—0—

ਕਦ ਮੇਰੀਆਂ
ਕਮੀਆਂ ਕਮਜ਼ੋਰੀਆਂ 'ਚੋਂ
ਪੂਰਤੀ ਦਾ ਬੀਜ ਪੁੰਗਰੇਗਾ
ਮੇਰੀ ਚੇਤਨਾ ਤੇ ਸ਼ਕਤੀ
ਝੰਜੋੜੇਗਾ
ਵਰਤਮਾਨ 'ਚੋਂ ਭੂਤ
ਜਾਂ ਭੂਤ 'ਚੋਂ ਵਰਤਮਾਨ
ਨਿਚੋੜੇਗਾ

—0—

**ਪ੍ਰਭਾਵ ਦੂਜਾ**

ਭੂਤ ਦੀ ਥੋੜ ਹੀ
ਵਰਤਮਾਨ ਦੀ ਪੂਰਤੀ ਦਾ
ਅਕੂੰਰ ਹੈ
ਜੇ ਭੂਤ ਦੇ ਸਾਗਰ 'ਚ
ਵਿਸ਼ ਹੈ
ਤਾਂ ਅਮ੍ਰਿਤ ਵੀ ਹੈ
ਭੂਤ ਦੀ ਥੁੜ 'ਚ ਹੀ
ਚੰਨਾਂ ਸੂਰਜਾਂ ਤਾਰਿਆ ਦਾ
ਗਗਨ ਹੈ
ਹਵਾ ਦੀ ਗਤੀ ਹੈ

ਤੇਜ਼ ਹੈ ਅੱਗਣ ਹੈ
ਪਿਆਸੇ ਜਲ ਦੀ ਤ੍ਰਿਪਤੀ ਹੈ
ਪਤਝੜ ਦੇ ਪਿੰਡੇ 'ਚ ਬਹਾਰ ਹੈ
ਜੰਗਲ ਦੀ ਹਰਿਆਉਲ ਹੈ
ਪ੍ਰਕਿਰਤੀ ਦਾ ਨੂਰ ਹੈ

—0—

ਆਪਣੇ
ਵਰਤਮਾਨ ਦੇ ਪਿੰਡੇ 'ਚੋਂ
ਭੂਤ ਦੀਆਂ ਕਮੀਆਂ ਕਮਜ਼ੋਰੀਆਂ
ਤੇ ਸੱਖਣਾਪਣ ਨਿਚੋੜ ਦੇ
ਵਰਤਮਾਨ 'ਚ
ਭੂਤ ਦੀ ਚੁੱਪ ਉਦਾਸੀ ਤੇ ਉਜਾੜ
ਖਿਲਾਰ ਦੇ
ਵਰਤਮਾਨ ਦੇ ਨੈਣਾ 'ਚ
ਭੂਤ ਦਾ ਚਿਹਰਾ ਉਤਾਰ ਦੇ
ਭੂਤ ਦਾ ਨਰਕ
ਜਦ ਵਰਤਮਾਨ ਦੇ ਪਿੰਡੇ 'ਚ
ਟੁਰੇਗਾ
ਵਰਤਮਾਨ
ਆਪਣੇ ਆਪ ਨੂੰ ਦੁਹਰਾਹੇਗਾ
ਪਛਤਾਏਗਾ
ਰਿਸ਼ਟ ਪੁਸ਼ਟ ਤੇ ਪੁਰ ਨੂਰ ਭੂਤ
ਆਪਣੇ ਪਿੰਡੇ 'ਚੋਂ ਜਨਮੇਗਾ
ਆਪਣੀਆਂ ਤਲੀਆਂ ਤੇ ਧਰੇਗਾ

—0—

ਭੂਤ ਦੀ ਥੋੜ ਭਰੀ ਕੁੱਖ 'ਚੋਂ
ਵਰਤਮਾਨ ਦੀ ਸ਼ਕਤੀ
ਉਦੇ ਹੋਵੇਗੀ
ਗਤੀਆਂ ਦੇ ਉੱਦਮ ਦਾ
ਬੀਜ ਪੁੰਗਰੇਗਾ

ਮਨੁੱਖ 'ਚ ਮਨੁੱਖਤਾ ਜਗੇਗੀ
ਸਾਂਝੀਵਾਲਤਾ ਏਕਤਾ ਤੇ
ਪਿਆਰ ਦੀ ਹਵਾ ਵਗੇਗੀ
ਵਰਤਮਾਨ
ਭੂਤ ਦੀਆਂ ਖ਼ੁਸ਼ੀਆਂ ਲਈ
ਰੀਝੇਗਾ
ਭੂਤ ਦੇ ਸੱਖਣੇ
ਅਧੂਰੇਪਣ ਤੇ ਪਸੀਜੇਗਾ

—0—

ਵਰਤਮਾਨ 'ਚ
ਜੋ ਬੀਜਿਆ ਜਾਂਦਾ ਹੈ
ਉੱਗਣ ਤੱਕ
ਵਰਤਮਾਨ ਭੂਤ 'ਚ ਬਦਲ ਜਾਂਦਾ ਹੈ
ਭੂਤ 'ਚ ਉੱਗਿਆ ਰੁੱਖ
ਵਰਤਮਾਨ ਦਾ ਸੱਚ ਕਹਾਂਦਾ ਹੈ
ਵਰਤਮਾਨ ਦੇ ਕਾਰਜ ਕਰਮ ਦਾ ਫੱਲ
ਭੂਤ 'ਚ ਉੱਗੇ ਰੁੱਖ ਨੂੰ
ਲੱਗਦਾ ਹੈ
ਭੂਤ ਦੇ ਵਿਹੜੇ ਵਰਤਮਾਨ
ਤੇ ਵਰਤਮਾਨ ਦਾ ਸੱਚ
ਪੁੱਗਦਾ ਹੈ

—0—

ਵਰਤਮਾਨ
ਜਦ ਭੂਤ ਨੂੰ ਲੈ ਕੇ ਨਾਲ
ਟੁਰਦਾ ਹੈ
ਤਾਂ ਭਵਿੱਖ ਦੇ ਵਿਹੜੇ
ਚਾਨਣ ਦਾ ਰੁੱਖ ਬਣ ਕੇ ਉੱਗਦਾ ਹੈ
ਸੂਰਜ ਵਾਂਗ ਚੜ੍ਹਦਾ ਹੈ
ਭੂਤ ਦੀਆਂ ਕਮੀਆਂ ਕਮਜ਼ੋਰੀਆਂ
ਤੇ ਸੱਖਣੇਪਣ ਦੇ ਆਧਾਰ ਤੇ

ਵਰਤਮਾਨ ਭਵਿੱਖ ਸਿਰਜਦਾ ਹੈ
ਭਵਿੱਖ ਲਈ ਪੂਰਨਤਾ ਸੰਤੁਸ਼ਟੀ ਤੇ
ਸਫ਼ਲਤਾ ਜਨਮ ਦਾ ਹੈ

—0—

ਭੂਤ 'ਚੋਂ
ਉੱਗਦਾ ਹੈ ਵਰਤਮਾਨ
ਭਵਿੱਖ 'ਚ ਉਤਰ ਜਾਂਦਾ ਹੈ
ਗਤੀਸ਼ੀਲ ਰਹਿੰਦਾ ਹੈ
ਵਰਤਮਾਨ ਆਪਣਾ ਖਾਲੀਪਣ
ਭਰਦਾ ਹੈ
ਤੇ ਭਵਿੱਖ 'ਚ
ਦੁਆਲੇ ਦੀ ਦੁਨੀਆਂ ਦੇ ਬੰਨੇਰੀ
ਸੂਰਜ ਧਰਦਾ ਹੈ
ਵਰਤਮਾਨ ਦੇ ਪਿੰਡੇ 'ਚ
ਭੂਤ ਦੀ ਜੜ੍ਹ ਹੈ
ਭਵਿੱਖ ਦਾ ਫਲ ਹੈ
ਵਰਤਮਾਨ ਦੇ ਪਿੱਛੇ ਵੀ ਕੱਲ੍ਹ ਹੈ
ਅੱਗੇ ਵੀ ਕੱਲ੍ਹ ਹੈ

—0—

ਵਰਤਮਾਨ
ਜਦ ਭੂਤ 'ਚ ਵਿਚਰਦਾ ਹੈ
ਆਪਣਾ ਆਪ ਉਧੇੜਦਾ
ਸਿਉਂਦਾ ਧੋਂਦਾ ਤੇ ਨਿਚੋੜਦਾ ਹੈ
ਆਪਣੇ ਆਪ 'ਚੋਂ
ਜ਼ਿੰਦਗੀ ਦਾ ਕੂੜਾ ਕੱਢ ਕੇ
ਬਾਹਰ ਸੁਟ ਦਾ ਹੈ

—0—

ਆਪਣੇ ਆਪ ਨੂੰ
ਸੱਚ ਸੁੰਦਰਤਾ ਤੇ ਪਿਆਰ ਨਾਲ
ਭਰਦਾ ਹੈ

ਜਦ ਆਉਣ ਵਾਲਾ ਕੱਲ੍ਹ
ਭੂਤ 'ਚ ਬਦਲਦਾ ਹੈ
ਤਾਂ ਮਨੁੱਖ ਦੀ ਪਿੱਠ ਪਿੱਛੇ
ਜੋ ਵੀ ਉੱਗਦਾ ਹੈ
ਸਾਫ਼ ਸੁਥਰਾ ਚੰਗਾ ਤੇ
ਸੁੱਚਾ ਲਗਦਾ ਹੈ

—0—

ਭੂਤ ਵਰਤਮਾਨ ਦਾ ਅੰਤ ਹੈ
ਭਵਿੱਖ ਦਾ ਅੰਤ ਹੈ
ਭਵਿੱਖ ਲਈ ਸੱਚ
ਵਰਤਮਾਨ 'ਚ ਬੀਜਿਆ ਜਾਂਦਾ ਹੈ
ਭਵਿੱਖ 'ਚ ਉੱਗਦਾ ਦਿਸਦਾ ਨਹੀਂ
ਜਦ ਤਕ ਭਵਿੱਖ
ਭੂਤ 'ਚ ਢਲ ਨਹੀਂ ਜਾਂਦਾ
ਭਵਿੱਖ ਲਈ
ਵਰਤਮਾਨ ਦਾ ਸੱਚ ਨਜ਼ਰ
ਨਹੀਂ ਆਉਂਦਾ
ਭੂਤ 'ਚ ਵਰਤਮਾਨ ਦੀ ਜੜ੍ਹ ਹੈ
ਭਵਿੱਖ ਦਾ ਵਿਸਥਾਰ ਹੈ
ਭੂਤ ਹੀ ਵਰਤਮਾਨ ਹੈ
ਭੂਤ ਹੀ ਭਵਿੱਖ 'ਚ ਸਹਿਕਾਰ ਹੈ

—0—

ਭੂਤ
ਭਵਿੱਖ ਤੇ ਵਰਤਮਾਨ ਦੇ
ਆਰ ਪਾਰ ਹੈ
ਵਰਤਮਾਨ 'ਚ
ਭਵਿੱਖ ਦਾ ਸੰਕਲਪ ਹੈ
ਭੂਤ 'ਚ ਭਵਿੱਖ ਦਾ ਅੰਤ ਹੈ
ਭੂਤ 'ਚ
ਵਰਤਮਾਨ ਤੇ ਭਵਿੱਖ ਦਾ ਸੱਚ ਹੈ

—0—

ਵਰਤਮਾਨ ਜਨਮ ਦਾ ਹੀ
ਭੂਤ ਵਲ ਟੁਰਦਾ ਹੈ
ਭਵਿੱਖ ਵਲ ਆਉਂਦਾ ਹੀ
ਭੂਤ ਵਲ ਜਾਂਦਾ ਹੈ
ਭੂਤ ਹੀ
ਵਰਤਮਾਨ ਤੇ ਭਵਿੱਖ ਦਾ
ਅਗਾਜ਼ ਹੈ ਹਸ਼ਰ ਹੈ

—0—

ਭੂਤ ਦੀ ਕੁੱਖ 'ਚ
ਵਰਤਮਾਨ ਤੇ ਭਵਿੱਖ ਦੀਆਂ
ਕਮੀਆਂ ਕਮਜ਼ੋਰੀਆਂ ਤੇ
ਸੱਖਣੇਪਣ ਦੀ ਜੜ੍ਹ ਹੈ
ਭਵਿੱਖ 'ਚ
ਚੰਨਾਂ ਸੂਰਜਾਂ ਤਾਰਿਆਂ ਦੀ
ਰੌਸ਼ਨੀ ਹੈ
ਭੂਤ ਵਰਤਮਾਨ ਤੇ ਭਵਿੱਖ ਦੇ
ਸੁਧਾਰ ਦਾ ਸਮਾਂ ਹੈ
ਭੂਤ ਹੀ
ਵਰਤਮਾਨ ਤੇ ਭਵਿੱਖ ਦਾ
ਵਿਸਥਾਰ ਹੈ
ਕੁੱਖ ਹੈ ਗੁਜਰ ਹੈ
ਮੋਖਸ਼ਾ ਦਾ ਦੁਆਰ ਹੈ

—0—

## ਮਨੁੱਖ ਵਿਚਲਾ ਮਨੁੱਖ

ਮੈਂ ਰੁੱਖ
ਆਪਣੇ ਆਪ ਦੀ ਛਾਂਅ
ਹੇਠੋਂ ਉੱਠਾ ਤਾਂ
ਆਪਣਾ ਆਪ ਜਾਣਾ
ਆਪਣੇ ਵਿਚਲਾ ਬ੍ਰਹਮ
ਪਹਿਚਾਣਾ
ਆਪਣੀ ਸੀਮਾ ਵਿਚਲੀ
ਰੇਖਾਂ ਨੂੰ ਮੇਟਾ
ਤੇ ਅਸੀਮ ਹੋ ਜਾਵਾ
ਰੇਖਾ ਦੀ ਸੇਧ 'ਚ ਵਿਚਰਨਾ ਛੱਡਾ
ਤੇ ਅਜ਼ੀਮ ਹੋ ਜਾਵਾ

—0—

ਮੈਂ ਬਿੰਦੂ 'ਚੋਂ
ਦਾਇਰੇ ਸਿਰਜਾ
ਦੁਆਲੇ ਉਸਾਰੀਆਂ ਕੰਧਾਂ ਨੂੰ
ਢਾਅ ਦੇਵਾ
ਖੁੱਲ੍ਹਾ ਵਿਹੜਾ ਬੇਕੰਧਾਂ ਘਰ
ਖੁੱਲ੍ਹਾ ਦਰ ਹੋ ਜਾਵਾ
ਆਪਣੀ ਸੀਮਾਂ ਦੇ ਬਿੰਦੂ 'ਚੋਂ
ਅਸੀਮਤਾ ਜਨਮਾਂ
ਆਪਣੇ ਬੀਜ 'ਚੋਂ
ਆਪਣਾ ਜੰਗਲ ਉਗਾਵਾ
ਆਪਣੇ ਦੁਆਲੇ ਬੁੱਕਲ
ਪ੍ਰਕਿਰਤੀ ਦੀ ਮਾਰਾ

—0—

ਅੰਬਰਾਂ 'ਚ ਉੱਡਾ
ਜਾਂ ਅੰਬਰ ਆਪਣੇ 'ਚ ਉਤਾਰਾ
ਕਿਰਨਾ ਦੀ ਭੇਂਟ ਚੜ੍ਹ ਜਾਵਾਂ
ਜਾਂ ਕਿਰਨਾ 'ਚੋਂ

ਸੂਰਜ ਉਸਾਰਾ
ਆਪਣੇ ਥਲ 'ਚ
ਸੜਣ ਤੋਂ ਚੰਗਾ ਹੈ
ਉਧਾਰੀ ਬੱਦਲੀ ਨੈਣਾਂ 'ਚ
ਪਾਅ ਲਵਾਂ
ਆਪਣੇ ਹੰਝੂਆਂ 'ਚ
ਆਪਾ ਠਾਰ ਲਾਂ
ਆਪਣੀ ਪਿਆਸ 'ਚ
ਸਾਗਰ ਉਤਾਰ ਲਾਂ
ਨਦੀਆਂ 'ਚ ਵਹਿ ਟੁਰਾਂ
ਜਾਂ ਬੱਦਲਾਂ ਨੂੰ ਸੀਨੇ 'ਚ ਉਤਾਰ ਲਾਂ

—0—

ਮੈਂ ਰੁੱਖ
ਆਪਣੇ ਤੋਂ ਅਲੱਗ ਹੋ ਜਾਵਾਂ
ਆਪਣੀ ਜੜ੍ਹ ਨਾਲ ਜੁੜਾਂ
ਜੰਗਲ ਤੱਕ ਪਸਰ ਜਾਵਾਂ
ਮੈਂ ਆਪਣੀ ਦੇਹ 'ਚ
ਸੂਰਜ ਚੰਨ ਤਾਰੇ ਬ੍ਰਹਿਮੰਡ
ਪਤਾਲਾ ਦੇ ਪਤਾਲ
ਆਪਣੇ ਲਹੂ 'ਚ ਢਾਲ ਲਾਂ
ਮੈਂ ਆਪਣੇ ਮਸਤਕ ਦਾ
ਚਾਨਣ ਹੋ ਵਿਚਰਾ
ਆਪਣੀ ਨਜ਼ਰ 'ਚ ਵਗਦੀਆਂ
ਨਦੀਆਂ
ਦੇਹ 'ਚ ਫੈਲੇ ਸਹਿਰਾ 'ਚ ਉਤਾਰ ਲਾਂ

—0—

ਮੈਂ ਰੁੱਖ
ਆਪਣੇ ਅੰਗਾਂ ਨਕਸ਼ਾਂ
ਚਿਹਰੇ ਤੇ ਰੰਗ ਦਾ ਮੋਹ ਤਿਆਗਾ
ਮੈਂ ਲਹੂ ਬਿਨ ਦੇਹ ਬਿਨ ਜੀਵਾ

ਮੈਂ ਪ੍ਰਾਣ ਹੋ ਜਾਵਾ
ਧਰਤ ਦੀ ਧਰਤ
ਆਸਮਾਂ ਦਾ ਆਸਮਾਂ ਹੋ ਜਾਵਾਂ
ਪੌਣ ਦੀ ਪੌਣ ਅੱਗਣ ਦੀ ਅੱਗਣ
ਜਲ ਦਾ ਜਲ ਹੋ ਜਾਵਾਂ
ਮੈਂ ਆਪਣੀ ਸੀਮਾ 'ਚੋਂ ਉੱਠਾ
ਅਸੀਮਤਾ ਦਾ ਚਾਨਣ ਤੇ
ਬਲ ਹੋ ਜਾਵਾਂ
ਪ੍ਰਕਿਰਤੀ ਦੀ ਗਤੀ
ਬ੍ਰਹਿਮੰਡ ਜਿਹਾ ਅਥਾਹ ਹੋ ਜਾਵਾਂ
ਮੈਂ ਅੰਬਰ ਤੇ ਧਰਤ ਦਾ
ਨੂਰ ਹੋ ਜਾਵਾਂ
ਆਪਣੇ ਵਜੂਦ ਦੇ ਮੋਹ ਤੋਂ
ਇਨ੍ਹਾਂ ਦੂਰ ਹੋ ਜਾਵਾਂ

—0—

ਮੈਂ ਰੁੱਖ
ਵਿਅਕਤੀਗਤ ਤੋਂ ਸਮੂਹਕ
ਹੋ ਜਾਵਾਂ
ਜੰਗਲ ਦੀ ਆਤਮਾ
ਮਾਨਵਤਾ ਦੀ ਦੇਹ ਹੋ ਜਾਵਾਂ
ਮੈਂ ਬੀਜ ਫਲਾਂ ਦਾ ਢੇਰ ਹੋ ਜਾਵਾਂ
ਸਦੀਆਂ ਦੇ ਸਾਲ
ਸਾਲਾਂ ਦੇ ਮਹੀਨੇ ਦਿਨ
ਪਲਾਂ ਦਾ ਪਲ ਹੋ ਜਾਵਾਂ
ਸਹਿਰਾ ਦਾ ਜ਼ਰਾ ਜ਼ਰਾ
ਧਰਤੀ ਦਾ ਕਣ-ਕਣ ਹੋ ਜਾਵਾਂ
ਮੈਂ ਕੰਠ 'ਚੋਂ ਰਾਗ ਬਣ ਉੱਗਾ
ਰਾਗਨੀਆਂ ਦੇ ਪੈਰਾਂ ਦੀ
ਛਣ-ਛਣ ਹੋ ਜਾਵਾਂ
ਪੌਣਾਂ ਦਾ ਸੰਗੀਤ

ਮੰਦਿਰਾਂ ਦੀਆਂ ਟੱਲੀਆਂ
ਦੀ ਧੁੰਨ ਹੋ ਜਾਵਾਂ
ਆਪਣੇ ਅੰਦਰ ਵਸਦੇ
ਬੁੱਤ ਦੀ ਸਮਾਧੀ
ਜਾਂ ਸੁੰਨ ਹੋ ਜਾਵਾਂ
ਮੈਂ ਬੱਦਲਾਂ ਦੀ ਗਰਭ 'ਚੋਂ
ਕਣੀਆਂ ਵਾਂਗ ਵੱਸਾ
ਮੈਂ ਸੂਰਜ ਦੇ ਢਿੱਡ 'ਚੋਂ
ਕਿਰਨਾ ਬਣ ਕੇ ਫੁੱਟਾਂ

—0—

ਮੈਂ ਅੰਬਰੀ ਤਾਰਿਆ ਦੀ
ਹੋਂਦ ਪ੍ਰਗਟਾਵਾਂ
ਮਨੁੱਖਾਂ ਦੀ ਜਮਾ
ਬਿੰਦੂਆਂ ਦੇ ਬਿੰਦੂਆਂ ਦਾ
ਦਾਇਰਾ ਬਣਾ
ਮੈਂ ਬੂੰਦ 'ਚ ਵਸਦਾ
ਸਾਗਰ ਨਜ਼ਰੀ ਆਵਾ
ਮੈਂ ਸਹਿਰਾ ਦੀ ਹਿੱਕ ਤੇ
ਬੱਦਲ ਬਣ ਕੇ ਉੱਗਾ
ਮੈਂ ਆਪਣੀ ਮੈਂ
ਆਪਣੀ ਮੈਂ ਉਤਾਰਾ
ਤੇਰੀ ਤੂੰ ਤੱਕ ਅੱਪੜਾ
ਤੇਰੀ ਤੂੰ ਹੋ ਜਾਵਾਂ

—0—

ਮੈਂ ਰੁੱਖ
ਆਪਣੇ ਆਪ ਨੂੰ ਸਿਰਜਾ
ਆਪਾ ਵਿਚਾਰਾ
ਜੰਗਲ ਦਾ ਪੱਤਾ ਪੱਤਾ ਹੋ ਜਾਵਾਂ
ਪਹਾੜਾ ਦੇ ਕਿਣਕੇ ਕਿਣਕੇ
'ਚੋਂ ਨਜ਼ਰੀ ਆਵਾਂ

ਜੰਗਲ ਦੀ ਜੜ੍ਹ
ਮਸਤਕ 'ਚੋਂ ਉੱਗਾਵਾ
ਮੈਂ ਤਾਰੇ ਤਾਰੇ ਵਿੱਚ ਵਸਦਾ
ਅੰਬਰ ਕਹਿਲਾਵਾਂ

—0—

ਦਿਸ਼ਾਵਾ ਜਨਮਾਂ
ਆਪਣੀ ਦੇਹ 'ਚੋਂ
ਕਾਇਨਾਤ
ਆਪਣੀਆਂ ਪਲਕਾਂ ਵਿੱਚ ਪਾਵਾਂ
ਮੈਂ ਆਪਣੇ ਆਪ 'ਚ
ਬ੍ਰਹਿਮੰਡ ਸਮੇਟਾ
ਆਪਣਾ ਆਪ ਅੰਬਰ ਤੇ
ਛਿੜਕਾਂ
ਬਣ ਚੰਨ ਸੂਰਜ ਉੱਗ ਆਵਾਂ
ਧਰਤੀ 'ਚੋਂ ਜਲ ਦੇ ਚਸ਼ਮੇ
ਬਣ-ਬਣ ਫੁੱਟਦਾ ਜਾਵਾਂ

—0—

ਟਿਕਾਲਾਂ
ਚੰਨ ਸੂਰਜ ਅਕਾਸ਼ ਤਲੀਆਂ 'ਤੇ
ਸਾਗਰ ਕੰਠ ਉਤਾਰਾ
ਬਨਾਸਪਤੀ ਦਾ ਰੂਪ ਵਟਾ ਕੇ
ਆਗੰਣ ਧਰਤ ਸਵਾਰਾ
ਮੌਸਮ ਰੁੱਤਾਂ ਬਹਾਰਾਂ
ਖ਼ੁਸ਼ਬੂਆਂ
ਦੇਹ 'ਚੋਂ ਆਪ ਉੱਗਾਵਾ
ਭਰਿਆ ਅੰਬਰ ਜਲ ਦਾ
ਡੋਲ੍ਹਕੇ
ਸਹਿਰਾ ਦੀ ਕੁੱਖ 'ਚੋਂ ਹਰਿਆਉਲ
ਉੱਗਾਵਾ

—0—

ਰੰਗਾਂ ਖ਼ੁਸ਼ਬੂਆਂ ਬਹਾਰਾਂ ਦੀ
ਦੁਨੀਆਂ
ਸ਼ਬਨਮ ਦੇ ਨੈਣੀ ਧਰ ਦੇਵਾ
ਅੰਬਰ ਤੇ ਜਗਦੇ ਫਾਨੂਸ ਦੀ
ਛਾਂਅ ਕਰ ਦੇਵਾ
ਧਰਤੀ ਦਾ ਵਿਹੜਾ
ਸੂਰਜਾਂ ਸੰਗ ਭਰ ਦੇਵਾਂ
ਚਾਨਣ ਬੀਜ ਦਿਆਂ ਬ੍ਰਹਿਮੰਡੀ
ਚਾਨਣ ਵਿੱਚ
ਮੈਂ ਚਾਨਣ ਧਰ ਦੇਵਾ

—0—

ਮੈਂ ਰੁੱਖ ਭਟਕਣ ਤੇ ਤਕਸੀਮ ਤੋਂ
ਸਥਿਰਤਾ ਤੇ ਇਕਾਈ ਦਾ
ਸਫਰ ਕਰਦਾ ਹਾਂ
ਆਪਣੀ ਹੋਂਦ ਦਾ ਸੱਚ
ਫੜਦਾ ਹਾਂ
ਜਨਮਨ ਭਟਕਣ
ਸਭ ਚੱਲਣਹਾਰ ਹਨ
ਨਾ ਅਮਰ ਹਨ ਨਾ ਸੱਚ ਹਨ
ਨਾ ਹੀ ਸੱਚ ਦਾ ਦੁਆਰ ਹਨ

—0—

ਮੇਰੀ ਜੜ੍ਹ ਸੁੱਕ ਜਾਣੀ ਹੈ
ਮੇਰੀ ਛਿੱਲੜ ਫੁੱਲ ਫਲ
ਟਹਿਣੀਆਂ ਪੱਤੇ
ਸਭ ਮੁਰਝਾ ਜਾਣੇ ਹਨ
ਪਰ ਮੇਰੇ ਅੰਤ ਤੋਂ ਪਹਿਲਾ
ਮੇਰੇ ਫੱਲਾਂ 'ਚ
ਨਵੇਂ ਬੀਜ ਆ ਜਾਣੇ ਹਨ
ਮੈਂ ਜੀਂਦੇ ਜੀਅ
ਫਿਰ ਆਪਣੇ ਆਪ 'ਚੋਂ

ਜਨਮ ਦਾ ਹਾਂ
ਇਹ ਜਨਮਨਾ
ਨਾ ਮਰਨਾ ਹੈ ਨਾ ਭਟਕਣਾ
ਇਹ ਸੱਚ ਹੈ
ਜੋ ਸਦਾ ਸੱਚ ਰਹਿਣਾ ਹੈ
ਸੱਚ ਹੈ ਸੱਚ ਦਾ ਦੁਆਰ ਨਹੀਂ
ਸੱਟ ਚਲਣਹਾਰ ਨਹੀਂ
ਭਟਕਣਹਾਰ ਨਹੀਂ

—0—

ਮੈਂ ਰੁੱਖ
ਆਪਣੇ ਮੂਲ ਤੇ ਤੱਤਾ
ਸਦਕਾ ਜੀਉਂਦਾ ਹਾਂ
ਆਪਣੇ ਵਿਚਲੇ
ਅਸਲ ਤੱਤ ਨੂੰ ਜਾਣ ਦਾ ਹਾਂ
ਉਸ ਦਾ ਰੂਪ ਪਹਿਚਾਣ ਦਾ ਹਾਂ
ਮੇਰਾ ਚਿਹਰਾ
ਮੇਰੇ ਅੰਗ ਮੇਰੇ ਨਕਸ਼
ਮੇਰੇ ਸੱਚ ਦੇ ਪ੍ਰਤੀਕ ਨਹੀਂ
ਮੇਰੇ ਸੱਚ ਦੀ ਨੁਹਾਰ ਨਹੀਂ
ਮੇਰੇ ਸੱਚ ਦਾ ਅਧਾਰ ਨਹੀਂ
ਮੇਰਾ ਸੱਚ
ਇਨ੍ਹਾਂ ਦੀ ਅਸਲ ਨੁਹਾਰ ਹੈ
ਇਨ੍ਹਾਂ ਦਾ ਅਧਾਰ ਹੈ
ਇਨ੍ਹਾਂ ਦੀ ਸ਼ਕਲ ਸੂਰਤ ਤੋਂ
ਬਾਹਰ ਹੈ

—0—

ਉਹ
ਮੇਰੇ ਲਹੂ 'ਚ ਵਸਦਾ ਹੈ
ਲਹੂ ਨਹੀਂ
ਮੇਰੇ ਅਣੂਆਂ 'ਚ ਜਿਉਂਦਾ ਹੈ

ਅਣੂ ਨਹੀਂ ਹੈ
ਮੇਰੀਆਂ ਅੰਤੜੀਆਂ ਦੀ
ਪ੍ਰਕ੍ਰਿਆ ਹੈ
ਅੰਤੜੀਆਂ ਨਹੀਂ ਹੈ
ਮੇਰੀ ਚੇਤਨਾ ਸ਼ਕਤੀ ਹੈ
ਚੇਤਨਾ ਨਹੀਂ ਹੈ
ਮੇਰੀ ਜਗਿਆਸ ਦਾ
ਸਿਰਜਕ ਹੈ
ਜਗਿਆਸਾ ਨਹੀਂ ਹੈ
ਮੇਰੇ ਪ੍ਰਾਣਾ ਦਾ ਪ੍ਰਾਣ ਹੈ
ਪ੍ਰਾਣ ਨਹੀਂ ਹੈ
—0—
ਮੇਰੀ ਜਗਿਆਸਾ
ਮੇਰੇ ਸੱਚ ਨੂੰ
ਜਦ ਉਘਾੜਦੀ ਹੈ
ਮੇਰੀ ਦੇਹ 'ਚ ਸੱਚ ਦੀ ਖ਼ੁਸ਼ਬੂ
ਖਿਲਾਰ ਦੀ ਹੈ
ਮੇਰੀ ਖ਼ੁਸ਼ਬੂ 'ਚ ਮੇਰੀਆਂ ਖ਼ੁਸ਼ੀਆਂ
ਮੇਰੇ ਮੌਸਮ
ਮੇਰੀਆਂ ਬਹਾਰਾਂ ਹੱਸਦੀਆਂ ਹਨ
ਮੇਰੇ ਜਿਸਮ 'ਚ
ਫੁੱਲਾਂ ਫਲਾਂ ਟਹਿਣੀਆਂ ਪੱਤਿਆਂ ਦੀਆਂ
ਸਰਿਸ਼ਟੀਆਂ ਵਸਦੀਆਂ ਹਨ
ਮੈਂ ਆਪਣੀ ਸ਼ੋਭਾ
ਜੀਂਦੇ ਜੀਅ ਹੰਢਾਉਂਦਾ ਹਾਂ
ਆਪਣਾ ਆਪ ਧਿਆਉਂਦਾ ਹਾਂ
ਆਪਣਾ ਸੱਚ ਪਾਉਂਦਾ ਹਾਂ
—0—
ਮੈਂ
ਆਪਣੀ ਖ਼ੁਸ਼ਬੂ ਲੈਂਦਾ ਹਾਂ

ਝੂਲਦਾ ਹਾਂ ਬੋਲਦਾ ਹਾਂ
ਮੈਂ ਭੇਦ ਆਪਣੇ ਦਿਲ ਦਾ
ਆਪਣੇ ਸੱਚ ਨਾਲ ਖੋਲ੍ਹਦਾ ਹਾਂ
ਜਦ
ਪੰਛੀਆਂ ਦੀਆਂ ਡਾਰਾ
ਮੇਰੀਆਂ ਟਹਿਣੀਆਂ ਤੇ
ਬਹਿੰਦੀਆਂ ਹਨ
ਮੇਰੇ ਅੰਦਰੋਂ
ਹੁਲਾਸ ਦਾ ਤੂਫ਼ਾਨ ਉੱਠਦਾ ਹੈ
ਮੇਰਿਆਂ ਨੈਣਾਂ 'ਚੋਂ
ਖ਼ੁਸ਼ੀਆਂ ਦੀ ਝਲਾਰ ਵਗਦੀ ਹੈ
ਮੇਰੇ ਸਾਹਵੇ ਮੇਰਾ ਸੱਚ
ਪ੍ਰਗਟਦਾ ਹੈ

—0—

ਸੈਕੜੇ ਸੂਰਜਾਂ ਦਾ
ਮੇਰੇ ਪੱਤਿਆਂ 'ਚ ਵਸੇਰਾ ਹੈ
ਮੇਰੇ ਤਨ 'ਚ ਅੱਗਣ ਦਾ ਤੇਜ਼ ਹੈ
ਮੇਰੇ ਪਿੰਡੇ 'ਚ ਪੌਣਾ ਦਾ ਡੇਰਾ ਹੈ
ਮੇਰੀਆਂ ਅੱਖਾਂ 'ਚ ਅੰਬਰ ਦੀ ਉੱਚਾਈ ਹੈ
ਮੇਰਿਆਂ ਪੈਰਾਂ 'ਚ
ਮੇਰੇ ਸੱਚ ਨੇ
ਹਰਿਆਉਲ ਦੀ ਚਾਦਰ
ਵਿਛਾਈ ਹੈ
ਮੈਂ ਆਪਣੀ ਰੌਣਕ
ਆਪਣੇ ਨੈਣਾਂ 'ਚ ਪਾਈ ਹੈ
ਪਿੰਡੇ ਤੇ ਹੰਢਾਈ ਹੈ
ਮੈਂ ਆਪਣੇ ਸਾਹਾਂ 'ਚ
ਖ਼ੁਦਾ ਤੇ ਖ਼ੁਦਾਈ ਵਸਾਈ ਹੈ

—0—

## ਗਰਭ ਜੂਨ

ਮੈਂ ਜੋ ਤੇਤੀ ਚੌਂਤੀ ਵਰ੍ਹੇ
ਗਰਭ 'ਚ ਰਿਹਾ ਹਾਂ
ਮਸਤਕ ਤੋਂ
ਧੁੰਨੀ ਤਕ ਦੇ ਸਫਰ ਦੀ
ਮੂੰਹੋਂ ਬੋਲਦੀ ਤਸਵੀਰ ਹਾਂ

—0—

ਮੇਰੇ ਚਿਹਰੇ ਤੇ ਉੱਗਿਆ
ਹਰ ਇਕ ਰੇਖਾਂ ਦਾ ਵਜੂਦ
ਜਿਸ ਦੀ ਮੇਰੇ ਵਲ ਪਿੱਠ ਹੈ
ਮੇਰੇ 'ਚੋਂ ਨਿਕਲ ਕੇ
ਨੱਕ ਦੀ ਸੇਧੇ ਜਾਅ ਰਿਹਾ ਹੈ
ਉਸ ਕਜਿਆਰੀ ਸੜਕ ਵਾਂਗ
ਜੋ ਧੁੰਨੀ ਤੋਂ ਮਸਤਕ ਤਕ
ਮੇਰੇ ਮਾਂ ਦੇ ਬੋਲਾਂ ਵਾਂਗ ਸਿੱਧੀ ਹੈ
ਆਲ੍ਹਣੇ 'ਚੋਂ ਉੱਡੇ ਬੋਟ
ਕਦ ਵਾਪਿਸ ਪਰਤਦੇ ਹਨ
ਇਹ ਮੈਂ ਵੀ ਜਾਣਦਾ ਹਾਂ
ਆਲ੍ਹਣਾ ਵੀ ਜਾਣਦਾ ਹੈ

—0—

ਮੈਂ ਆਪਣੇ ਜਿਹਨ 'ਚ ਵਸ ਰਹੇ
ਸਭਿਅਤਾ ਤੇ ਅਸਭਿਅਤਾ
ਦੀ ਟੀਸੀ ਤੇ ਖੜ੍ਹੇ
ਉਨ੍ਹਾਂ ਰੱਬੜ ਦੇ ਜਨਾਨਾ
ਮਰਾਠੀ ਗੁਜਰਾਤੀ
ਸਿੰਧੀ ਤੇ ਬੰਗਾਲੀ
ਤੇ ਕਈ ਹੋਰ
ਖਿਡਾਉਣਿਆ ਦੇ ਚਿਹਰਿਆਂ ਤੋਂ
ਬੜਾ ਭੈਭੀਤ ਰਿਹਾ ਹਾਂ
ਜੋ ਪਲਾਂ ਦੀ ਮਿਲਣੀ 'ਚੋਂ

ਯੁੱਗਾਂ ਦਾ ਸਭਿਅਤਾ
ਜਨਮ ਲੈਂਦੇ ਹਨ
ਤੇ ਸ਼ੀਸ਼ੇ ਦੇ ਬੁੱਤਾਂ 'ਚੋਂ
ਜੰਗਲ ਬਣ ਉੱਗ ਆਉਂਦੇ ਹਨ
ਮੈਨੂੰ ਜਮਾਂਦੂਰ ਹੀ ਬੋਣਾ ਲੱਗਾ ਹੈ
ਮਰਦ ਦਾ ਸਲਵਾਰ
ਔਰਤ ਦਾ ਪਜਾਮਾ ਪਹਿਨਣਾ

—0—

ਇਹ ਮੇਰੀ ਖਸ਼ਲਤ ਹੈ
ਅਤੇ ਇਹ ਸਭ ਕੁੱਝ ਮੈਂ
ਆਪਣੇ ਵਿੱਚ ਸ਼ਾਮਲ ਹੋ ਰਹੀ
ਇਕ ਸੰਧੂਰੀ ਰੰਗੇ ਚਿਹਰੇ ਵਾਲੀ
ਬ੍ਰਹਮਣ ਕਸ਼ਮੀਰੀ ਕੁੜੀ ਦੇ
ਆਗਮਨ 'ਚ ਕਿਹਾ ਸੀ
ਜਦੋਂ ਮੈਂ ਕਸ਼ਮੀਰ ਸਾਂ
ਪਤਨੀ ਟਾਪ ਤੇ ਬੈਠਾ
ਵਿਸਮਦਾ
ਤੇ ਉਸ ਕੁੜੀ ਦੇ ਜਿਸਮ
ਵਿਚਲੀ ਵਿਸ ਦਾ ਭਾਰ
ਉਸ ਬਰਫਾਨੀ ਸੱਪ
ਜਿੰਨਾ ਹੈ
ਜੋ ਇਕ ਤੁਪਕਾ ਦੁੱਧ
ਤੇਤੀ ਚੌਤੀ ਵਰਿਆ 'ਚ
ਪੀਅ ਸੱਕਣ ਦੀ ਸਮੱਰਥਾ
ਰੱਖਦਾ ਹੈ
ਇਹ ਜਾਣਕੇ
ਆਪਣੀ ਪੁੱਛਲ ਮੂੰਹ 'ਚ
ਚਬਾਦਾ ਹੋਇਆ
ਸਿਰ ਤੱਕ ਅੱਪੜ ਜਾਂਦਾ

—0—

ਇਕ ਤੁੱਪਕਾ ਦੁੱਧ ਤੋਂ ਵੱਧ
ਉਸ ਦੀ ਸੱਤਾ ਨੂੰ ਮਾਪਣਾ ਹੀ ਨਹੀਂ
ਸਗੋਂ ਉਸਦੇ ਪੇਟ ਵਿੱਚ
ਛੁਰਾ ਘੋਪਣਾ ਹੈ
ਇਸ ਨੂੰ ਮੈਂ
ਬਰਫ ਦੇ ਮੈਦਾਨ 'ਚ
ਸਰੀਰੋਂ ਨੰਗਾਂ ਵੇਖਿਆ ਹੈ
ਉਸ ਵੇਲੇ ਸਾਂਵਲੀ ਫਰੀਦਾ
ਮੇਰੀ ਦੇਹ ਵਿਚਲੇ ਵਿਸ ਘੋਲ ਰਹੇ
ਸੱਪ ਦੀ ਪੁੱਛਲ ਚੱਬਾ ਰਹੀ ਸੀ

—0—

ਮੈਂ ਜੀਵਨ ਅੱਗਣ ਨੂੰ
ਇਨ੍ਹੀ ਉਤੇਜਤਾ ਨਾਲ
ਬਲਦੇ ਵੇਖਿਆ ਹੈ
ਕਿ ਯਕਲਖਤ ਠੰਡੇ ਹਾਦਸੇ
ਜੀਵਨ ਰੌਂ 'ਚ
ਮਸ਼ਾਲਾ ਵਾਂਗ ਜਗਦੇ ਹਨ
ਅਤੇ ਕਈ ਵਾਰ
ਹੱਡ ਮਾਸ ਵਿਚਲੇ ਤਾਅ ਨੂੰ
ਬਲਣਦੀ ਜਾਂਚ ਦੱਸ ਜਾਂਦੇ ਹਨ

—0—

ਇਸੇ ਰੁੱਤੇ
ਕਿਸੇ ਸ਼ੈਕਸਪੀਅਰ ਦੀ
ਲਗਰ ਫੁੱਟਦੀ ਹੈ
ਕੋਈ ਸ਼ਿਵ ਜਿਹਾ ਕੁਕ ਨੂਸ
ਜਨਮਦਾ ਹੈ
ਜਾਂ ਕਿਸੇ ਨਰਗਸੀ ਫੁੱਲ ਖਾਤਿਰ
ਖ਼ੁਸ਼ੀ 'ਚ ਰੋ ਰਹੀ ਸ਼ਬਨਮ
ਦੀ ਅੱਖ 'ਚੋਂ
ਇਕ ਅੱਥਰੂ

ਸਮੁੰਦਰ ਦੀ ਸ਼ਾਂਤ ਅੱਖ 'ਚ
ਡਿੱਗਦਾ ਹੈ
ਤੇ ਵਹਿ ਟੁਰਦਾ ਹੈ
ਅਮ੍ਰਿਤਾ ਦੇ ਗੀਤ ਵਾਂਗ
"ਅਜ ਤੈਨੂੰ ਯਾਦ ਕੀਤਾ
ਅੱਗ ਨੂੰ ਚੁੰਮਿਆ ਅਸਾਂ"

—0—

ਇਹ ਕੋਈ ਛੀਬੇ ਸੱਪ ਨਹੀਂ
ਜੋ ਡੰਗਣ ਪਿੱਛੋਂ
ਆਪਣੀ ਨਸਲ ਤੇ ਲੱਗਾ
ਕੰਲਕ
ਹੋਰ ਵੀ ਕਾਲਾ ਕਰ ਲੈਣ
ਇਹ ਕੁੜੀਆਂ ਨੇ
ਤਾਜ ਮਹਿਲ ਹੇਠਾਂ ਖੜੀਆਂ
ਸਮੁੰਦਰ 'ਚ ਡੁੱਬਦੇ ਜਹਾਜ਼
ਵੇਖ ਰਹੀਆਂ ਹਨ
ਸਾਲੀਆਂ ਮਰਾਠਨਾ ਤੇ ਸਿੰਧਣਾ
ਆਪ ਉਜੰ  ਤੈਰ ਰਹੀਆਂ ਹਨ
ਕਾਗਜ਼ਾਂ ਦੀ ਬੇੜੀ 'ਤੇ
ਉਹ ਮਹਿੰਦੀ ਰੰਗੀ ਸਾੜੀ ਵਾਲੀ
ਸਿੰਧਣ ਸਾਲੀ ਟਾਪ ਹੈ
ਸਮੁੰਦਰੀ ਜ਼ਖੀਰੇ ਵਾਂਗ
ਖ਼ੂਬਸੂਰਤ ਹੈ
ਮਰਮਰੀ ਮੂਰਤ ਹੈ

—0—

ਇਹ ਛੱਤੀ ਨੰਬਰ ਕਮਰੇ ਵਾਲੀ ਹੈ
ਤੇ ਨਸ਼ੇ ਦੀ ਲੋਰ 'ਚ
ਮੇਰਾ ਦੋਸਤ ਕਹਿੰਦਾ ਹੈ
ਅਸੀਂ ਛੱਬੀਆਂ ਦੇ ਹਾਂ
ਉਹ ਅੱਖਾਂ ਚਮਕਾ

ਜਿਵੇਂ ਹੁਣੇ ਹੀ ਉਸ ਦੀ ਨਜ਼ਰ
ਇਸ ਨਿਰੀ ਲੁੱਟ ਵਰਗੀ
ਸਿੰਧਣ ਦੀ
ਸਰੀਰਕ ਭਗੋਲ ਪੜ੍ਹਕੇ ਆਈ ਹੋਵੇ
ਆਖਣ ਲੱਗਾ
"ਜਨਾਬ ਅਸਾਂ ਬਾਬਿਆਂ ਨੂੰ
ਨੰਗਾ ਵੇਖਿਆ ਹੈ"

—0—

ਬਸ ਤਾਜ ਮਹਿਲ ਦੀਆਂ
ਮੰਜ਼ਿਲਾਂ ਜਿੰਨ੍ਹਾਂ ਉੱਚਾ
ਗੇਟ ਵੇ ਆਫ਼ ਇੰਡੀਆਂ
ਜਿੰਨ੍ਹਾਂ ਮਜ਼ਬੂਤ
ਤੇ ਸਮੁੰਦਰ ਵਰਗਾ
ਗਹਿਰਾ ਤੇ ਵਿਸ਼ਾਲ
ਹਾਸਾ ਹੱਸਦੇ ਹਨ ਸੱਜਣ

—0—

ਮੈਂ ਦੱਸ ਚੁੱਕਾ ਹਾਂ ਨਾ
ਮੇਰੀ ਸਾਂਝ ਰਹੀ ਹੈ
ਲਹੂ ਮਾਸ ਨਾਲ ਗਰਭ ਨਾਲ
ਹੁਣ ਵੀ ਮੈਂ
ਗਰਭ ਵਿੱਚੋਂ ਹੀ ਬੋਲ ਰਿਹਾ ਹਾਂ
ਇਕ ਅਸ਼ਗੁਨਾ ਪੁੱਤਰ
ਤੇ ਪ੍ਰਨਾਲੇ ਤੇ ਉੱਗਿਆ ਬੋਹੜ

—0—

ਬੰਗਾਲਣਾ
ਤਾਂ ਮਾਂ ਆਖਦੀ ਹੈ
ਵਾਹਿਗੁਰੂ ਬੋਲ ਕਦੇ ਨਾ ਡੋਲ

ਜਾਦੂ ਗਰਨੀਆਂ ਕਲੇਜਾ ਖਾਨੀਆਂ
ਮਾਂ ਬੜੀ ਸੱਚੀ ਹੈ
ਵੇਖੋ ਇਸ ਬੰਗਾਲਣ ਨੂੰ
ਵੀ ਕੀ ਝੱਸ ਹੈ
ਫੁੱਲ ਤੋੜੇ ਵਾਲਾ ਵਿੱਚ ਲਾਵੇ
ਸਾਰਾ ਦਿਨ
ਉਹਦੀ ਮਹਿਕ ਹੰਢਾਵੇ
ਰਾਤ ਪਵੇ ਸ਼ੀਸ਼ੇ ਵਿੱਚ ਖੜਕੇ
ਗਜ਼-ਗਜ਼ ਲੰਮਿਆਂ ਵਾਲਾਂ ਵਿੱਚੋਂ
ਫੁੱਲ ਪਈ ਲਾਏ
ਇਕ ਸਾਹ ਵੇਖੇ ਦੋ ਸਾਹ ਵੇਖੇ
ਭਰੇ ਸਰਦ ਅਜਿਹਾ ਫਿਰ ਹੌਕਾ
ਅੱਥਰੂ ਡਿੱਗ ਪੈਣ
ਫੁੱਲ ਖਾਹ ਜਾਵੇ

—0—

ਮਾਂ ਆਖਦੀ ਹੈ
ਬੰਗਾਲੀ ਜਾਦੂ ਗਰਨੀਆਂ
ਪੁੱਤਰ
ਬੰਦੇ ਨੂੰ ਅਲਬੇਲਾ ਕਰ ਦੇਣ
ਮਰਦਾ ਨੇ ਜਿਹੇ ਮਹਾਂ ਪੁਰਖਾਂ ਨੂੰ
ਬਿੰਨ ਕਸੂਰੋ ਲੇਲਾ ਕਰ ਦੇਣ

—0—

ਮੈਂ ਜੋ ਤੇਤੀ ਚੌਤੀ ਵਰ੍ਹੇ
ਗਰਭ 'ਚ ਰਿਹਾ ਹਾਂ
ਮਸਤਕ ਤੋਂ
ਧੁੰਨੀ ਤਕ ਦੇ ਸਫਰ ਦੀ
ਮੂੰਹੋਂ ਬੋਲਦੀ ਤਸਵੀਰ ਹਾਂ
ਮੈਂ ਦਸ ਚੁੱਕਾ ਹਾਂ ਨਾ

ਮੇਰੀ ਸਾਂਝ ਰਹੀ ਹੈ
ਲਹੂ ਮਾਸ ਨਾਲ ਗਰਭ ਨਾਲ
ਹੁਣ ਵੀ
ਮੈਂ ਗਰਭ 'ਚੋਂ ਹੀ ਬੋਲ ਰਿਹਾ ਹਾਂ
ਇਕ ਅਸ਼ਗੁਨਾ ਪੁੱਤਰ
ਤੇ ਪ੍ਰਨਾਲੇ ਤੇ ਉੱਗਿਆ ਬੋਹੜ

—0—

# ਪ੍ਰਦਰਸ਼ਨੀ

(ਛੋਟੀਆਂ ਲੰਮੀਆਂ ਕਵਿਤਾਵਾਂ ਦਾ ਸੰਗ੍ਰਹਿ)

ਚਰਨ ਸਿੰਘ

(ਕਾਵਿ-ਸ਼ਾਸਤਰ)

# ਤਤਕਰਾ


1. ਸਦੀਆਂ ਦੀ ਅਵਾਰਗੀ
2. ਵਿਵੇਕ
3. ਪਾੜ੍ਹਾ
4. ਚੁੱਪ ਤੇ ਸ਼ੋਰ
5. ਨਵੇਂ ਜਨਮੇਂ
6. ਦਾਮਨੀ ਲੋਕ
7. ਮ੍ਰਿਗ ਤ੍ਰਿਸ਼ਨਾ
8. ਅਜੀਬ ਸਖਸ਼
9. ਸਿੱਧ ਪੁੱਠ
10. ਸਵੈ ਨਿਰਭਰਤਾ
11. ਘੋੜ੍ਹਾ

# ਸਦੀਆਂ ਦੀ ਅਵਾਰਗੀ

## ਪ੍ਰਭਾਵ ਪਹਿਲਾ

### (i) ਸਦੀਆਂ

ਆਪਣੇ ਆਪ ਨੂੰ
ਸਾਲਾਂ ਮਹੀਨਿਆਂ ਦਿਨਾਂ
ਤੇ ਪਲਾਂ 'ਚ ਵੰਡਿਆ ਹੈ
ਮੈਨੂੰ ਜਾਪਿਆ
ਮੇਰਾ ਕੱਦ ਸਦੀਆਂ ਲੰਮੇਰਾ ਹੈ
ਸਮੇਂ ਦੇ ਆਦਿ ਤੇ ਅੰਤ ਵਿਚਾਲੇ
ਮੇਰਾ ਹੀ ਚਿਹਰਾ ਹੈ

—0—

ਮੈਂ ਕਿੰਨ੍ਹਾਂ ਕੁੱਝ ਹੰਢਾਇਆ ਹੈ
ਬੀਜਿਆ ਸਿੰਜਿਆ
ਅਤੇ ਉੱਗਾਇਆ ਹੈ
ਮੈਂ ਧਰਤੀ ਦੇ ਕਿੰਨ੍ਹੇ ਰੂਪ ਵੇਖੇ ਹਨ
ਕਿੰਨ੍ਹੇ ਆਸਮਾਂ
ਆਪਣੇ ਸਿਰ ਤੇ ਪੇਖੇ ਹਨ
ਮੈਂ ਕਿੰਨ੍ਹੀਆਂ ਰੁੱਤਾਂ ਦੇ ਪਿੰਡੇ 'ਚੋਂ
ਗੁਜਰਿਆਂ ਹਾਂ
ਕਿੰਨ੍ਹੇ ਮੌਸਮ ਨੈਣਾਂ ਵਿੱਚ ਵਸਾਏ ਹਨ
ਕਿੰਨ੍ਹੀਆਂ ਪ੍ਰਕ੍ਰਿਤੀਆਂ
ਗੋਦ ਖਿਡਾਈਆਂ ਹਨ
ਕਿੰਨ੍ਹੇ ਰੁੱਖ ਜਨਮੇ
ਕਿੰਨ੍ਹੇ ਜੰਗਲ ਤੇ ਪਹਾੜ
ਉੱਗਾਏ ਹਨ

—0—

ਮੈਂ ਚਿਹਰਿਆਂ ਦੇ
ਕਿੰਨ੍ਹੇ ਸਾਗਰ ਤਰੇ ਹਨ

ਕਿੰਨ੍ਹੀ ਆ ਮਾਨਵਤਾ
ਨੈਣੀ ਪਾਈਆਂ ਹਨ
ਕਿੰਨ੍ਹੇ ਦਰਿਆਂ ਡੀਕੇ ਹਨ
ਕਿੰਨ੍ਹੀਆਂ ਨਦੀਆਂ ਅੱਥਰੂਆਂ
ਦੀਆਂ
ਨੈਣਾਂ ਵਿੱਚ ਵਸਾਈਆਂ ਹਨ
ਕਿੰਨ੍ਹੇ ਰਾਹ ਤੇ ਸਫਰ ਮੈਲੇ
ਕੀਤੇ ਹਨ
ਕਿੰਨ੍ਹੀਆਂ ਮੰਜ਼ਿਲਾਂ
ਮਸਤਕ 'ਚ ਉੱਗਾਈਆਂ ਹਨ

—0—

ਮੇਰੀ ਦੇਹ 'ਚ
ਕਈ ਸਦੀਆਂ ਸਮਾਈਆਂ ਹਨ
ਕਈਆਂ ਯੁੱਗਾਂ ਨੂੰ
ਉਂਗਲੀ ਲਾ ਟੁਰਨਾ ਦੱਸਿਆ ਹੈ
ਹਵਾ ਨੂੰ ਵੇਗ ਦਾ
ਅੱਗਣ ਨੂੰ ਤੇਜ਼ ਦਾ ਸੱਚ
ਸਮਝਾਇਆ ਹੈ
ਜਲ ਨੂੰ ਜਲ ਦੀ ਦੇਹ ਦਾ
ਭੇਂਦ ਦਰਸਾਇਆ ਹੈ
ਅੰਬਰ ਧਰਤੀ ਨੈਣੀ ਪਾਇਆ ਹੈ
ਸਮੇਂ 'ਚ
ਗਤੀ ਦਾ ਅਹਿਸਾਸ ਜਗਾਇਆ ਹੈ
ਇਹ ਮੇਰੇ ਆਦਿ ਤੋਂ ਹੁਣ ਤੱਕ ਦੇ
ਸਫਰ 'ਚ ਸਮਾਇਆ ਹੈ

—0—

ਮੇਰੀ ਦੇਹ 'ਚ ਵਸਦੀਆਂ
ਸਦੀਆਂ ਤੇ
ਕਈ ਵਾਰੀ ਪਤਝੜਾਂ
ਕਈ ਵਾਰ ਬਹਾਰਾਂ ਆਈਆਂ ਹਨ

ਕਈ ਵਾਰ ਝੁਲਸੀਆਂ ਹਨ
ਆਪਣੀ ਹੀ ਅੱਗ 'ਚ
ਕਈ ਵਾਰ ਆਪਣੀ ਹੀ ਲਾਸ਼ ਤੇ
ਹਸੀਆਂ ਤੇ ਮੁਸਕਾਈਆਂ ਹਨ

—0—

ਕਈ ਵਾਰ
ਪੈਰਾਂ ਦੀਆਂ ਤਲੀਆਂ
ਸੜੀਆਂ ਧੁੱਪਾਂ 'ਚ
ਕਈ ਵਾਰ
ਚੰਨ ਮੱਥੇ ਤੇ ਸਜਾਇਆ ਹੈ
ਕਈ ਵਾਰ ਚਾਂਦਨੀ
ਨੈਣਾਂ ਵਿੱਚ ਉਤਾਰੀ ਹੈ
ਕਈ ਵਾਰ ਪਲ-ਪਲ ਕਰਕੇ
ਸਦੀਆਂ ਦੀ ਉਮਰ ਗੁਜਾਰੀ ਹੈ
ਕਈ ਵਾਰੀ ਪਲ ਵਿੱਚ ਸਦੀ
ਉਤਾਰੀ ਹੈ
ਕਈ ਵਾਰੀ ਧਰਤੀ
ਆਪਣੀ ਦੇਹ ਤਿਆਗ
ਅੰਬਰ ਤੇ ਛਾਈ ਹੈ
ਕਈ ਵਾਰ ਅੰਬਰ ਨੇ
ਧਰਤੀ ਦੇ ਮੁਖੜੇ 'ਚੋਂ
ਆਪਣੀ ਛਬੀ ਵਿਖਾਈ ਹੈ
ਕਈ ਵਾਰ ਬ੍ਰਹਿਮੰਡ
ਆਪਣੇ ਕੰਠ ਉਤਾਰੇ ਹਨ
ਕਈ ਵਾਰੀ ਸਾਗਰ
ਸਹਿਰਾ ਤੇ ਬਰਸਾਏ ਹਨ
ਕਈ ਵਾਰੀ ਸਹਿਰਾ
ਮਸਤਕ ਵਿੱਚ ਉੱਗ ਆਏ ਹਨ
ਕਈ ਵਾਰ ਉਦਾਸੀ ਚਿਹਰੇ ਤੇ
ਮੌਸਮ ਅੱਥਰੂ ਬਣ ਆਏ ਹਨ

—0—

ਇੰਜ ਕਟਦਿਆਂ
ਉਮਰਾਂ ਸਦੀਆਂ
ਮੇਰੀ ਦੇਹ ਹੰਢਾਈ
ਪਰ ਆਪਣੇ ਆਪ 'ਚ ਅਜਨਬੀ
ਤੇ ਅਘਰਵਾਸੀ ਰਹੀਆਂ
ਮੇਰੇ ਲਹੂ 'ਚ ਟੁਰੀਆਂ ਜੀਵੀਆਂ
ਪਰ ਦੇਹ ਤੇ ਰੂਹ ਲਈ
ਬਨਵਾਸੀ ਹੀ ਰਹੀਆਂ

—0—

**ਪ੍ਰਭਾਵ ਦੂਜਾ**
**(ii) ਅਵਾਰਗੀ**

ਸਦੀਆਂ ਦੀ ਅਵਾਰਗੀ 'ਚ
ਬੜਾ ਠਰਕ ਸੀ
ਸੜਕਾਂ ਤੇ ਭੌਣ ਦਾ
ਅਵਾਰਗੀ 'ਚ ਗੁੰਮ ਰਹਿਣ ਦਾ
ਛਾਂਵਾ ਤੇ ਪੈਰ ਧਰ ਲੰਘਣ ਦਾ
ਧੁੱਪਾਂ ਦੇ ਸਾਏ 'ਚ ਬਹਿਣ ਦਾ
ਸ਼ੋਰ ਬਣ ਕੇ ਫੈਲਣ ਦਾ
ਭੀੜਾਂ 'ਚ ਉਦਾਸ ਰਹਿਣ ਦਾ
ਠਰਕ ਸੀ ਦੇਹ ਤੋਂ ਬਾਹਰ ਰਹਿਣ ਦਾ
ਆਪਣੇ ਸਾਏ ਹੇਠ ਬਹਿਣ ਦਾ

—0—

ਆਪਣੀ ਅਵਾਰਗੀ 'ਚ
ਇਸ ਤਰ੍ਹਾਂ ਤਕਸੀਮੇ ਗਏ
ਕਿ ਸਾਲਾਂ ਮਹੀਨਿਆਂ ਦਿਨਾਂ ਤੋਂ
ਪਲਾਂ 'ਚ ਢਲ ਗਏ
ਸਮੇਂ ਦੇ ਮਸਤਕ 'ਚ ਠਹਿਰ ਗਏ
ਹਵਾ ਦੇ ਪੈਰਾਂ ਨੂੰ ਲਿਪਟ ਗਏ
ਆਪਣੇ ਜਲ 'ਚੋਂ ਸਹਿਰਾ
ਉੱਗਾ ਲਿਆ
ਧਰਤ ਤੇ ਅਕਾਸ਼ ਨੂੰ
ਤਲੀਆਂ ਤੇ ਉੱਠਾ ਲਿਆ
ਚੰਦਰਮਾਂ ਕੱਛੇ ਮਾਰਿਆ
ਮੱਘਦਾ ਸੂਰਜ ਮੂੰਹ 'ਚ
ਪਾ ਲਿਆ

—0—

ਆਪਣੇ ਅੰਦਰ ਤੇ ਦੁਆਲੇ
ਹਨ੍ਹੇਰਾ ਪੋਚਿਆ

ਮੱਥੇ 'ਚ ਜਗਦਾ ਦੀਵਾ ਬੁਝਾ ਲਿਆ
ਆਪਣੀ
ਅਵਾਰਗੀ ਦਾ ਸਰਾਪ ਬਣ ਕੇ
ਰਹਿ ਗਏ
ਆਪਣੀ ਕਬਰ ਤੇ ਦੀਵਾ ਬਾਲਿਆ
ਤੇ ਬਹਿ ਗਏ
ਜ਼ਿੰਦਗੀ ਤੋਂ ਕਬਰ ਵਿਚਲਾ
ਸਫਰ ਬਣ ਕੇ ਰਹਿ ਗਏ

—0—

ਗਤੀਆਂ ਦੇ ਚਸ਼ਮੇ
ਵੇਗ ਦਾ ਦਰਿਆ ਸਾਂ
ਧੁੱਪਾਂ ਦਾ ਪਿੰਡਾਂ
ਰੂਪ ਛਾਂਵਾਂ ਦਾ ਸਾਂ
ਚਿਹਰਾ ਪ੍ਰਕਿਰਤੀ ਦਾ
ਨਕਸ਼ ਹਵਾਵਾ ਦਾ ਸਾਂ
ਤ੍ਰਿਸ਼ਨਾ ਰਾਹਾਂ ਦੀ
ਸੁਫਨਾ ਦਿਸ਼ਾਵਾ ਦਾ ਸਾਂ
ਸਾਹ ਜੀਵਨ ਦੇ
ਪਿਆਸ ਸਾਗਰ ਦੀ ਸਾਂ
ਵਜੂਦ ਗਾਗਰ ਦਾ ਸਾਂ
ਸੱਚ ਸਾਗਰ ਦਾ ਸਾਂ

—0—

ਅਵਾਰਗੀ ਦਾ ਦੌਰ ਸੀ
ਤਾਂ ਸਾਂ ਅਸੀਂ
ਮਹਿਕ ਮੌਸਮ ਦੀ
ਜੁੱਸਾ ਬਹਾਰਾਂ ਦਾ ਸਾਂ ਅਸੀਂ
ਹਰਿਆਉਲ ਜੰਗਲ ਦੀ
ਮੁਖ ਆਬਸਾਰਾ ਦਾ ਸਾਂ ਅਸੀਂ
ਕੋਇਲ ਦੇ ਕੰਠ 'ਚ ਵਸੇਰਾ ਸੀ
ਪੈਰ ਧਰਤ ਤੇ ਅੰਬਰ 'ਚ ਡੇਰਾ ਸੀ

ਅਵਾਰਗੀ ਹੀ
ਆਪਣਾ ਦਰਪਣ ਸੀ
ਅਵਾਰਗੀ ਹੀ
ਆਪਣਾ ਚਿਹਰਾ ਸੀ

—0—

ਅਵਾਰਗੀ ਦੀ ਕੁੱਖ 'ਚੋਂ
ਗਤੀਆਂ ਜਨਮੀਆਂ
ਆਪਣੀ ਹੀ ਕੁੱਖ ਨੂੰ ਸਰਾਪ ਸੀ
ਆਪਣੇ ਹੀ ਚਿਹਰੇ ਤੇ ਲਿਖਿਆ
ਆਪਣੀ ਜਮਾਂ ਮੰਨਫੀ ਜ਼ਰਬੋ
ਤਕਸੀਮ ਦਾ ਹਿਸਾਬ ਸੀ
ਆਪਣੇ ਪੈਰਾਂ 'ਚ ਚੱਕਰ ਸੀ
ਆਪਣੀ ਦੇਹ 'ਚ
ਇਕ ਪਲ ਬਹਿਣਾ ਹਿਜ਼ਾਬ ਸੀ
ਅਵਾਰਗੀ ਦੇ ਮੌਸਮ 'ਚ
ਕਿਤੇ ਸਹਿਰਾ ਕਿਤੇ ਸਾਗਰ ਸੀ
ਕਿਤੇ ਜੰਗਲ ਕਿਤੇ ਪਹਾੜ ਸੀ
ਰੌਣਕਾਂ ਦੇ ਝੁਰਮਟ ਸਨ
ਇੱਕਲਤਾ ਹੀ
ਆਪਣਾ ਤਖ਼ਤ ਸੀ
ਆਪਣਾ ਦਰਬਾਰ ਸੀ

—0—

**ਪ੍ਰਭਾਵ ਤੀਜਾ**
**ਅਵਾਰਗੀ ਦੇ ਅਕੂੰਰ**

ਅਵਾਰਗੀ ਦੀ ਪਿੱਠ ਪਿੱਛੋਂ
ਦੋ ਧੁੱਖਦੇ ਨੈਣਾ ਦਾ ਧੂੰਆ ਉਠਿਆ
ਤੇ ਅੰਬਰ ਤੇ ਛਾਅ ਗਿਆ
ਬਣ ਕੇ ਬੱਦਲ
ਆਪਣੀ ਹੀ ਦੇਹ ਤੇ ਵਰ੍ਹ ਗਿਆ
ਇੱਕਲਤਾ ਨੇ ਚੁੱਪ ਤੋੜੀ
ਅਵਾਰਗੀ ਦੇ ਕੰਠ 'ਚ ਉਤਰੀ
ਤੇ ਬੋਲੀ
ਅਵਾਰਗੀ
ਤੇਰੇ ਪੈਰਾਂ 'ਚ
ਉਨ੍ਹਾਂ ਦੋ ਨੈਣਾਂ ਦੀ ਭਾਲ ਹੈ
ਨੈਣ ਜੋ ਅਵਾਰਗੀ ਦੇ ਨੈਣਾਂ 'ਚ
ਬੀਜ
ਆਪਣਾ ਚਿਹਰਾ ਟੁਰ ਗਏ
ਚਿੱਟੇ ਦਿਨ 'ਚ ਹੀ ਗੁੰਮ ਗਏ
ਅਵਾਰਗੀ ਦੇ ਮਸਤਕ 'ਚ
ਆਪਣੀ ਪਹਿਚਾਣ ਧਰ ਗਏ
—0—
ਉਹ ਨੈਣ ਪਿੱਠ ਤੋਂ ਉੱਠ ਕੇ
ਜਦ ਸਾਹਮਣੇ ਆਉਂਦੇ ਹਨ
ਮੇਰੀ ਇੱਕਲਤਾ
ਤੇ ਅਵਾਰਗੀ ਦਾ ਰੂਪ ਧਾਰਦੇ ਹਨ
ਤੇ ਮੁਸਕਰਾਉਂਦੇ ਹਨ
ਤੇਰੇ ਪੈਰਾਂ 'ਚ
ਇਨ੍ਹਾਂ ਨੈਣਾਂ ਦਾ ਡੇਰਾ ਹੈ
ਤੇਰੇ ਪੈਰਾਂ 'ਚ ਤੇਰੀ ਅਵਾਰਗੀ ਹੈ
ਤੇਰੀ ਅਵਾਰਗੀ ਦੇ ਸਫਰ 'ਚ

ਇਨ੍ਹਾਂ ਨੈਣਾਂ ਦਾ ਚਿਹਰਾ ਹੈ

—0—

ਮੈਂ ਆਪਣੀ ਅਵਾਰਗੀ ਉਠਾ ਕੇ
ਅੱਖਾਂ ਤੇ ਮੱਥੇ ਨਾਲ ਲਾਉਂਦਾ ਹਾਂ
ਉਦੋਂ ਉਹ ਨੈਣ
ਮੇਰੇ ਨੈਣਾਂ ਦੇ ਰਾਹੀਂ
ਦਿਲ 'ਚ ਉਤਰਦੇ ਹਨ
ਫੜਕੇ ਬਾਂਹ ਮੇਰੀ
ਆਪਣੇ ਕੋਲ ਬਿਠਾਉਂਦੇ ਹਨ
ਮੇਰੇ ਲਹੂ 'ਚ ਟੁਰਦੇ ਹਨ
ਮੇਰੇ ਜਿਸਮ 'ਚ ਭੌਂਦੇ ਹਨ
ਮੇਰੇ ਚਿਹਰੇ ਤੇ
ਮੇਰੇ ਨੈਣ ਨਕਸ਼ ਬਣ ਕੇ
ਉੱਗ ਆਉਂਦੇ ਹਨ

—0—

ਮੇਰੇ ਨੈਣਾਂ ਨੂੰ ਮੇਰੇ ਚਿਹਰੇ 'ਚੋਂ
ਆਪਣਾ ਚਿਹਰਾ ਵਿਖਾਉਂਦੇ ਹਨ
ਦੋ ਨੈਣ ਤੇ ਚਿਹਰਾ
ਮੇਰੇ 'ਚ ਉਤਰ ਜਾਂਦੇ ਹਨ
ਮੇਰੀ ਪਹਿਚਾਣ ਬਣਦੇ ਹਨ
ਖ਼ੁਦ ਗੁਆਚ ਜਾਂਦੇ ਹਨ

—0—

ਅਵਾਰਗੀ
ਆਪਣੇ ਆਪ ਦੀ ਹੈ
ਆਪਣੀ ਭਾਲ ਦੀ ਹੈ
ਆਪਣੇ
ਜਿਸਮ 'ਚ ਵਸਦੀ ਰੂਹ ਦੀ ਹੈ
ਪਾਣੀ ਲਈ
ਪਿਆਸੇ ਖੂਹ ਦੀ ਹੈ
ਗੁਲਸ਼ਨ ਲਈ

ਬਹਾਰਾਂ ਮੌਸਮਾਂ ਦੀ ਹੈ
ਕਲੀਆਂ ਫੁੱਲਾਂ ਲਈ
ਰੰਗ ਰੰਗਤ ਖ਼ੁਸ਼ਬੂ ਦੀ ਹੈ
ਸਹਿਰਾ ਦੀ ਅਵਾਰਗੀ
ਸਾਗਰ ਲਈ ਹੈ
ਮਨੁੱਖਖ ਦੀ ਅਵਾਰਗੀ
ਮਨੁੱਖਤਾ ਲਈ ਹੈ
ਪੌਣ ਦੀ ਅਵਾਰਗੀ
ਹਰ ਜੂਅ ਦੀ ਹੈ
ਰੁੱਖ ਲਈ ਜੰਗਲ ਦੀ ਹੈ
ਮੈਂ ਲਈ ਅਵਾਰਗੀ ਤੂੰ ਦੀ ਹੈ

—0—

ਕਿਣਕੇ ਲਈ
ਅਵਾਰਗੀ ਪਹਾੜ ਦੀ ਹੈ
ਨਦੀਆਂ ਨਾਲਿਆਂ ਦਰਿਆਵਾਂ
ਦੀ ਅਵਾਰਗੀ ਸਾਗਰ ਲਈ ਹੈ
ਬੂੰਦ ਦੀ ਅਵਾਰਗੀ
ਗਾਗਰ ਲਈ ਹੈ
ਸਾਗਰ ਦੀ ਅਵਾਰਗੀ
ਸਾਗਰ ਲਈ ਹੈ
ਜ਼ਿੰਦਗੀ ਖ਼ੁਦ
ਆਪਣੀ ਅਵਾਰਗੀ 'ਚ
ਭੌਂਦੀ ਹੈ
ਸਫਰ ਹੁੰਦੀ ਹੈ
ਸਫਰ ਦਾ ਸੱਚ ਕਹਾਉਂਦੀ ਹੈ

—0—

ਸਾਡੇ ਲਈ ਅਵਾਰਗੀ
ਵਿਚਰਨ ਧਰਾਤਲ ਦੀ ਸੀ
ਜਨਮ ਤੇ ਮਰਨ ਦੀ ਗਤੀ ਦੀ ਸੀ
ਅਸੀਂ ਅਵਾਰਗੀ ਦੀ

ਤੁਰਦੀ ਫਿਰਦੀ ਲਗਦੀ ਜਾਗਦੀ
ਮੂੰਹੋਂ ਬੋਲਦੀ ਮਿਸਾਲ ਸਾਂ
ਯੁੱਗਾਂ ਦੇ ਜਨਮ ਦਾਤੇ
ਯੁੱਗਾਂ ਤੋਂ ਬਾਹਰ ਸਾਂ
ਮੌਤ ਤੇ ਜੀਵਨ ਦਾ
ਜਿਉਂਦਾ ਜਾਗਦਾ ਅਹਿਸਾਸ ਸਾਂ

—0—

ਆਪਣੀ ਜ਼ੁਬਾਂ 'ਤੇ
ਸਮਾਂ ਸੀ ਬੋਲ ਦਾ
ਆਪਣੇ ਇਸ਼ਾਰੇ ਤੇ ਅੰਬਰ ਸੀ
ਭੇਦ ਆਪਣਾ ਖੋਲ੍ਹਦਾ
ਆਪਣੀ ਚੁੱਪ ਤੇ
ਸਾਗਰ ਸੀ ਆਪਾ ਉਧੇੜਦਾ
ਆਪਣੀ ਪਲਕ ਖੁੱਲ੍ਹਣ ਤੇ ਸੀ
ਸੂਰਜ ਉਦੇ ਹੁੰਦਾ
ਆਪਣੀ ਇਬਾਦਤ ਤੇ ਸੀ
ਖ਼ੁਦਾ ਜਨਮ ਦਾ

—0—

ਸਦੀਆਂ ਤੇ ਅਵਾਰਗੀ
ਮੇਰੀ ਦੇਹ 'ਚ ਵਸਦੀਆਂ
ਸੁੱਖਾਂ ਦੁੱਖਾਂ ਦੀ ਮਹਿਕ
ਖਿਲਾਰ ਦੀਆਂ
ਆਪਣੀ ਆਪਣੀ ਕਿਸਮਤ ਤੇ
ਰੋਦੀਆਂ ਤੇ ਹਸਦੀਆਂ
ਮੇਰੀ ਦੇਹ ਨੂੰ ਦਸਦੀਆਂ
ਦੇਹ 'ਚ ਕੋਈ ਯਾਤਰੂ
ਸਦਾ ਨਹੀਂ ਰਹਿੰਦਾ
ਰਾਤ ਕਟਦਾ ਹੈ
ਦਿਨੇ ਸਫਰ ਕਰਦਾ ਹੈ
ਯਾਤਰੂ ਦਾ ਸੂਰਜ

ਡੁੱਬਦਾ ਤੇ ਚੜ੍ਹਦਾ ਹੈ
ਮੇਰੀ ਦੇਹ ਦਾ ਖੰਡਰ
ਕਿਸੇ ਯਾਤਰੂ ਦੀ ਇੰਤਜ਼ਾਰ 'ਚ
ਰਾਹਾਂ 'ਚ ਖੜ੍ਹਿਆ ਹੈ
ਖੰਡਰ ਨੇ ਆਪਣੇ ਮੱਥੇ ਤੇ
ਵਸੇਰਾ
ਸਦੀਆਂ ਤੇ ਅਵਾਰਗੀ ਦਾ
ਲਿਖ ਧਰਿਆ ਹੈ

—0—

## ਵਿਵੇਕ

ਜ਼ਿੰਦਗੀ
ਕੁਦਰਤੀ ਰਹਿਮਤ ਹੈ
ਪਰ ਖ਼ੂਬਸੂਰਤ ਜ਼ਿੰਦਗੀ
ਆਪਾ ਸੁਆਰਨ ਦੀ ਨਿਹਮਤ ਹੈ
ਆਪਾ ਉੱਚਾ ਉਠਾਣ ਦੀ
ਨਿਹਮਤ ਹੈ
ਆਪਣੇ 'ਚੋਂ ਤੂੰ ਨੂੰ ਜਗਾਵਣ
ਦੀ ਨਿਹਮਤ ਹੈ

—0—

ਮੇਰੇ ਵਿਚਲਾ ਵਿਵੇਕ
ਜਦ ਜ਼ਿੰਦਗੀ ਦੇ ਰੁੱਖ 'ਚ
ਉਤਰਦਾ ਹੈ
ਰੁੱਖ ਤੇ ਨਿਖਾਰ ਆਉਂਦਾ ਹੈ
ਰੁੱਖ ਦਾ ਵਜੂਦ ਮਹਿਕਦਾ ਹੈ
ਰੁੱਖ ਆਪਣੇ ਆਪ ਨੂੰ
ਭਾਉਂਦਾ ਹੈ
ਪੱਤਿਆ ਫਲਾਂ ਫੁੱਲਾਂ 'ਚ
ਡਲਕਦਾ ਹੈ
ਛਿੱਲੜ ਤੰਨੇ ਤੇ ਟਹਿਣੀਆਂ 'ਚੋਂ
ਝਲਕਦਾ ਹੈ

—0—

ਰੁੱਖ ਜਦ ਆਪਣਾ ਚਿਹਰਾ
ਵਿਵੇਕ ਦੇ ਦਰਪਣ 'ਚੋਂ ਤੱਕਦਾ ਹੈ
ਅੰਬਰ ਦਾ ਚੰਨ ਲਗਦਾ ਹੈ
ਉਸ ਦੀ ਆਪਣੀ ਸੁੰਦਰਤਾ
ਦੁਆਲੇ ਫੈਲਦੀ ਹੈ
ਧਰਤੀ ਤੇ ਕਿਰਨਾ ਦਾ
ਝੁਰਮਟ ਖਿਲਾਰ ਦੀ ਹੈ
ਚਾਂਦਨੀ ਰਾਤ 'ਚ ਟੁਰਦੀ ਹੈ

ਆਪਣੀ ਠੰਡਕ
ਜ਼ਰੇ ਜ਼ਰੇ 'ਚ ਉਤਾਰਦੀ ਹੈ
ਆਪਣੇ ਹੁਸਣ 'ਚ
ਧਰਤੀ ਸੁਆਰਦੀ ਹੈ
ਚਾਨਣ ਦੇ ਘੁਟ ਭਰਦੀ ਹੈ
ਚਾਨਣ ਉਸ ਦੇ ਗਲੇ ਦੀਆਂ ਰਗਾਂ 'ਚੋਂ
ਉਤਰ ਦਾ ਨਜ਼ਰ ਆਉਂਦਾ ਹੈ
ਜਿਵੇਂ ਕਾਲੀਆਂ ਘਟਾਵਾਂ
ਦੀ ਆਗੋਸ਼ 'ਚ
ਚੰਨ ਚਮਕਦਾ ਤੇ
ਮੋਰ ਪੈਲ ਪਾਉਂਦਾ ਹੈ
—0–
ਰੁੱਖ ਨੂੰ ਵਿਵੇਕ ਦਾ ਦਰਪਣ
ਤੇ ਚਿਹਰਾ ਸੁੰਦਰ ਲਗਦਾ ਹੈ
ਆਪਣੇ ਦੁਆਲੇ
ਸੁੰਦਰ ਚਿਹਰਿਆ ਦਾ ਸਾਗਰ ਸਿਰਜਦਾ ਹੈ
ਆਪਣੇ ਕੋਲ ਬਹਿੰਦਾ ਹਾ
ਆਪਣਾ ਆਪ ਸੁਣ ਦਾ ਹੈ
ਆਪਾ ਉਧੇੜਦਾ ਤੇ ਬੁਣਦਾ ਹੈ
ਆਪਾ ਧੋਦਾ ਮਾਂਜਦਾ ਤੇ
ਕਲੀ ਕਰਦਾ ਹੈ
—0—
ਆਪਣੀ ਖ਼ੁਸ਼ਬੂ ਦੁਆਲੇ ਘੋਲਦਾ
ਮਹਿਕਾ ਸੰਗ ਅੰਦਰ ਭਰਦਾ ਹੈ
ਜ਼ਿੰਦਗੀ ਤੇ ਮਨੁੱਖ ਦੀ ਤਲੀ ਤੇ
ਸੂਰਜਾਂ ਦੇ ਹਜੂਮ ਧਰਦਾ ਹੈ
ਸਾਂਝਾਂ ਤੇ ਮੁਹੱਬਤਾਂ ਦੇ
ਦੀਵੇ ਜਗਾਉਂਦਾ ਹੈ
ਆਪਣੇ ਹਮਸਾਏ ਦੇ ਦੁੱਖ 'ਚ
ਇਨ੍ਹਾਂ ਉਤਰ ਜਾਂਦਾ ਹੈ

ਕਿ ਹਮਸਾਏ ਦੇ ਦਰਦ ਦੀ
ਦਵਾ ਹੋ ਜਾਂਦਾ ਹੈ

—0—

ਰੌਣਕਾਂ ਖ਼ੁਸ਼ੀਆਂ ਰਾਗ ਰੰਗ
ਤੇ ਸੁਰਾਂ ਦੇ ਦਰ ਖੋਲ੍ਹਦਾ ਹੈ
ਆਪਣੇ ਦੁਆਲੇ ਦੇ ਕੋਹੜ
ਤੇ ਪ੍ਰਦੂਸ਼ਣ 'ਚ
ਤਾਜਗੀ ਤੇ ਸੁੰਦਰਤਾ ਭਰਦਾ ਹੈ
ਮੌਸਮਾਂ ਬਹਾਰਾਂ ਫੁੱਲਾਂ ਰੰਗਾ ਦੀ
ਦੁਨੀਆਂ ਉਸਾਰਦਾ ਹੈ
ਜ਼ਿੰਦਗੀ ਦੇ ਵਿਹੜੇ
ਸੂਰਜ ਦੀਆਂ ਕਿਰਨਾ
ਚੰਨ ਦੀਆਂ ਰਿਸ਼ਮਾਂ
ਤਾਰਿਆ ਦੀ ਝਿਲਮਿਲ
ਤੇ ਧਰਤ ਦੀ ਸੁੰਗਧ ਖਿਲਾਰਦਾ ਹੈ
ਆਪਣੀ ਸੂਝ ਤੇ ਸਿਆਨਪ ਸੰਗ
ਧਰਤੀ ਦਾ ਨਰਕ ਹੂੰਝਦਾ ਹੈ
ਸਵਰਗ ਉਤਾਰਦਾ ਹੈ

—0—

ਆਪਣੇ
ਵਿਵੇਕ ਦੀ ਛਾਂਅ 'ਚ ਤਰਦਾ ਰੁੱਖ
ਆਪਣੇ ਤੋਂ ਜੰਗਲ ਦਾ ਸਫਰ
ਸੁਹਾਣਾ ਕਰਦਾ ਹੈ
ਆਪਣੇ ਪੈਰਾਂ 'ਚ
ਚਾਂਦਨੀ ਵਿਛਾਉਂਦਾ ਹੈ
ਕਾਫਲੇ ਸੂਰਜਾਂ ਦੇ
ਆਪਣੇ ਪੱਤਿਆ ਤੇ ਧਰਦਾ ਹੈ
ਆਪਣੇ ਸਾਗਰ ਤੇ ਤੁਰਦਾ ਹੈ
ਆਪਣੇ ਅੰਬਰ 'ਚ ਉੱਡਦਾ ਹੈ

—0—

ਆਪਣੇ ਜੀਵਨ ਸਫਰ 'ਚ
ਸੱਚ ਤੇ ਸੁੰਦਰਤਾ ਉੱਗਾਉਂਦਾ ਹੈ
ਦੁਆਲਾ ਚਾਨਣ ਨਾਲ ਭਰਦਾ ਹੈ
ਅੰਦਰਲੇ ਵਿਹੜੇ ਕੰਧਾਂ ਤੇ ਛੱਤਾਂ ਤੇ
ਚੰਨਾਂ ਸੂਰਜਾਂ ਦੇ ਦੀਵੇ ਬਾਲਦਾ ਹੈ
ਸੱਚ ਜਨਮਦਾ ਅਲਾਪਦਾ
ਬੋਲਦਾ ਤੇ ਉਚਾਰਦਾ ਹੈ

—0—

ਰੁੱਖਾਂ ਦੀ ਧਰਤੀ
ਚਿਰਾਗਾਂ ਵਾਂਗ ਜਗਦੀ ਹੈ
ਰੁੱਖਾਂ ਦੀ ਦੁਨੀਆਂ
ਤਾਰਿਆ ਵਾਂਗ ਟਿਮਟਮਾਂਉਂਦੀ ਹੈ
ਪੱਤੇ ਨੂੰ ਰੁੱਖ ਦੀ
ਰੁੱਖ ਨੂੰ ਜੰਗਲ ਦੀ ਸਮਝ
ਆਉਂਦੀ ਹੈ
ਰੁੱਖ ਜੰਗਲ ਤੇ ਮਨੁੱਖ
ਪ੍ਰਕਿਰਤੀ ਦੀ ਇਕਾਈ ਦਿਸਦੀ ਹੈ
ਮਾਨਵ ਦੀ ਆਪਣੀ ਹਸਤੀ
ਮਾਨਵ ਮਾਨਵ ਅਲਾਪਦੀ ਹੈ
ਮਨੁੱਖ 'ਚੋਂ
ਮਨੁੱਖਤਾ ਦਾ ਜਨਮ ਹੁੰਦਾ ਹੈ
ਮਨੁੱਖ ਹੀ ਮਾਨਵਤਾ ਦਾ ਕਾਰਜ
ਕਰਮ ਹੁੰਦਾ ਹੈ

—0—

ਦੁਨੀਆਂ
ਰੰਗ ਭਰੇ ਮੇਲੇ ਵਾਂਗ ਸੱਜਦੀ ਹੈ
ਅਰਸ਼ਾਂ ਤੋਂ ਉਤਰੀ ਪਰੀ
ਲਗਦੀ ਹੈ
ਵੱਖ-ਵੱਖ
ਨਸਲਾਂ ਜਾਤੀਆਂ ਤੇ

ਬੋਲੀਆਂ ਦੀਆਂ ਨਦੀਆਂ
ਤੇ ਦਰਿਆ ਵਗਦੇ ਹਨ
ਅੰਬਰ ਤੋਂ ਉਤਰੇ
ਧਰਤੀ ਵਿਹੜੇ ਚੰਨਾਂ ਸੂਰਜਾਂ
ਤਾਰਿਆ ਦੀ ਹੋਂਦ ਜਗਦੀ ਹੈ
ਧਰਤੀ ਦੀ ਹਿੱਕ ਤੇ
ਨੂਰ ਦੀ ਇੱਕ ਨਦੀ ਵਗਦੀ ਹੈ
ਚਾਨਣ ਧਰਤੀ ਦੇ ਗੋਸ਼ੇ ਗੋਸ਼ੇ ਨੂੰ
ਰੁਸ਼ਨਾਉਂਦਾ ਹੈ
ਜਿਵੇਂ ਅੰਬਰ ਤੋਂ ਰੱਬ
ਧਰਤੀ ਤੇ ਉਤਰ ਆਉਂਦਾ ਹੈ

—0—

ਬੰਸਤ ਰੁੱਤ ਵਾਂਗ
ਜ਼ਿੰਦਗੀ ਆਪਣੇ ਵਿਹੜੇ 'ਚ
ਵੰਨ ਸੁਵੰਨੇ ਰੰਗ ਖਿਲਾਰਦੀ ਹੈ
ਆਪਣੀ ਦੇਹ 'ਚ
ਨੂਰ ਦਾ ਮੁਜਸਮਾ ਉਤਾਰਦੀ ਹੈ
ਜ਼ਿੰਦਗੀ ਜਗਦੀ ਹੈ
ਰੱਬ ਦੀ ਪ੍ਰਹਾਉਣੀ ਲਗਦੀ ਹੈ
ਸੋਨੇ ਦਾ ਆਸਮਾਂ ਸਿਰ ਤੇ
ਚਾਂਦੀ ਦੀ ਧਰਤ
ਪੈਰਾਂ 'ਚ ਵਿਛਾਉਂਦੀ ਹੈ
ਰੱਬੀ ਜੋਤ ਦੇ ਦੀਵੇ
ਘਰ-ਘਰ 'ਚ ਜਗਾਉਂਦੀ ਹੈ
ਸੱਚ ਦੇ ਵਿਹੜੇ
ਸੁੰਦਰਤਾ ਧਮਾਲ ਪਾਉਂਦੀ ਹੈ

—0—

ਘਰਾਂ ਦੀਆਂ ਗਲੀਆਂ ਕੰਧਾਂ
ਤੇ ਵਿਹੜੇ ਮੁਸਕਰਾਉਂਦੇ ਹਨ
ਛੱਤਾਂ ਤੇ ਬੰਨੇਰਿਆਂ ਤੇ

ਚੰਨ ਸੂਰਜ ਆਣ ਬਹਿੰਦੇ ਹਨ
ਅੰਬਰ
ਧਰਤੀ ਨੂੰ ਨੈਣਾ 'ਚ ਪਾਉਂਦਾ ਹੈ
ਧਰਤੀ ਦੁਲਹਨ ਵਾਂਗ ਸੱਜਦੀ ਹੈ
ਨੂਰ ਦਾ ਨੂਰ ਲਗਦੀ ਹੈ

—0—

ਖ਼ੁਸ਼ੀਆਂ ਦਾ ਦੌਰ
ਮਨੁੱਖ ਤੇ ਮਨੁੱਖਤਾ 'ਚ ਚਲਦਾ ਹੈ
ਕੁਦਰਤ ਆਪਣੇ ਦੁਆਲੇ
ਨੂਰ ਉਣਦੀ ਹੈ
ਕਾਦਰ
ਕੁਦਰਤ ਦੀ ਦੇਹ 'ਚ ਉਤਰ
ਆਉਂਦਾ ਹੈ
ਮਨੁੱਖ ਜਗਦਾ ਹੈ
ਮਨੁੱਖਤਾ ਜਗਦੀ ਹੈ
ਸੋਨੇ ਦੇ ਥਾਲ 'ਚ ਧਰਤੀ
ਸੂਰਜਾਂ ਦੀ ਮਾਂ ਲਗਦੀ ਹੈ

—0—

ਕੁਦਰਤ ਮਾਨਵ ਤੇ ਮਾਨਵਤਾ 'ਚ
ਇਕ ਰੂਪ ਦਾ ਚਾਨਣ ਪੁੰਗਰਦਾ ਹੈ
ਹਵਾ ਆਪਣਾ ਵੇਗ ਜਿਉਂਦੀ ਹੈ
ਅੱਗ ਆਪਣਾ ਤੇਜ਼ ਹੰਢਾਉਂਦੀ ਹੈ
ਜਲ ਆਪਣੇ ਰਸ ਦਾ ਸੱਚ ਪਾਉਂਦਾ ਹੈ
ਧਰਤੀ
ਸੁਫਨੇ ਦੇ ਸੱਚ 'ਚ ਸਮਾਉਂਦੀ ਹੈ

—0—

ਮਨੁੱਖ ਵਿਚਲਾ ਬਿੰਦੂ
ਪ੍ਰਕ੍ਰਿਤੀ ਦਾ ਦਾਇਰਾ ਹੰਢਾਉਂਦਾ ਹੈ
ਪ੍ਰਕ੍ਰਿਤੀ ਦੇ ਨੈਣਾਂ 'ਚ ਜਗਦਾ ਹੈ
ਪ੍ਰਕ੍ਰਿਤੀ 'ਚ ਜਿਉਂਦਾ ਰੱਬ ਲਗਦਾ ਹੈ

ਪ੍ਰਕ੍ਰਿਤੀ ਦੇ ਲਹੂ 'ਚ ਤੁਰਦਾ ਹੈ
ਆਪਣਾ ਮੂਲ ਪਹਿਚਾਣ ਦਾ ਹੈ
ਜੜ੍ਹ ਵਲ ਮੁੜ ਦਾ ਹੈ

—0—

ਰੁੱਖ
ਆਪਣੇ ਵਿਵੇਕ ਸਦਕਾ
ਆਪਣਾ ਆਪ
ਜੜ੍ਹਾ ਫੁੱਲਾਂ ਫ਼ਲਾਂ 'ਚ ਢਾਲ ਦਿੰਦਾ ਹੈ
ਆਪਣਾ ਹੁਸਨ ਰੂਪ ਰੰਗ ਬੋਧ
ਜ਼ਿੰਦਗੀ 'ਚ ਉਤਾਰ ਦਿੰਦਾ ਹੈ
ਤਾਂ ਕਿ ਵਿਵੇਕ ਦੀ ਜੋਤ
ਮਨੁੱਖ ਤੇ ਮਨੁੱਖਤਾ 'ਚ ਜਗਦੀ ਰਹੇ
ਧਰਤ ਤੋਂ ਅੰਬਰ ਤਕ ਫੈਲਦੀ ਰਹੇ
ਉੱਤਰ ਪੂਰਬ ਪੱਛਮ ਦੱਖਣ
ਤਕਦੇ ਆਦਿ ਅੰਤ ਤਕ
ਇਸ ਦਾ ਚਾਨਣ ਰਹੇ
ਜਨਮ ਤੋਂ ਮੌਤ ਤਕ ਬਲਦੀ ਰਹੇ
ਜ਼ਿੰਦਗੀ ਵਿਵੇਕ
ਵਿਵੇਕ ਜ਼ਿੰਦਗੀ ਲਗਦੀ ਰਹੇ

—0—

**ਪਾੜਾ**

ਵਿਗਿਆਨ ਦਾ ਗਿਆਨ
ਵੱਧਿਆ ਹੈ
ਜੀਵਨ ਦਾ ਅੰਗ-ਅੰਗ ਫੈਲਿਆ ਤੇ
ਵਿਗਸਿਆ ਹੈ
ਜੀਵਨ ਬਿੰਦੂਆਂ ਤੋਂ ਦਾਇਰਿਆਂ 'ਚ
ਬਦਲਿਆਂ ਹੈ
ਗਿਆਨ ਦੀਵਿਆਂ ਤੋਂ
ਸੂਰਜਾਂ 'ਚ ਢਲ ਗਿਆ ਹੈ

—0—

ਵਿਗਿਆਨ ਦੀ ਰੋਸ਼ਨੀ 'ਚ
ਮਨੁੱਖਤਾ ਝੁਲਸੀ ਹੈ
ਮਨੁੱਖ
ਆਪਣੇ ਪੈਰਾਂ 'ਚ ਸੁੰਘੜਿਆ ਹੈ
ਧਰਤੀ ਦੀ ਕੁੱਖ ਉਜੜੀ ਹੈ
ਅੰਬਰ ਦੀ ਹਿੱਕ ਤੇ
ਕੋਈ ਮਘਦੇ ਅੰਗਿਆਰ ਧਰ
ਗਿਆ ਹੈ

—0—

ਮਨੁੱਖ ਪੱਥਰ ਯੁੱਗ 'ਚੋਂ
ਕੰਪਿਊਟਰ ਯੁੱਗ 'ਚ ਰਹਿ ਰਿਹਾ ਹੈ
ਦੀਵਿਆਂ ਦੀ ਥਾਂ
ਆਪਣੀਆਂ ਤਲੀਆਂ ਤੇ
ਚੰਨ ਸੂਰਜ ਧਰੀ ਬੈਠਾ ਹੈ
ਧਰਤ ਦੇ ਹਨੇਰੇ ਅੰਗਾਂ ਨੂੰ
ਸਮੁੰਦਰ 'ਚ ਘੁਲੀ ਕਾਲਖ ਨੂੰ
ਜ਼ਖ਼ਮੀ ਹਵਾ ਦੇ ਚਿਹਰੇ ਨੂੰ
ਪਹਿਚਾਣ ਨਹੀਂ ਸਕਿਆ
ਧਰਤੀ ਦੀ ਵੇਦਨਾ ਸਮਝ ਨਹੀਂ
ਸਕਿਆ

ਅੰਬਰ ਦੇ ਚਿਹਰੇ ਦੇ ਜ਼ਖ਼ਮ
ਜਾਣ ਨਹੀਂ ਸਕਿਆ

—0—

ਮੌਸਮ ਬਹਾਰਾਂ ਹਰਿਆਵਲ ਦੇ
ਵਜੂਦ ਤੋਂ ਵਾਕਿਫ਼ ਹੈ
ਇਨ੍ਹਾਂ 'ਚ ਵਸਦੀ ਉਦਾਸੀ
ਚੁੱਪ ਇੱਕਲਤਾ ਤੇ ਪਤਝੜਾਂ ਨੂੰ
ਅਨੁਭਵ ਨਹੀਂ ਸਕਿਆ

—0—

ਆਪਣੀ ਵਿਗਿਆਨਕ ਸ਼ਕਤੀ 'ਚ
ਇਨ੍ਹਾਂ ਮਗਰੂਰ ਹੈ
ਕਿ ਭੁੱਖੇ ਢਿੱਡਾਂ ਦੀ ਉਦਾਸੀ
ਬੀਮਾਰ ਚਿਹਰਿਆਂ ਦੀ ਉਮਰ
ਦਾਣੇ-ਦਾਣੇ ਤੋਂ ਮੁਥਾਜ ਖੇਤ
ਸੁੱਕੇ ਜਲ ਦਾ ਚਿਹਰਾ
ਪੱਤਝੜ ਜਿਉਂਦੀ ਹਰਿਆਉਲ
ਇਸ ਨੂੰ ਨਜ਼ਰ ਨਹੀਂ ਆਈ

—0—

ਗਤੀ ਰਹਿਤ ਮੁਰਦਾ ਜ਼ਿੰਦਗੀ
ਖਾਕ ਹੋਈ ਅੱਗ
ਬਾਂਝ ਧਰਤੀ ਛਾਲਾ ਆਸਮਾਨ
ਮੌਤ ਲਈ ਰੀਂਘਦਾ ਮਨੁੱਖ
ਤੇ ਮਨੁੱਖਤਾ
ਦਰਿਆਵਾ ਨਦੀਆਂ ਦੀ ਸ਼ਕਲ
ਤੇ ਜਵਾਨੀ ਵਿਸਰ ਗਿਆ ਹੈ

—0—

ਵਿਗਿਆਨਕ ਸ਼ਾਹ ਸਵਾਰ
ਜਿੱਧਰ ਵੀ ਗਿਆ
ਅੱਗਾ ਬੀਜਦਾ ਗਿਆ
ਵਿਗਿਆਨਕ ਸ਼ਾਹ ਸਵਾਰ

ਰੱਬ ਬਣਨ ਦੀ ਦੌੜ 'ਚ
ਆਪ ਭੁੱਲ ਕੇ ਬਹਿ ਗਿਆ ਹੈ
ਜ਼ਿੰਦਗੀ 'ਚੋਂ ਮੰਨਫੀ ਹੋ ਗਿਆ ਹੈ
ਕਬਰਾਂ ਬਣ ਕੇ ਰਹਿ ਗਿਆ ਹੈ

—0—

ਵਿਗਿਆਨ ਤੇ ਚੇਤਨਾ
ਵਿਚਲਾ ਪਾੜਾ
ਇਨ੍ਹਾਂ ਵੱਧ ਗਿਆ ਹੈ
ਵਿਗਿਆਨ ਜੀਵਨ ਦਾ ਸਾਹ
ਬਣਨ ਦੀ ਥਾਂ
ਜੀਵਨ ਦੇ ਪੋਟੇ ਪੋਟੇ 'ਚ
ਸ਼ਮਸਾਨ ਧਰ ਗਿਆ ਹੈ
ਬਰੂਦ ਸਮੁੰਦਰ ਦੀ
ਪ੍ਰਯੋਗਸ਼ਾਲਾ 'ਚ ਪ੍ਰਯੋਗ ਦਾ ਹੈ
ਧਰਤੀ ਪ੍ਰਕਿਰਤੀ ਤੇ
ਮਨੁੱਖਤਾ ਤੇ ਵਰ੍ਹਦਾ ਹੈ

—0—

ਵਿਗਿਆਨਕ ਸ਼ਕਤੀ ਨੇ
ਸਾਰੇ ਦਾ ਸਾਰਾ ਬਲ
ਧਰਤੀ ਤੇ ਕਾਲਖਾ ਬੇਰੁਜ਼ਗਾਰੀ
ਬੀਮਾਰੀ ਗੁਰਬਤ ਤੇ
ਅੱਗਾਂ ਬੀਜਣ ਤੇ ਲਾਇਆ ਹੈ
ਖੇਤਾਂ 'ਚੋਂ ਅੱਗਾਂ
ਧਰਤੀ 'ਚੋਂ ਕਬਰਾਂ ਦੀਆਂ
ਫ਼ਸਲਾਂ ਉੱਗਾਈਆਂ ਹਨ
ਜਲ ਦੇ ਜੀਵ ਜੰਤੂ ਮੁਕਾਏ ਹਨ
ਮਨੁੱਖ ਦਾ ਲਹੂ ਮਾਸ ਤੇ ਚਰਬੀ
ਧਰਤੀ ਤੇ ਵਿਛਾਏ ਹਨ
ਮਨੁੱਖ ਦੀ ਲਾਸ਼ ਦੇ ਟੁੱਕੜੇ
ਜੰਗਲੀ ਜਾਨਵਰਾਂ ਕਾਵਾਂ

ਕੁੱਤਿਆਂ ਨੂੰ ਖੁਆਏ ਹਨ

—0—

ਪ੍ਰਕ੍ਰਿਤੀ ਪੱਥਰਾਂ ਗਈ ਹੈ
ਸਾਗਰ ਕੋਇਲੇ ਹੋ ਗਿਆ ਹੈ
ਵਿਗਿਆਨ ਨੇ ਲੋਹਾਂ ਮੌਤ ਦਾ
ਜ਼ਿੰਦਗੀ ਦੇ ਪਿੰਡੇ ਢਾਲਿਆਂ ਹੈ
ਧਰਤੀ ਦਾ ਵਜੂਦ ਉਬਾਲਿਆ ਹੈ
ਸੜ ਗਏ ਆਲ੍ਹਣਿਆਂ 'ਚ ਬੋਟ
ਪੱਤਾ ਪੱਤਾ ਸਵਾਹ ਕੀਤਾ
ਇਕ-ਇਕ ਰੁੱਖ ਬਾਲਿਆ
ਬਰੂਦ ਦੀ ਅੱਗ ਨੇ ਜੰਗਲ
ਹੰਗਾਲਿਆ
ਢਹਿ ਗਏ ਮੰਦਿਰ ਮਸੀਤਾਂ
ਤੇ ਗਿਰਜਾਘਰ
ਰੱਬ ਦੀ ਦਰਗਾਹ 'ਚੋਂ
ਰੱਬ ਨੂੰ ਉੱਠਾ ਲਿਆ
ਪਸ਼ੂ ਪਖਸ਼ੀ ਜੀਵ ਜੰਤੂ
ਰਾਖ ਹੋ ਗਏ
ਅੱਗ ਨੇ ਪ੍ਰਕ੍ਰਿਤੀ ਨੂੰ ਮੂੰਹ 'ਚ
ਪਾਅ ਲਿਆ

—0—

ਮਨੁੱਖੀ ਮਾਸ ਤੇ ਲਹੂ ਦੀ ਗੰਧ
ਵਾਤਾਵਰਨ 'ਚ ਰਲ ਗਈ
ਬੋਧਿਕ ਮਨੁੱਖ ਅੱਜ ਦਾ
ਜ਼ਿੰਦਗੀ ਦੇ ਮੂੰਹ 'ਤੇ
ਮਨੁੱਖਤਾ ਦਾ ਲਹੂ ਮਲ ਗਿਆ
ਛਿਲਿਆ ਜ਼ਿੰਦਗੀ ਦਾ ਪਿੰਡਾਂ
ਜ਼ਿੰਦਗੀ ਦੀ ਦੇਹ
ਅੰਗ-ਅੰਗ ਤੇ ਹਰ ਨਕਸ਼ 'ਚ
ਜਿਉਂਦੀ ਮੌਤ ਧਰ ਗਿਆ

—0—

ਰਾਖ ਉਡੀ
ਧਰਤ ਤੋਂ ਅੰਬਰ ਤੱਕ ਫੈਲ ਗਈ
ਪਾਣੀਆਂ ਦੀ ਹਿੱਕ ’ਤੇ
ਮਨੁੱਖ ਦਾ ਲਹੂ ਤਰ ਗਿਆ
ਹਰ ਪੱਤੇ ਦੀ ਜ਼ੁਬਾਨ ਤੇ ਅੰਗਿਆਰ
ਛਾਂਵਾਂ ਨੇ ਸੜਦਾ ਸੂਰਜ
ਨੈਣੀ ਪਾਅ ਲਿਆ
ਆਪਣੀਆਂ ਲਾਸ਼ਾ ਮੋਢੀ
ਚੁੱਕੀਆਂ
ਤਲੀਆਂ ਤੇ ਆਪਣਾ ਸ਼ਮਸ਼ਾਨ
ਉੱਠਾ ਲਿਆ
ਮੌਤ ਨੇ ਪੋਟਾ-ਪੋਟਾ ਜ਼ਿੰਦਗੀ ਗਾਹੀ
ਪੱਤੇ ਤੋਂ ਲੈ ਕੇ ਜੜ੍ਹ ਤਕ
ਕੁਦਰਤ ਨੂੰ ਖਾਹ ਲਿਆ

—0—

ਵਿਗਿਆਨ
ਜ਼ਿੰਦਗੀ ਦੀ ਕੁੱਖ ’ਚੋਂ ਹੈ ਜਨਮਿਆ
ਜ਼ਿੰਦਗੀ ਦੀ ਕੁੱਖ ਨੂੰ ਹੀ ਲੀਕ
ਲਾ ਗਿਆ
ਵਿਗਿਆਨਕ ਸ਼ਕਤੀ ਦਾ
ਇਨ੍ਹਾਂ ਅੰਨ੍ਹਾਂ ਹੋ ਗਿਆ ਮਨੁੱਖ
ਜ਼ਿੰਦਗੀ ਦੀ ਥਾਂ
ਮੌਤ ਨੂੰ ਸਾਹਾਂ ’ਚ ਵਸਾ ਲਿਆ

—0—

ਵਿਗਿਆਨਕ ਸ਼ਾਹ ਸਵਾਰ
ਜੇ ਜ਼ਿੰਦਗੀ ਸੁਆਰ ਦਾ
ਜ਼ਿੰਦਗੀ ’ਚ ਚਾਨਣ ਖਿਲਾਰਦਾ
ਪੱਤਝੜਾਂ ਇੱਕਲਤਾ ਉਦਾਸੀਆਂ
ਜ਼ਿੰਦਗੀ ’ਚੋਂ ਹੂੰਝਦਾ

ਜ਼ਿੰਦਗੀ ਦੇ ਬੁਲ੍ਹੀ ਹਾਸੇ ਬੀਜਦਾ
ਜ਼ਿੰਦਗੀ ਦੇ ਟੋਏ ਟਿੱਬੇ ਪੂਰਦਾ
ਜ਼ਿੰਦਗੀ ਦੇ ਰੁੱਖ ਤੇ ਲਗਦਾ
ਰੂਪ ਬਣ ਕੇ ਅੰਬਾ ਦੇ ਬੂਰ ਦਾ
ਕੋਇਲ ਦੇ ਕੰਠੀ ਵਸਦਾ
ਨੱਚਦਾ ਨਾਚ ਜੰਗਲ ਦੇ ਮੋਰ ਦਾ

—0—

ਮਨੁੱਖ
ਮਨੁੱਖਾ ਦੇ ਲਹੂ 'ਚ ਸੇਧ
ਬਣ ਕੇ ਗਿੜਦਾ
ਮਨੁੱਖ ਦਾ ਮੁਕਦਰ ਹੋ ਵਿਚਰਦਾ
ਰੁੱਖਾਂ 'ਚ ਜਿਉਂਦਾ
ਜੰਗਲਾਂ 'ਚ ਪਸਰਦਾ
ਹਰਿਆਵਲ ਦੀ ਸੁੰਦਰਤਾ ਮਾਣਦਾ
ਪ੍ਰਕ੍ਰਿਤੀ 'ਚ ਸਾਹ ਲੈਂਦਾ
ਸਾਗਰਾਂ 'ਚ
ਆਪਣੀ ਤਪਸ਼ ਠਾਰਦਾ
ਆਸਮਾਂ ਦੀ ਗੂੰਜ ਹੋ ਗੁਜ਼ਰ ਦਾ
ਧਰਤੀ ਦੀ ਮਹਿਕ ਹੋ ਵਿਚਰਦਾ

—0—

ਪਹਾੜਾਂ ਦਾ ਅੰਦਰ ਰੁਸ਼ਨਾਦਾ
ਜ਼ਖ਼ਮੀ ਹਵਾ ਦੇ ਜ਼ਖ਼ਮ ਭਰਦਾ
ਅਕਾਸ਼ ਦੀ ਚਾਹਤ
ਧਰਤੀ ਦੀ ਇੱਛਾ ਸਮਝ ਦਾ
ਮੌਸਮਾਂ ਬਹਾਰਾਂ ਰੁੱਤਾਂ ਦੇ
ਦਿਲ 'ਚ ਉਤਰਦਾ
ਜੀਵਨ ਦਾ ਮੂੰਹ ਪੂੰਝਦਾ
ਜ਼ਿੰਦਗੀ ਦੀ ਕੁੱਖ ਸਤਿਕਾਰ ਦਾ

—0—

ਵਿਗਿਆਨ ਦੀ ਵਰਤੋਂ

ਜ਼ਿੰਦਗੀ ਦੀ ਵਿਰੋਧੀ ਨਾ ਹੁੰਦੀ
ਵਿਗਿਆਨ ਆਪਣੇ ਚਾਨਣ 'ਚ
ਜ਼ਿੰਦਗੀ ਲਪੇਟ ਦਾ
ਜੀਵਨ ਵਿਚਲੇ ਫਾਸਲੇ ਮੇਟ ਦਾ
ਜ਼ਿੰਦਗੀ ਦੀ ਨਜ਼ਰ ਬਣ ਦਾ
ਜ਼ਿੰਦਗੀ ਦੀ ਗਤੀ ਹੋ ਜਿਉਂਦਾ
ਜ਼ਿੰਦਗੀ ਨੂੰ
ਜ਼ਿੰਦਗੀ ਦੇ ਸਾਗਰ 'ਚ ਉਤਾਰਦਾ
ਮਨੁੱਖ ਦਾ ਚਿਹਰਾ
ਮਨੁੱਖ 'ਚੋਂ ਵੇਖਦਾ
ਜ਼ਰੇ-ਜ਼ਰੇ 'ਚੋਂ ਪਹਾੜ
ਕਿਰਨਾ 'ਚੋਂ ਸੂਰਜ ਉਸਾਰਦਾ
ਪੱਤੇ-ਪੱਤੇ 'ਚੋਂ ਜੰਗਲ
ਮਨੁੱਖ 'ਚੋਂ ਮਾਨਵਤਾ
ਕੁਦਰਤ 'ਚੋਂ ਕਾਦਰ ਨਿਹਾਰਦਾ

—0—

ਮਨੁੱਖਤਾ
ਤੇ ਪ੍ਰਕ੍ਰਿਤੀ ਦੇ ਵਜੂਦ 'ਚ
ਆਪਣੀ ਹੋਂਦ ਦਾ ਸਫਰ
ਤਹਿ ਕਰਦਾ
ਜੀਵਨ ਗਿਆਨ ਦੇ ਸ਼ੀਸ਼ੇ 'ਚ
ਆਪਾ ਵੇਖਦਾ
ਆਪਣੀ ਗਤੀ ਵਿਧੀ ਸ਼ਕਲ
ਸੂਰਤ ਸਿਆਣ ਦਾ
ਆਪਣੇ ਲਕਸ਼ ਵਲ ਟੁਰਦਾ
ਆਪਣੀ ਕੁੱਖ ਦਾ ਨਿੱਘ ਮਾਣਦਾ
ਨਾ ਵਿਗਿਆਨ
ਜੀਵਨ ਵਿੱਥ ਤੇ ਜਿਉਂਦਾ
ਨਾ ਜੀਵਨ
ਵਿਗਿਆਨਕ ਵਿੱਥ ਤੇ ਜਿਉਂਦਾ

—0—

ਜੀਵਨ ਤੇ ਵਿਗਿਆਨ ਦਾ ਰਿਸ਼ਤਾ
ਕੁੱਖ ਦਾ ਹੈ
ਸੂਰਜ ਤੇ ਕਿਰਨ ਦਾ ਹੈ
ਜਲ ਤੇ ਸਾਗਰ ਦਾ ਹੈ
ਫੁੱਲ ਤੇ ਮਹਿਕ ਦਾ ਹੈ
ਹਵਾ ਤੇ ਗਤੀ ਦਾ ਹੈ
ਅੱਗਣ ਤੇ ਤੇਜ਼ ਦਾ ਹੈ
ਜਲ ਤੇ ਪਿਆਸ ਦਾ ਹੈ
ਧਰਤ ਤੇ ਅਕਾਸ਼ ਦਾ ਹੈ

—0—

ਇਸ ਰਿਸ਼ਤੇ ਵਿਚ ਜੋ ਪਾੜਾ ਹੈ
ਇਨਸਾਨ ਨਹੀਂ
ਇਨਸਾਨ ਵਿਚਲਾ ਹੈਵਾਨ ਹੈ
ਜੋ ਜੀਵਨ ਤੇ ਵਿਗਿਆਨ
ਵਿਚਾਲੇ ਖੜਾ ਹੈ
ਜੋ ਆਪਣੇ ਆਪ ਨੂੰ
ਬ੍ਰਹਿਮੰਡ ਦਾ ਦਾਇਰਾ ਸਮਝਦਾ ਹੈ
ਮਨੁੱਖ
ਜੇ ਆਪਣਾ ਆਪ ਸਮਝੇ ਤੇ ਜਾਣੇ
ਕਿ ਮਨੁੱਖ
ਪਾਣੀ ਦਾ ਬੁਲਬੁਲਾ ਹੈ
ਰੇਤ ਦਾ ਜ਼ਰਾ ਹੈ
ਜੋ ਧਰਤ ਤੋਂ ਬਿਨਾਂ
ਪੌਣਾਂ 'ਚ ਖੜਾ ਹੈ

—0—

## ਚੁੱਪ ਤੇ ਸ਼ੋਰ

ਮੇਰੀ ਜਦ ਚੁੱਪ ਟੁੱਟੀ
ਕਵਾੜ ਖੁੱਲ੍ਹ ਗਏ
ਵੇਦਾਂ ਸ਼ਾਸਤਰਾਂ ਗ੍ਰੰਥਾਂ ਦੇ
ਗੂੰਜਿਆਂ ਸ਼ਬਦ ਅੱਲਾ ਦਾ
ਪਿੰਡੇ ਤਿੜਕ ਗਏ
ਮੰਦਿਰਾਂ ਮਸੀਤਾਂ ਦੇ
ਮੇਰੀ ਚੁੱਪ 'ਚ ਸਿਮਟਿਆ
ਇਕ ਬੋਲ ਐਸਾ ਸੀ
ਮੇਰੇ ਦੁਆਲੇ ਵਸਦੀ
ਪ੍ਰਕਿਰਤੀ ਦੇ ਸੱਚ ਜੈਸਾ ਸੀ

—0—

ਚੁੱਪ ਟੁੱਟੀ ਸਮੁੰਦਰ ਉਛਲਿਆ
ਕਿਨਾਰਿਆ ਤੋਂ ਬਾਹਰ
ਆ ਗਿਆ
ਚੰਨ ਸੂਰਜ ਅਕਾਸ਼ ਤਾਰੇ
ਮੇਰੇ ਕਦਮਾਂ 'ਚ ਢਹਿ ਪਏ
ਸਿਮਟੀਆਂ ਧਰਤੀਆਂ ਮੇਰੇ ਪੈਰਾਂ ਦੇ ਅਕਾਰ 'ਚ
ਬ੍ਰਹਿਮੰਡਾ ਦੇ ਬ੍ਰਹਿਮੰਡ
ਮੇਰੀ ਦੇਹ 'ਚ ਸਮਾਂ ਗਏ

—0—

ਉਠਿਆ ਜੰਗਲ 'ਚੋਂ ਸ਼ੋਰ
ਪੰਛੀਆਂ ਪੱਤਿਆਂ ਹਵਾਵਾਂ ਦਾ
ਚੇਤਾ ਆ ਗਿਆ
ਭੁਲੀਆਂ ਵਿਸਰੀਆਂ ਥਾਂਵਾਂ ਦਾ
ਜਿੱਥੋਂ ਚੁੱਪ
ਮੇਰੇ ਸ਼ੋਰ ਦੇ ਰਾਹ 'ਚੋਂ ਗੁਜਰਦੀ ਸੀ
ਆਪਣਾ ਬੋਲ ਸੁਣਨ ਲਈ
ਆਪਣੀ ਚੁੱਪ ਤੇ ਉਦਾਸੀ 'ਚ
ਉਬਲਦੀ ਸੀ

—0—

ਚੁੱਪ ਟੁੱਟੀ
ਘੁੱਗੀ ਦੇ ਆਂਡਿਆਂ 'ਚੋਂ
ਤੂੰ ਦੀ ਅਵਾਜ਼ ਆਈ
ਮੇਰੀ ਉਦਾਸੀ 'ਚੋਂ ਪੁੰਗਰੀ
ਰੌਣਕ
ਮੇਰੇ ਵੀਰਾਨੇ 'ਚ ਬਹਾਰ ਆਈ
ਮੈਂ ਆਪਣੀ ਚੁੱਪ ਦੀ ਗਾਥਾ
ਜਦ ਚੁੱਪ ਨੂੰ ਸੁਣਾਈ
ਸ਼ੋਰ ਦੀ ਅੱਖ ਭਰ ਆਈ
ਸ਼ੋਰ ਦੇ ਹੰਝੂਆਂ 'ਚ
ਚੁੱਪ ਦੀ ਲਾਸ਼ ਤਰ ਆਈ
ਸ਼ੋਰ ਦੇ ਬੋਲਾਂ 'ਚ ਚੁੱਪ ਭਰ ਆਈ
ਸ਼ੋਰ ਦੇ ਪਿੰਡੇ 'ਚ
ਚੁੱਪ ਦੀ ਰੂਹ ਉਤਰ ਆਈ
ਸ਼ੋਰ 'ਚੋਂ
ਜਦ ਵੀ ਚੁੱਪ ਬੋਲਦੀ ਹੈ
ਸ਼ੋਰ ਦੀ ਦੇਹ
ਪਰਤ-ਦਰ-ਪਰਤ ਖੋਲ੍ਹਦੀ ਹੈ
ਸ਼ੋਰ ਦੀ ਦੇਹ 'ਚੋਂ
ਚੁੱਪ ਹੀ ਚੁੱਪ ਸੁਣਦੀ ਹੈ
ਚੁੱਪ ਹੀ ਚੁੱਪ ਬੋਲਦੀ ਹੈ

—0—

ਮੈਂ ਹੀ ਸ਼ੋਰ ਸਾਂ
ਮੇਰੇ 'ਚੋਂ ਹੀ ਚੁੱਪ ਜਨਮੀ ਸੀ
ਮੇਰੀ ਚੁੱਪ ਹੀ
ਮੇਰੇ ਸ਼ੋਰ ਦਾ ਤਾਅ ਸੀ
ਜਿਸ ਦੇ ਸੇਕ 'ਚ
ਮੇਰਾ ਸ਼ੋਰ ਠਰਿਆ ਸੀ
ਤੇ ਬਲਹੀਣ ਹੋ ਗਿਆ

ਚੁੱਪ ਦੇ ਸਰਨਾਟੇ 'ਚ ਖੋਹ ਗਿਆ

—0—

ਮੈਂ ਜੋ ਜਿਉਂਦਾ ਜਾਗਦਾ ਸ਼ੋਰ ਸਾਂ
ਚੁੱਪ ਦੇ ਸਿੰਗੀ ਚੜ ਗਿਆ
ਚੁੱਪ ਦੀ ਚੁੱਪ ਹੋ ਗਿਆ
ਜ਼ਿੰਦਗੀ ਤੋਂ
ਕਬਰ ਦੇ ਵਿੱਚ ਢੱਲ ਗਿਆ
ਮੈਂ ਰੁੱਖ
ਆਪਣੀ ਛਾਂਅ ਵਿੱਚ ਹੀ
ਬਲ ਗਿਆ
ਜੰਗਲ ਤੋਂ ਵੱਖਰਾ ਹੋ ਗਿਆ
ਰੌਣਕਾਂ ਤੋਂ ਵਿਛੜ ਗਿਆ
ਇੱਕਲਤ ਤੇ ਚੁੱਪ 'ਚ ਸਿਮਟ ਗਿਆ

—0—

ਜਦ ਚੁੱਪ ਟੁੱਟਦੀ ਹੈ
ਤਾਂ ਰਾਸ਼ਟਰ ਬਦਲਦਾ ਹੈ
ਆਪਣੇ ਪੈਰਾਂ 'ਚੋਂ
ਗੁਲਾਮੀ ਦੀਆਂ ਜ਼ਜ਼ੀਰਾਂ
ਖੋਲ੍ਹਦਾ ਹੈ
ਆਪਣਾ ਸੁੰਤਤਰ ਰਾਸ਼ਟਰ
ਉਸਾਰਦਾ ਹੈ
ਰਾਸ਼ਟਰ ਦਾ ਲਹੂ
ਜੇਲਾ ਬੰਦੀ ਖਾਨਿਆ ਦਾ
ਸਫਰ ਕਰਦਾ ਹੈ
ਸ਼ਮਾਂ ਅਜ਼ਾਦੀ ਦੀ
ਜਦੋਂ ਉਹ ਬਾਲਦਾ ਹੈ

—0—

ਆਪਣੀ ਜ਼ੁਬਾਨ ਤੇ ਸੱਚ
ਤੇ ਅਜ਼ਾਦ ਬੋਲ ਧਰਦਾ ਹੈ
ਬਜ਼ਾਰਾ 'ਚ ਸੜਕਾਂ ਤੇ

ਗਲੀਆਂ ਚੌਕਾਂ ਚੋਹਰਾਹਿਆਂ 'ਚੋਂ
ਲੋਕਾਂ ਦੇ ਹੰਜੂਮ ਦਾ ਸ਼ੋਰ
ਉਠਦਾ ਹੈ
ਅਜ਼ਾਦ ਮੌਸਮਾਂ ਬਹਾਰਾਂ
ਤੇ ਹਵਾਵਾਂ ਦਾ ਅਗਾਜ਼ ਹੁੰਦਾ ਹੈ

—0—

ਪੈਰਾਂ ਦੀ ਧਰਤ
ਸਿਰ ਦਾ ਆਸਮਾਂ ਬਦਲਦਾ ਹੈ
ਅਕਾਸ਼ ਤੇ ਪਤਾਲਾ ਦੀ
ਉਚਾਈ ਤੇ ਗਹਿਰਾਈ
ਮਨੁੱਖ ਦਾ ਪ੍ਰਵਾਜ਼ ਕੱਛਦਾ ਹੈ
ਨਵਾਂ ਲਹੂ
ਰਾਸ਼ਟਰ ਦੀਆਂ ਰਗਾਂ 'ਚ
ਦੌੜਦਾ ਹੈ
ਰਾਸ਼ਟਰ ਦੇ ਦਰਪਣ 'ਚ
ਰਾਸ਼ਟਰ ਦਾ ਚਿਹਰਾ
ਸੱਤਾ ਪਰਜਾ ਤੇ ਤਾਜ਼ ਹੁੰਦਾ ਹੈ
ਇਨਸਾਫ਼
ਰਾਸ਼ਟਰ ਦੀ ਤਕੜੀ 'ਚ ਤੁਲਦਾ ਹੈ
ਰਾਸ਼ਟਰ ਦੀ ਸੁਰ ਸਾਜ਼
ਤੇ ਅਵਾਜ਼ ਹੁੰਦਾ ਹੈ

—0—

ਜਦ ਚੁੱਪ ਟੁੱਟਦੀ ਹੈ
ਤਾਂ ਹਸਤਨਾਪੁਰ 'ਚੋਂ
ਕੁਰੂਖਸ਼ੇਤਰ ਜਨਮਦਾ ਹੈ
ਸੱਚ ਸਾਹਮਣੇ ਆਉਂਦਾ ਹੈ
ਜੋ ਝੂਠ ਦੇ ਭਰਮ ਦਾ ਹੈ
ਮਨੁੱਖੀ ਰੁੱਖ
ਫੁੱਲਾਂ ਨਾਲ ਲੱਦਿਆ ਜਾਂਦਾ ਹੈ
ਜੋ ਫਲ ਉਸਦੇ ਕਰਮ ਦਾ ਹੈ

ਸੈਨਿਕ ਹਾਥੀ ਘੋੜ ਸਵਾਰ
ਤੇ ਰੱਥਾਂ ਦੇ ਪਹੀਆਂ ਦਾ ਸ਼ੋਰ
ਖਲਾਅ 'ਚ ਫੈਲਦਾ ਹੈ
ਲਹੂ ਦੇ ਬੱਦਲ ਆਸਮਾਂ 'ਤੇ
ਛਾਂਅ ਜਾਂਦੇ ਹਨ
ਸਾਕ ਸੰਬੰਧੀ ਰਿਸ਼ਤੇਦਾਰੀਆਂ
ਮੋਹ ਮਾਇਆ
ਜਨਮ ਤੇ ਜਿਉਣ ਦਾ ਲਾਲਚ
ਯੁੱਧ ਦਾ ਮੈਦਾਨ
ਸੂਲੀ ਤੇ ਟੰਗਦਾ ਹੈ
ਧਰਤੀ ਤੇ ਅੰਬਰ
ਲਹੂ ਨਾਲ ਰੰਗਦਾ ਹੈ

—0—

ਚੁੱਪ ਦੀ ਫਤਹਿ
ਜਦ ਸ਼ੋਰ ਦਾ ਰੂਪ ਧਾਰਦੀ ਹੈ
ਹਸਤਨਾਪੁਰ ਦੇ ਖੰਡਰ
ਸੁਆਰਦੀ ਹੈ
ਖੰਡਰ ਦਾ ਇਕ-ਇਕ ਅੰਗ
ਇਕ-ਇਕ ਨਕਸ਼
ਆਪਣੇ ਲਹੂ ਨਾਲ ਧੋਂਦੀ ਹੈ
ਖੰਡਰਾਂ ਦੇ ਬੇਡੌਲ ਜੁੱਸੇ 'ਚ
ਸੱਚ ਤੇ ਸੁੰਦਰਤਾ ਉਤਾਰਦੀ ਹੈ
ਖੰਡਰਾਂ ਦੀ ਤਪਸ਼
ਆਪਣੇ ਲਹੂ 'ਚ ਠਾਰਦੀ ਹੈ
ਖੰਡਰਾਂ ਦੇ ਥੇਹ 'ਚੋਂ
ਜਿਉਂਦਾ ਜਾਗਦਾ ਸੱਚਾ ਸੁੱਚਾ
ਤੇ ਰੌਸ਼ਨ ਹਸਤਨਾਪੁਰ
ਉਸਾਰਦੀ ਹੈ

—0—

ਜੋ ਧਰਿਤ ਰਾਸ਼ਟਰ ਦੇ

ਪੁੱਤਰ ਮੋਹ ਦਾ ਮੁਥਾਜ ਨਹੀਂ
ਜੋ ਗੰਧਾਰੀ ਤੋਂ
ਅੱਖਾਂ ਦੀ ਰੋਸ਼ਨੀ ਨਹੀਂ ਖੋਹ ਦਾ
ਜੋ ਦਰੋਪਤੀ ਦੇ ਚੀਰ ਹਰਨ ਦਾ
ਹਾਮੀ ਨਹੀਂ
ਜਿਸ ਦਾ ਦਰਯੋਧਨ ਦਾਸ ਹੈ
ਸੁਆਮੀ ਨਹੀਂ
ਜਿਸ ਦੀ ਨਜ਼ਰ 'ਚ
ਕੋਈ ਭੀਸ਼ਮ ਪਿਤਾਮਾ
ਤੀਰਾਂ ਦੀ ਸੇਜ ਤੇ ਨਹੀਂ
ਕੋਈ ਕਰਨ
ਪਾਂਡਵਾਂ ਦੇ ਲਹੂ ਤੋਂ ਵੱਖਰਾ ਨਹੀਂ
ਜਿੱਥੇ ਗੰਧਾਰੀ ਦਾ ਸਰਾਪ
ਕ੍ਰਿਸ਼ਨ ਵੰਸ਼ ਤੱਕ ਅੱਪੜਦਾ
ਅੱਪੜਦਾ ਵਰ ਹੋ ਜਾਂਦਾ ਹੈ
ਹਸਤਨਾਪੁਰ ਦਾ ਖੰਡਰ ਹੀ
ਹਸਤਨਾਪੁਰ ਦਾ ਤਾਜ਼ ਤਖ਼ਤ
ਤੇ ਘਰ ਹੋ ਜਾਂਦਾ ਹੈ

—0—

ਜਦ ਚੁੱਪ ਟੁੱਟਦੀ ਹੈ
ਤਾਂ ਮਾਨਵ ਦੀਆਂ ਕਦਰਾਂ ਕੀਮਤਾਂ
ਮੂਲ ਸਭਿਆਚਾਰ ਤੇ
ਇਤਿਹਾਸ ਬਦਲਦਾ ਹੈ
ਜੀਵਨ ਬਦਲਦਾ ਹੈ
ਜੀਵਨ ਦਾ ਅਹਿਸਾਸ ਬਦਲਦਾ ਹੈ
ਮਨੁੱਖ ਦਾ ਵਿਚਰਨ ਧਰਾਤਲ
ਅੰਦਰ ਤੇ ਬਾਹਰ ਬਦਲਦਾ ਹੈ
ਮਨੁੱਖ ਦੇ ਪਰਾਂ 'ਚ ਸ਼ਕਤੀ
ਪ੍ਰਵੇਸ਼ ਕਰਦੀ ਹੈ
ਮਨੁੱਖੀ ਸੋਚ ਦਾ ਪ੍ਰਵਾਜ਼ ਬਦਲਦਾ ਹੈ

ਮਨੁੱਖ ਦਾ ਹਸ਼ਰ ਤੇ ਅਗਾਜ
ਬਦਲਦਾ ਹੈ

—0—

ਚੁੱਪ ਤੋਂ ਪਿੱਛਲੇਰਾ ਸ਼ੋਰ
ਮਨੁੱਖਾਂ ਰੂਹ ਦੀ ਸੁਰ ਬਦਲਦਾ ਹੈ
ਮਨੁੱਖਾਂ ਦੇਹ ਦੀ
ਕਾਰਜ ਪ੍ਰਣਾਲੀ ਬਦਲਦਾ ਹੈ
ਮਨੁੱਖਾਂ ਦੇਹ ਦੇ ਸਾਜ਼ ਬਦਲਦਾ ਹੈ
ਨਵੀਆਂ ਸਰਗਮਾਂ
ਨਵੀਆਂ ਸੁਰਾਂ ਨਵੇਂ ਸੰਗੀਤ ਦਾ
ਜ਼ਿੰਦਗੀ 'ਚ ਅਗਾਜ਼ ਹੁੰਦਾ ਹੈ
ਜ਼ਿੰਦਗੀ ਦੀ ਟੋਰ ਵੱਖਰੀ
ਤੇ ਨਵਾਂ ਅੰਦਾਜ਼ ਹੁੰਦਾ ਹੈ
ਜੋ ਨਾਦ ਗੂੰਜਦਾ ਹੈ
ਕੁਦਰਤ ਦੇ ਸਾਹਾਂ 'ਚ
ਉਹ ਮਨੁੱਖ ਦੀ ਵਾਣੀ
ਮਨੁੱਖ ਦੀ ਅਵਾਜ਼ ਹੁੰਦਾ ਹੈ

—0—

ਚੁੱਪ ਤੋਂ ਪਿੱਛਲੇਰਾ ਸ਼ੋਰ
ਸ਼ਬਦ ਹੁੰਦਾ ਹੈ
ਧਰਤੀ ਹੁੰਦੀ ਹੈ ਅਕਾਸ਼ ਹੁੰਦਾ ਹੈ
ਬ੍ਰਹਿਮੰਡ ਤੇ ਪ੍ਰਕਿਰਤੀ ਦਾ
ਸਿਰਜਣਹਾਰ ਹੁੰਦਾ ਹੈ
ਚੁੱਪ ਤੋਂ ਪਿੱਛਲੇਰਾ ਸ਼ੋਰ
ਕਾਦਰ ਵਲ ਖੁਲਦਾ ਦੁਆਰ ਹੁੰਦਾ ਹੈ

—0—

ਚੁੱਪ 'ਚੋਂ ਸ਼ੋਰ ਜਨਮਦਾ ਹੈ
ਚੁੱਪ ਦੇ ਬੀਜ 'ਚ ਹੀ
ਸ਼ੋਰ ਦਾ ਵਿਸਥਾਰ ਹੁੰਦਾ ਹੈ
ਸ਼ੋਰ 'ਚ ਚੁੱਪ ਦੀ ਜੜ੍ਹ ਹੁੰਦੀ ਹੈ

ਸ਼ੋਰ 'ਚ ਚੁੱਪ ਦੇ ਰੁੱਖ ਦਾ ਅਕਾਰ
ਹੁੰਦਾ ਹੈ
ਰੁੱਖ ਦੀ ਛਾਂਅ ਹੁੰਦੀ ਹੈ
ਧੁੱਪ ਹੁੰਦੀ ਹੈ
ਰੁੱਖ ਦਾ ਸ਼ੋਰ ਹੁੰਦਾ ਹੈ
ਰੁੱਖ ਦੀ ਚੁੱਪ ਹੁੰਦੀ ਹੈ —0—

## ਨਵ ਜਨਮੇ

ਬ੍ਰਹਿਮੰਡ 'ਚੋਂ ਮੈਂ ਬੋਲਦਾ ਹਾਂ
ਬ੍ਰਹਿਮੰਡ ਮੇਰੇ 'ਚੋਂ ਸੁਣਦਾ ਹੈ
ਮੇਰੇ ਅੱਗੇ ਆਪਾ ਉਧੇੜਦਾ ਹੈ
ਪਰਤ ਦਰ ਪਰਤ
ਆਪਾ ਖੋਲ੍ਹਦਾ ਹੈ
ਮੈਨੂੰ ਆਪਣੇ 'ਚ ਉਤਾਰਦਾ ਹੈ
ਮੈਨੂੰ ਆਪਣੀ ਉਂਗਲੀ ਫੜਾ
ਉੱਤਰ ਦੱਖਣ ਪੂਰਬ ਪੱਛਮ
ਘੁੰਮਾਦਾ ਹੈ
ਖਲਾਅ ਦੇ ਪਿੰਡੇ ਖੋਲ੍ਹਦਾ ਹੈ
ਆਪਣਾ ਆਪ
ਮੇਰੀ ਨਸ-ਨਸ 'ਚ ਘੋਲਦਾ ਹੈ

—0—

ਮੈਂ ਬ੍ਰਹਿਮੰਡ
ਆਪਣੇ ਸਾਹਾਂ 'ਚ ਉਤਾਰਦਾ ਹਾਂ
ਆਪਣੇ ਅਣੂਆਂ ਤੇ ਲਹੂ ਦੀ
ਕਾਰਜ ਪ੍ਰਣਾਲੀ ਦੇ ਭੇਦ ਖੋਲ੍ਹਦਾ ਹਾਂ
ਆਪਣਾ ਦਰਪਣ
ਬ੍ਰਹਿਮੰਡ ਨੂੰ ਵਿਖਾਉਂਦਾ ਹਾਂ

—0—

ਮੇਰੇ ਦਰਪਣ 'ਚ
ਬ੍ਰਹਿਮੰਡ ਸਮਾਇਆ ਹੈ
ਬ੍ਰਹਿਮੰਡ ਨੂੰ
ਆਪਣੇ ਚਿਹਰੇ 'ਚੋਂ ਮੇਰਾ
ਚਿਹਰਾ ਹੀ ਨਜ਼ਰ ਆਇਆ ਹੈ
ਬ੍ਰਹਿਮੰਡ ਮੇਰਾ ਹੀ ਰੂਪ ਹੈ
ਮੇਰਾ ਹੀ ਸਰੂਪ ਹੈ
ਮੇਰੀ ਦੇਹ ਦੀ ਕਾਰਜ ਪ੍ਰਣਾਲੀ
ਬ੍ਰਹਿਮੰਡ ਦਾ ਅਕਸ ਹੈ

ਮੇਰੀ ਚੇਤਨਾ ਤੇ ਜਗਿਆਸਾ
ਬ੍ਰਹਿਮੰਡ ਦਾ ਲਕਸ਼ ਹੈ
ਮੇਰੇ ਤੇ ਬ੍ਰਹਿਮੰਡ 'ਚ ਵਸਦਾ
ਇਕ ਸਖਸ਼ ਹੈ
ਜੋ ਮੇਰੇ ਤੇ ਬ੍ਰਹਿਮੰਡ ਦੇ
ਬਾਹਰ ਵੀ ਹੈ
ਮੇਰੇ ਤੇ ਬ੍ਰਹਿਮੰਡ ਦੇ ਵਿਚਕਾਰ ਵੀ ਹੈ

—0—

ਬ੍ਰਹਿਮੰਡ 'ਚ ਦੌੜ ਦੀ ਜ਼ਿੰਦਗੀ
ਮੇਰਿਆਂ ਅੰਗਾਂ 'ਚੋਂ ਪ੍ਰਗਟਦੀ ਹੈ
ਬ੍ਰਹਿਮੰਡ 'ਚ ਵਸਦੀ ਪ੍ਰਕਿਰਤੀ ਦਾ
ਮੈਂ ਬੀਜ ਹਾਂ
ਬ੍ਰਹਿਮੰਡ ਦੇ ਸਾਹ
ਮੇਰੇ ਜਿਸਮ 'ਚ ਟੁਰਦੇ ਹਨ
ਬ੍ਰਹਿਮੰਡ ਦੀ ਪੀੜਾ
ਮੇਰੇ ਹੰਝੂਆਂ 'ਚੋਂ ਡੁੱਲ੍ਹਦੀ ਹੈ
ਬ੍ਰਹਿਮੰਡ ਦੀ ਗੰਢ
ਮੇਰੇ ਅੰਦਰ ਖੁਲ੍ਹਦੀ ਹੈ
ਮੇਰੇ ਅੰਦਰ ਤੇ ਬਾਹਰ ਤਕ
ਫੈਲ ਜਾਂਦੀ ਹੈ
ਮੇਰੇ ਪ੍ਰਾਣਾ ਦੀ ਗਤੀ
ਮੇਰੇ ਅੰਦਰ ਠਹਿਰ ਜਾਂਦੀ ਹੈ
ਮੇਰੇ ਚਿਹਰੇ 'ਚੋਂ ਬ੍ਰਹਿਮੰਡ ਦਿਸਦਾ ਹੈ
ਬ੍ਰਹਿਮੰਡ ਦੇ ਚਿਹਰੇ 'ਚ
ਮੇਰੀ ਨੁਹਹਾਰ ਦੌੜ ਦੀ ਹੈ

—0—

ਮੈਂ ਬ੍ਰਹਿਮੰਡ ਦੀ ਦੇਹ 'ਚ
ਲਹੂ ਬਣ ਕੇ ਵਗਦਾ ਹਾਂ
ਬ੍ਰਹਿਮੰਡ ਮੇਰੀ ਦੇਹ 'ਚ
ਦਿਲ ਬਣ ਕੇ ਧੜਕਦਾ ਹੈ

ਮੈਂ ਆਪਣੇ ਦਿਲ ਦੀ ਹਰ ਬਾਤ
ਬ੍ਰਹਿਮੰਡ ਨੂੰ ਸੁਣਾ ਦਾ ਹਾਂ
ਉਸ ਦੇ ਮੋਢਿਆ ਤੇ ਸਿਰ
ਰੱਖ ਕੇ ਰੋਂਦਾ ਹਾਂ
ਪਾ ਗਲਵਕੜੀ ਉਸ ਨੂੰ
ਹੱਸਦਾ ਹਾਂ ਹਸਾਉਂਦਾ ਹਾਂ
ਬ੍ਰਹਿਮੰਡ ਬੜਾ ਹੀ ਯਾਰ ਹੈ ਮੇਰਾ
ਬੜਾ ਦਿਲਦਾਰ ਹੈ ਮੇਰਾ

—0—

ਮੇਰੀਆਂ ਪਤਝੜਾ ਦੀ
ਬਹਾਰ ਹੈ ਉਹ
ਮੈਂ ਉਸਦੀ ਪਰਜਾ ਹਾਂ
ਮੇਰੀ ਸਰਕਾਰ ਹੈ ਉਹ
ਜੇ ਉਹ ਸਿਘਾਸਨ ਹੈ
ਤਾਂ ਮੈਂ ਦਰਬਾਰ ਹਾਂ
ਜੇ ਉਹ ਰੱਬ ਹੈ
ਤਾਂ ਮੈਂ ਉਸ ਦਾ ਦੁਆਰ ਹਾਂ
ਜੇ ਉਹ ਪਹਿਣਨ ਹੈ
ਮੈਂ ਉਸਦਾ ਉਤਾਰ ਹਾਂ
ਉਹ ਮੇਰੇ 'ਚ ਵਸਦਾ ਹੈ
ਮੈਂ ਉਸ ਦੇ ਵਿਚਕਾਰ ਹਾਂ

—0—

ਮੇਰਾ ਬ੍ਰਹਿਮੰਡ ਤੇ
ਬ੍ਰਹਿਮੰਡ ਦੀ ਕੁਦਰਤ 'ਚ ਵਾਸਾ ਹੈ
ਪੌਣਾਂ 'ਚ ਗਤੀ ਹੈ ਮੇਰੀ
ਜਲ 'ਚ ਪ੍ਰਾਣ ਹਨ ਮੇਰੇ
ਪਤਾਲਾ ਪਤਾਲ ਬ੍ਰਹਿਮੰਡ
ਅਖੰਡ ਧਰਤੀਆਂ ਅਸਮਾਨ
ਹਨ ਮੇਰੇ

—0—

ਸੂਰਜਾਂ 'ਚ ਤੇਜ਼ ਹੈ ਮੇਰਾ
ਚੰਨਾਂ ਤਾਰਿਆ 'ਚ
ਮੈਂ ਟਿਮਟਮਾਦਾ ਹਾਂ
ਮੈਂ ਹੀ ਸਹਿਰਾ ਤਰਦਾ ਹਾਂ
ਸਾਗਰ ਕਹਾਉਂਦਾ ਹਾਂ
ਮੇਰੇ 'ਚੋਂ ਪ੍ਰਕਿਰਤੀ ਸਾਹ ਲੈਂਦੀ ਹੈ
ਮੇਰੀ ਅੱਖ ਦੇ ਇਸ਼ਾਰੇ 'ਤੇ
ਜੰਗਲ ਪੁੰਗਰਦੇ ਹਨ
ਪਹਾੜ ਘਟਦੇ ਤੇ ਵੱਧਦੇ ਹਨ

—0—

ਮੇਰੀ ਰਹਿਮਤ ਜੀਵਨ ਗਤੀ ਹੈ
ਨਿਹਮਤ ਜੀਵਨ ਦੀ ਬਹਾਰ ਹੈ
ਮੇਰੀ ਇਕ ਅੱਖ ਮਾਨਵ ਹੈ
ਇਕ ਅੱਖ ਮਾਨਵਤਾ ਦਾ ਵਿਸਥਾਰ ਹੈ
ਮੇਰੇ ਅੰਦਰ ਹੀ ਕਬਰਾਂ
ਦੀਆਂ ਫਸਲਾਂ
ਮੇਰੇ ਅੰਦਰ ਹੀ
ਹੱਸਦਾ ਵੱਸਦਾ ਸੰਸਾਰ ਹੈ
ਮੈਂ ਹੀ ਗਰਭ ਕਰਤਾ ਹਾਂ
ਮੇਰੇ ਅੰਦਰ ਹੈ ਜੀਵਨ ਦੀ ਨਦੀ
ਮੇਰੇ ਅੰਦਰ ਪ੍ਰਭੂਤਾ ਹੈ
ਮੇਰੀ ਦੇਹ 'ਚ ਨਰ ਤੇ ਨਾਰੀ ਦੀ
ਹੋਂਦ ਹੈ
ਮੇਰੀ ਪ੍ਰਕ੍ਰਿਤੀ
ਨਰ ਤੇ ਨਾਰੀ ਦੀ ਗੋਂਦ ਹੈ
ਮੇਰੀ ਦ੍ਰਿਸ਼ਟੀ
ਜੀਵਨ ਦੇ ਅੰਦਰ ਹੈ ਦੁਆਲੇ ਹੈ
ਪਰਬਤਾਂ ਦੀ ਹੋਂਦ
ਮੇਰੇ ਹੀ ਸਹਾਰੇ ਹੈ
ਮੇਰੀਆਂ ਨਜ਼ਰਾਂ 'ਚ

ਚੰਨ ਸੂਰਜ ਤਾਰੇ ਟੁਰਦੇ ਹਨ
ਉੱਠਦੇ ਤੇ ਬਹਿੰਦੇ ਹਨ
ਪੌਣ ਪ੍ਰਕਿਤੀ ਦੇ ਜ਼ਰੇ ਜ਼ਰੇ 'ਚ
ਪ੍ਰਾਣ ਛਿੜਕਦੀ ਹੈ
ਪੱਥਰ ਦੀ ਗਤੀ ਦੀ ਪੀੜ
ਹੰਢਾਉਂਦੀ ਹੈ

—0—

ਰੁੱਖ ਰੁੱਖਾਂ 'ਚੋਂ ਬੋਲਦੇ ਹਨ
ਰੁੱਖ ਰੁੱਖਾਂ ਦੀ ਛਾਂਵੇ ਬਹਿੰਦੇ ਹਨ
ਦਰਿਆਂ
ਦਰਿਆਵਾਂ ਦੇ ਜਿਸਮ ਤਰਦੇ ਹਨ
ਨਦੀਆਂ 'ਚ ਠਹਿਰਦੇ
ਤੇ ਵਹਿੰਦੇ ਹਨ
ਮੇਰੀ ਰਹਿਮਤ ਤੇ
ਪਤਝੜ 'ਚੋਂ ਰੁੱਖ ਪੁੰਗਰਦੇ ਹਨ
ਬੀਜ 'ਚ ਸਿਮਟਦੇ ਤੇ ਉੱਗਦੇ ਹਨ
ਅਸਮਾਨ ਭਾਉਂਦਾ ਹੈ
ਧਰਤੀ ਘੁੰਮਦੀ ਹੈ
ਮੇਰੇ ਅਨੁਭਵ ਤੇ ਸੋਚ ਦੀ
ਹੋਂਦ 'ਚੋਂ
ਜ਼ਿੰਦਗੀ ਮੌਲਦੀ ਹੈ
ਫੈਲਦੀ ਤੇ ਨਿਰੰਤਰ ਵਗਦੀ ਹੈ

—0—

ਮੈਂ ਨਵਜੰਮੇ ਬਾਲ ਵਾਂਗ
ਆਪਣਾ ਆਪ ਤਲੀ ਤੇ ਟਿਕਾ ਕੇ
ਬ੍ਰਹਿਮੰਡ 'ਚ
ਟੁਰਦਾ ਫਿਰਦਾ ਹਾਂ
ਨੱਸਦਾ ਹਾਂ ਸੰਭਲਦਾ ਹਾਂ ਤੇ
ਗਿਰਦਾ ਹਾਂ
ਮੇਰੇ ਜਿਸਮ 'ਚੋਂ ਵਾਸਨਾ ਨਹੀਂ

ਖ਼ੁਸ਼ਬੂ ਆਉਂਦੀ ਹੈ
ਮੇਰੇ ਮਨ ਦੇ ਕੋਰੇ ਕਾ.ਗਜ਼ ਤੇ
ਕੋਈ ਧੱਬਾ ਨਹੀਂ

—0—

ਮੈਂ ਚਾਹੁੰਦਾ ਹਾਂ
ਮੇਰੇ ਮਨ ਦੇ ਕੋਰੇ ਕਾ.ਗਜ਼ ਤੇ
ਸਭ ਤੋਂ ਪਹਿਲਾਂ
ਬ੍ਰਹਿਮੰਡ ਚਿਤਰਿਆਂ ਜਾਵੇ
ਪੌਣਾਂ ਦੇ ਨਕਸ਼ ਉਲੀਕੇ ਜਾਣ
ਅੱਗਣ ਦਾ ਤੇਜ਼ ਨਜ਼ਰ ਆਵੇ
ਅਕਾਸ਼ ਦਾ ਮੁਖ ਦਿਸੇ
ਮੇਰੇ ਦਰਪਣ 'ਚ
ਧਰਤੀ ਦੇ ਅੰਗ ਲਿਸ਼ਕਣ
ਜਲ ਦਾ ਲਚਕਦਾ ਜਿਸਮ
ਚਿਤਰਿਆ ਜਾਵੇ
ਮੈਂ ਆਪਣੇ ਮੁੱਢ ਤੋਂ
ਕਦੀ ਨਾ ਟੁੱਟਾ
ਮੇਰੇ ਜਿਸਮ ਤੇ
ਇਹ ਲਿਖ ਦਿੱਤਾ ਜਾਵੇ

—0—

ਮੈਂ ਜਿਧਰ ਮੂੰਹ ਮੋੜਾ
ਪ੍ਰਕ੍ਰਿਤੀ ਦੀ ਝਲਕ ਹੋਵੇ
ਨੈਣਾਂ 'ਚ ਚੰਨ ਦੀ ਠੰਡਕ
ਚਾਂਦਨੀ ਦਾ ਬਦਨ ਹੋਵੇ
ਮੇਰੇ ਜਿਸਮ 'ਚੋਂ ਫੁੱਟਣ
ਸੂਰਜ ਦੀਆਂ ਕਿਰਨਾ
ਸੋਚ ਚਾਨਣ ਦਾ ਯਤਨ ਹੋਵੇ
ਜੁਬਾਨ 'ਤੇ ਸਰਸਵਤੀ
ਕੰਠ 'ਚ ਰਾਗਾਂ ਦੀ ਬਸਰ ਹੋਵੇ
ਖ਼ੁਸ਼ਬੂ ਫੈਲਦੀ ਜਾਵੇ

ਜਿੱਧਰ ਵੀ ਪੈਰ ਧਰਾਂ ਮੈਂ
ਸੂਰਜ ਉਧਰੋਂ ਨਿਕਲੇ
ਜਿੱਧਰ ਵੀ ਮੂੰਹ ਕਰਾਂ ਮੈਂ

—0—

ਮੇਰੀ ਦੇਹ 'ਚੋਂ ਨਜ਼ਰ ਆਵੇ
ਮੇਰੇ 'ਚ ਵਸਦੀ ਕਾਇਨਾਤ ਸਾਰੀ
ਮੇਰੇ 'ਚੋਂ ਬਾਹਰ ਫੈਲ ਜਾਵੇ
ਮੇਰੇ 'ਚ ਵਸਦੀ
ਧਰਤੀ ਤੇ ਬ੍ਰਹਿਮੰਡ ਦੀ ਸੁਗਾਤ ਸਾਰੀ
ਮੇਰੇ ਤੋਂ ਟੁਰਕੇ
ਮੇਰੇ ਤੱਕ ਅੱਪੜੇ
ਕਾਦਰ ਕੁਦਰਤ
ਤੇ ਜੀਵ ਜੰਤੂਆਂ ਦੀ ਬਾਤ ਸਾਰੀ
ਮੈਂ ਆਪਣੇ ਜੀਵਨ 'ਚ ਜਨਮ ਕੇ ਮਰਾਂ
ਤੇਰੀ ਸੁਗਾਤ ਸਾਰੀ
ਬੀਜਾ ਸੂਰਜ ਧਰਤੀ 'ਤੇ
ਖੋਲ੍ਹਾ ਦਰ ਪ੍ਰਭਾਤਾਂ ਦਾ
ਸਹਿਰਾ ਸਾਗਰ ਤੇ
ਮੀਹੇ ਬਰਸਾਦਿਆਂ
ਤੇਰੀਆਂ ਸੁਗਾਤਾਂ ਦਾ

—0—

## ਦਾਮਨੀ ਲੋਕ

ਮੈਂ ਜੰਗਲ ਦੇ ਦਿਲ 'ਚੋਂ
ਸ਼ੀਸ਼ੇ ਦੇ ਸ਼ਹਿਰ ਉਸਾਰੇ ਹਨ
ਦਾਮਨੀ ਜਲ ਦੀਆਂ
ਤਲੀਆਂ ਤੇ ਉਤਾਰੇ ਹਨ

—0—

ਮੈਂ ਬਿੱਜਲਈ ਅੰਬਰ
ਚੰਨ ਸੂਰਜ ਤਾਰੇ
ਸ਼ੀਸ਼ੇ ਦੀ ਨਗਰੀ ਦੇ
ਸਿਰ ਸਜਾਏ ਹਨ
ਸ਼ੀਸ਼ੇ ਦੀਆਂ ਸੜਕਾਂ ਤੇ
ਦਾਮਨੀ ਦੇ ਰੁੱਖ ਉੱਗਾਏ ਹਨ
ਪਾਰੇ ਦੇ ਬੁੱਤ ਚੌਕਾਂ 'ਚ ਲਾਏ ਹਨ
ਦਾਮਨੀ ਜਲ ਦੀ ਧਰਤੀ ਪੈਰਾਂ 'ਚ ਵਿਛਾਈ ਹੈ
ਦਾਮਨੀ ਸੂਰਜਾਂ ਦੀ ਪ੍ਰਦਰਸ਼ਨੀ
ਅੰਬਰਾਂ 'ਚ ਲਾਈ ਹੈ

—0—

ਰੋਸ਼ਨੀਆਂ 'ਚ ਜੁਗਨੂਆਂ ਵਾਂਗ
ਇਹ ਸ਼ਹਿਰ ਜਗਦਾ ਹੈ
ਦਾਮਨੀ ਧਰਤੀ ਤੇ ਉਤਰਿਆ
ਸਵਰਗ ਲਗਦਾ ਹੈ
ਇਸ ਸ਼ਹਿਰ 'ਚ
ਸ਼ੀਸ਼ੇ ਦੇ ਘਰ ਹਨ
ਦਾਮਨੀ ਲੋਕ
ਦਾਮਨੀ ਬ੍ਰਹਿਮੰਡ
ਖਲਾਅ ਤੇ ਪ੍ਰਲੋਕ ਹਨ
ਇਸ ਨਗਰੀ ਦੇ ਲੋਕਾਂ ਦਾ
ਦਾਮਨੀ ਦਾ ਵਜੂਦ ਹੈ
ਦਾਮਨੀ ਦੇ ਅੰਗ ਲਹੂ ਰੰਗ
ਤੇ ਸਰੂਪ ਹੈ

ਦਾਮਨੀ ਦੀ ਕਾਰਜ ਪ੍ਰਣਾਲੀ
ਦਾਮਨੀ ਦੇ ਰਿਸ਼ਤੇਨਾਤੇ
ਦਾਮਨੀ ਦਾ ਸਭਿਆਚਾਰ
ਇਹ ਲੋਕ ਹੰਢਾਉਂਦੇ ਹਨ
ਦਾਮਨੀ ਦੇ ਬੋਲ ਸੁਣ ਦੇ
ਤੇ ਸੁਣਾਉਂਦੇ ਹਨ

—0—

ਇਨ੍ਹਾਂ ਦੇ ਪਿੰਡੇ 'ਚ
ਜ਼ਿੰਦਗੀ ਹੀ ਜ਼ਿੰਦਗੀ ਹੈ
ਇਨ੍ਹਾਂ 'ਚੋਂ ਮੌਤ ਮੰਨਫੀ ਹੈ
ਬਿਜਲੀ ਹੀ
ਇਨ੍ਹਾਂ ਦਾ ਧਰਮ ਹੈ
ਕਰਨੀ ਹੈ ਕਰਮ ਹੈ
ਬਿਜਲੀ ਇਨ੍ਹਾਂ ਦੀ ਕਲਾ
ਵਿਗਿਆਨ ਗਿਆਨ ਤੇ
ਦਰਸ਼ਨ ਹੈ

—0—

ਬਿਜਲੀ ਹੀ
ਇਨ੍ਹਾਂ ਦੇ ਚਿਹਰਿਆਂ ਦਾ
ਦਰਪਣ ਹੈ
ਬਿਜਲਈ
ਇਨ੍ਹਾਂ ਦੇ ਪਾਠਸ਼ਾਲਾ
ਵਿਸ਼ਵਿਦਿਆਲਾ ਹਨ
ਬਿਜਲੀ ਹੀ
ਇਨ੍ਹਾਂ ਦਾ ਅੰਦਰ ਬਾਹਰ ਹੈ
ਬਿਜਲੀ ਹੀ
ਇਨ੍ਹਾਂ ਦਾ ਜੀਵਨ ਸੰਚਾਰ ਹੈ
ਕਾਰੋਬਾਰ ਹੈ

—0—

ਇਨ੍ਹਾਂ ਦੁਆਲੇ

ਬਰਕ ਦੀ ਕੁਦਰਤ
ਬਰਕ ਦੇ ਪਸ਼ੂ ਪਖਸ਼ੀ ਹਨ
ਬਰਕ ਦੇ ਦਰਿਆ ਨਦੀਆਂ
ਤੇ ਸਾਗਰ ਹਨ
ਬਰਕ ਦੇ ਜੰਗਲ ਪਹਾੜ
ਬਰਕ ਦਾ ਅਨਾਜ
ਖੇਤਾਂ 'ਚ ਉੱਗਾਉਂਦੇ ਹਨ
ਬਰਕ ਪਹਿਣਦੇ ਤੇ ਖਾਂਦੇ
ਪੀਂਦੇ ਤੇ ਹੰਢਾਦੇ ਹਨ
ਇਨ੍ਹਾਂ ਦੀ ਬਰਕ ਦੀ ਸੁਬਾਹ
ਬਰਕ ਦੀ ਸ਼ਾਮ ਹੈ
ਬਰਕ ਦਾ ਦਿਨ
ਬਰਕ ਦੀ ਰਾਤ ਹੈ

—0—

ਇਨ੍ਹਾਂ ਲੋਕਾਂ ਦੇ ਵਜੂਦ 'ਚ
ਰੱਬ ਨਾਂਅ ਦਾ ਕੋਈ ਅਕੂੰਰ ਨਹੀਂ
ਭੈਅ ਦਾ ਵੈਰਦਾ
ਵਿਰੋਧ ਦਾ ਕੰਕਰ ਨਹੀਂ
ਇਹ ਲੋਕ ਖ਼ੁਦ
ਆਪਣੇ ਆਪ ਦੇ ਰਚਤਾ ਹਨ
ਆਪਣੇ ਆਪ ਦੇ ਕਰਤਾ ਹਨ

—0—

ਇਸ ਨਗਰੀ 'ਚ
ਕੋਈ ਮੰਦਿਰ ਮਸਜ਼ਿਦ
ਗਿਰਜਾ ਨਹੀਂ
ਜੇ ਹੈ ਤਾਂ ਦਾਮਨੀ ਦੀ ਪੂਜਾ ਹੈ
ਇਹ ਲੋਕ
ਦਾਮਨੀ ਨੂੰ ਧਿਆਉਂਦੇ ਹਨ
ਦਾਮਨੀ ਹੀ
ਇਨ੍ਹਾਂ ਦਾ ਈਮਾਨ ਹੈ

ਦਾਮਨੀ ਹੀ
ਇਨ੍ਹਾਂ ਦਾ ਭਗਵਾਨ ਹੈ
ਮੈਂ ਇਹ ਨਗਰੀ ਵੀ ਸਿਰਜੀ ਹੈ
ਇਹ ਲੋਕ ਵੀ ਸਿਰਜੇ ਹਨ
ਪਰ ਆਪਣਾ ਆਪ
ਇਨ੍ਹਾਂ ਵਾਂਗ
ਸਿਰਜ ਨਹੀਂ ਸਕਿਆ
ਇਨ੍ਹਾਂ 'ਚ ਉਤਰ ਨਹੀਂ ਸਕਿਆ
ਇਨ੍ਹਾਂ 'ਚ ਜੀਅ ਨਹੀਂ ਸਕਿਆ
ਇਹ ਨਾ ਹੱਸਦੇ ਹਨ
ਨਾ ਰੋਂਦੇ ਹਨ
ਇਨ੍ਹਾਂ ਦਾ ਆਪਣਾ ਹੀ ਜ਼ਹਾਨ ਹੈ
ਇਹ ਆਪਣੇ ਆਪ ਦੇ
ਗੁਲਾਮ ਹਨ
ਇਹ ਜੋ ਬਿਜਲੀ ਦੇ ਇਨਸਾਨ ਹਨ

—0—

ਹਵਾ ਅੱਗ ਜਲ ਅਕਾਸ਼
ਧਰਤੀ ਦੀ ਖ਼ੁਸ਼ਬੂ ਤੋਂ
ਅਣਜਾਣ ਹਨ
ਬਿਜਲੀ ਦੇ ਇਨ੍ਹਾਂ ਦੇ ਪ੍ਰਾਣ ਹਨ
ਇਨ੍ਹਾਂ ਦਾ ਨਾ ਦਿਲ ਪਸੀਜ ਦਾ ਹੈ
ਨਾ ਇਨ੍ਹਾਂ 'ਚ
ਪਿਆਰ ਦਾ ਜ਼ਜਬਾ ਹੈ
ਇਨ੍ਹਾਂ ਦੀ ਦੇਹ 'ਚ
ਬਿਜਲੀ ਦੇ ਅਣੂ ਹਨ
ਇਨ੍ਹਾਂ ਤੇ ਬਸ
ਬਿਜਲੀ ਦਾ ਕਬਜਾ ਬਜਾ ਹੈ
ਇਹ ਬਸ ਜੀਵੀ ਜਾਅ ਰਹੇ ਹਨ
ਬਸ ਜੀਵੀ ਜਾਅ ਰਹੇ ਹਨ
ਬਿਜਲੀ ਦੇ ਖਿਡੌਉਣੇ

ਜਨਮ ਦੇ ਤੇ ਪਾਲਦੇ ਹਨ
ਬਿਜਲੀ ਦਾ ਅਕਸ ਹੀ
ਵਿਸਥਾਰਦੇ ਹਨ
—0—
ਮੈਂ ਇਨ੍ਹਾਂ ਨੂੰ ਸਿਰਜਕੇ
ਆਪਾਂ ਗੁਆ ਲਿਆ
ਆਪਣਾ ਸੱਚ ਮੁੱਕਾ ਲਿਆ
ਮੈਨੂੰ ਚੁੱਪ ਨੇ ਘੇਰਿਆ
ਮੇਰੀ ਉਦਾਸੀ ਤੇ ਉਜਾੜ ਨੇ
ਖਾਹ ਲਿਆ
ਇੱਕਲਤਾ ਨੇ ਘੇਰਿਆ
ਮੈਂ ਆਪਣੇ ਮੂੰਹ ਤੇ
ਕਬਰਾਂ ਦਾ ਜੰਗਲ ਉੱਗਾ ਲਿਆ
—0—
ਮੈਂ ਕੀ ਸਾਂ
ਕਿੱਥੋਂ ਟੁਰਿਆ ਤੇ ਕਿੱਥੇ
ਆਇਆ ਹਾਂ
ਇਥੇ ਮੇਰਾ
ਕੋਈ ਨਹੀਂ ਆਪਣਾ
ਮੈਂ ਆਪਣੇ ਆਪ ਲਈ ਵੀ
ਪਰਾਇਆ ਹਾਂ
ਮੈਂ ਆਦਿ ਯੁਗ ਤੋਂ
ਪਲਾਸਟਿਕ ਯੁੱਗ ਹੰਢਾਇਆ ਹੈ
ਤੇ ਕੰਪਿਊਟਰ ਯੁਗ 'ਚੋਂ ਲੰਘ ਕੇ
ਉਤਰ ਆਇਆ ਹਾਂ
–0–
ਮੈਂ ਕੁੱਝ ਵੀ
ਹਾਸਿਲ ਨਹੀਂ ਕੀਤਾ
ਸਭ ਕੁੱਝ ਗੁਆਇਆ ਹੈ
ਜਿਸ ਜੰਗਲ ਦੇ ਦਿਲ 'ਚੋਂ

ਮੈਂ ਸ਼ੀਸ਼ੇ ਦਾ ਸ਼ਹਿਰ ਉਗਾਇਆ ਸੀ
ਉਸ 'ਚ ਪਰਤ ਆਇਆ ਹਾਂ
ਜੰਗਲ ਅਜੇ ਤਕ ਚੁੱਪ ਹੈ
ਉਦਾਸ ਹੈ ਉਜਾੜ ਹੈ
ਸਾਰੇ ਦਾ ਸਾਰਾ ਸੁੱਕ ਗਿਆ ਹੈ
ਆਪਣੇ ਆਪ 'ਚ ਮੁੱਕ ਗਿਆ ਹੈ

−0−

ਇਕ ਬੁੱਢੇ ਰੁੱਖ ਨੇ
ਮੈਨੂੰ ਬੁਲਾਇਆ ਤੇ ਬੋਲਿਆ
ਮੈਂ ਤੈਨੂੰ ਜਾਣਦਾ ਹਾਂ
ਪਹਿਚਾਣਦਾ ਹਾਂ
ਹੁਣ ਮੇਰੇ ਜੰਗਲ 'ਚੋਂ
ਤੂੰ ਕੀ ਭਾਲਦਾ ਹੈਂ
ਇਸ ਕੋਲ ਤੇਰੇ ਲਈ
ਹੁਣ ਕੁੱਝ ਨਹੀਂ ਰਿਹਾ
ਤੂੰ
ਇਸ ਜੰਗਲ ਦੇ ਦਿਲ 'ਚੋਂ
ਸ਼ਹਿਰ ਉਗਾਇਆ ਸੀ
ਇਸ ਨੂੰ ਉਜਾੜ ਕੇ
ਸ਼ਹਿਰ ਵਸਾਇਆ ਸੀ

−0−

ਇਕ ਗਲ ਮੇਰੀ ਯਾਦ ਰੱਖੀਂ ਸਦਾ
ਤੂੰ ਸ਼ਹਿਰ ਕੁਦਰਤੀ ਤੇ
ਨਕਲੀ ਵਸਾ ਸਕਦਾ ਹੈ
ਦਾਮਨੀ ਦੇ ਲੋਕ ਸਿਰਜ ਸਕਦਾ ਹੈ
ਪਰ ਉਜੜੇ ਦਿਲ ਦੀ ਨਗਰੀ
ਵਸਾ ਨਹੀਂ ਸਕਦਾ
ਬਿਜਲੀ ਦਾ ਦਿਲ ਬਣਾ ਸਕਦਾ ਹੈਂ
ਪਰ ਦਿਲ ਜਿਹਾ ਦਿਲ ਨਹੀਂ ਬਣਾ ਸਕਦਾ
ਰੁੱਖਾ ਜਿਹਾ ਜੰਗਲ ਉੱਗਾ ਨਹੀਂ ਸਕਦਾ

−0−

## ਮ੍ਰਿਗ ਤ੍ਰਿਸ਼ਨਾ

ਜੇ ਮੇਰੇ ਵੱਸ ਹੋਵੇ
ਮੈਂ ਖਿੰਡਿਆ ਫਿਰਾਂ
ਮਹਿਕਾਂ ਫੁੱਲਾਂ ਰੰਗਾਂ ਕਲੀਆਂ
ਦੀ ਤਰ੍ਹਾਂ
ਵਜਦ 'ਚ ਰਹਾਂ ਰੂਹ ਦੀ ਤਰ੍ਹਾਂ
ਕੋਇਲ ਦੇ ਕੰਠ 'ਚ ਜੀਵਾਂ
ਪੰਛੀਆਂ ਦੀ ਪ੍ਰਵਾਜ਼ ਹੰਢਾਵਾਂ
ਬੂਰ ਬਣ ਕੇ ਰੁੱਖਾਂ ਨੂੰ ਪੈ ਜਾਵਾਂ

−0−

ਪੌਣਾਂ ਦੇ ਸੰਗ ਖੇਡਾਂ
ਮੌਸਮਾਂ ਨੂੰ ਗਲ਼ ਨਾਲ ਲਾਵਾਂ
ਮੈਂ ਰਾਗ ਰੰਗ ਰਾਗਨੀਆਂ ਦੀ
ਰੂਹ 'ਚ ਉਤਰ ਜਾਵਾਂ
ਉਤਾਰ ਕੇ ਦੇਹ ਤੋਂ ਪਿੰਡਾ
ਆਪਣੇ ਸੱਚ ਨਾਲ ਉੱਡ ਜਾਵਾਂ
ਜੇ ਵੱਸ ਹੋਵੇ ਮੇਰੇ
ਮੈਂ ਨਾ ਕਦੀ ਪਰਤ ਕੇ ਆਵਾਂ

−0−

ਬਣ ਕੇ ਪੰਛੀ
ਅੰਬਰਾਂ 'ਚ ਤਾਰੀਆਂ ਲਾਵਾਂ
ਮੋਰ ਦਾ ਨਾਚ ਹੋ ਜਾਵਾਂ
ਜੰਗਲ ਦੀ ਛਾਂ ਹੋ ਜਾਵਾਂ
ਬਣਕੇ ਬੁੱਲ੍ਹਾ ਹਵਾ ਦਾ
ਸਮੁੰਦਰ 'ਤੇ ਤਰਦਾ ਰਹਾਂ
ਮੈਂ
ਪ੍ਰਕ੍ਰਿਤੀ ਦੀ ਹਰਿਆਵਲ
ਹੋ ਜਾਵਾਂ
ਜੇ ਮੇਰੇ ਵਸ 'ਚ ਹੋਵੇ
ਚੁੱਪ ਦਾ ਸ਼ੋਰ ਬਣ ਜਾਵਾਂ

ਰੁੱਤਾਂ ਬਹਾਰਾਂ ਮੌਸਮਾਂ ਦਾ
ਬੋਲ ਹੋ ਜਾਵਾਂ

–0–

ਪਰ ਜੋ ਵਸੋਂ ਬਾਹਰ ਹੈ
ਉਹ ਮੇਰੇ ਬਿੰਦੂ ਦਾ ਅਕਾਰ ਹੈ
ਉਸ ਤੋਂ ਵੱਧ ਨਹੀਂ ਕੁੱਝ ਹੋਰ
ਉਹ ਆਜ਼ਾਦ ਮੌਸਮਾਂ ਦੀ ਬਹਾਰ ਹੈ
ਜਿਸ ਸਕਦਾ
ਸਾਗਰ ਥਲ ਜਿਉਂਦੇ ਹਨ
ਜਲ ਪਿਆਸੇ ਹਨ
ਹਾਸੇ ਜਖ਼ਮਾਂ ਦੀ ਪੀੜ
ਹੰਢਾਉਂਦੇ ਹਨ
ਅਗਨ ਰੁੱਖਾਂ 'ਤੇ
ਹਰਿਆਉਲੀ ਪਰਿੰਦੇ ਬਹਿੰਦੇ ਹਨ

–0–

ਸਾਗਰ ਆਪਣੇ ਸੀਨੇ 'ਚ
ਲਾਵਾਂ ਹੰਢਾਉਂਦੇ ਹਨ
ਬੱਦਲ ਪੱਥਰਾਂ 'ਤੇ ਵਰ੍ਹਦੇ ਹਨ
ਦੇਹ ਦੇ ਚੁੱਲ੍ਹੇ 'ਚ
ਮਨੁੱਖ ਦੇ ਆਪਣੇ ਹੀ ਹੱਡ
ਬਲ਼ਦੇ ਹਨ
ਇਹ ਸਭ ਕੁੱਝ ਵਸੋਂ ਬਾਹਰ ਹੈ
ਮੇਰੇ ਵਸ ਦੇ ਬਿੰਦੂ ਦਾ ਅਕਾਰ ਹੈ
ਰੁੱਖ ਟੁਰ ਨਹੀਂ ਸਕਦੇ
ਪਹਾੜ ਖੜੋਤ ਦੇ ਮਾਰੇ ਹਨ
ਪੱਥਰ ਗਤੀਹੀਣ ਹਨ
ਮੰਜ਼ਿਲਾਂ ਟੁਰ ਨਹੀਂ ਸਕਦੀਆਂ
ਰਾਹਾਂ ਦੇ ਸਹਾਰੇ ਹਨ

–0–

ਕੌਣ ਕੋਰਿਆਂ 'ਚ ਸਾਰੀ ਰਾਤ

ਭਿੱਜਦਾ ਹੈ
ਰੁੱਖ ਜੰਗਲ ਪ੍ਰਕਿਰਤੀ
ਸਭ ਇਸ ਜੂਨ ਦੇ ਮਾਰੇ ਹਨ
ਧਰਤੀ ਆਪਣੇ ਬਾਬਲ
ਅਸਮਾਨ ਨੂੰ
ਮਿਲਣ ਲਈ ਤੜਪਦੀ ਹੈ
ਅੱਥਰੂ ਬਾਬਲ ਅੰਬਰ ਦੇ
ਤਾਰੇ ਹਨ
ਜਨਮ ਤੋਂ ਮਰਨ ਤਕ
ਵਿਛੜੇ ਰਹਿੰਦੇ ਹਨ
ਜੋ ਨਦੀਆਂ ਦਰਿਆਵਾਂ
ਸਾਗਰਾਂ ਦੇ ਕਿਨਾਰੇ ਹਨ
ਪਰ ਇਹ ਵਸ ਨਹੀਂ
ਵਸੋਂ ਬਾਹਰ ਹੈ
ਜੋ ਮੇਰੇ ਵਸ ਦੇ ਬਿੰਦੂ ਦਾ
ਅਕਾਰ ਹੈ

-0-

ਮੇਰੇ ਵਸ ਹੋਵੇ
ਮੈਂ ਅੰਬਰ ਦੀ ਪੰਡ ਬੰਨ੍ਹ ਲਵਾਂ
ਧਰਤੀ ਮੁੱਠ 'ਚ ਫੜ ਲਵਾਂ
ਚੰਨ ਤਾਰੇ ਸੂਰਜ ਬ੍ਰਹਿਮੰਡ
ਸਾਰੇ ਨੈਣਾਂ 'ਚ ਪਾਅ ਲਵਾਂ
ਆਪਣੇ ਦਿਲ ਦੀ
ਦੁਨੀਆਂ ਵਸਾ ਲਵਾਂ
ਜਿਹਦਾ ਸਿਰਜਕ ਵੀ ਮੈਂ ਹੋਵਾਂ
ਕਰਤਾ ਵੀ ਮੈਂ ਹੋਵਾਂ
ਮੇਰੀ ਜ਼ੁਬਾਨ ਹੋਵੇ
ਮੇਰਾ ਨਿਗਾਹ ਹੋਵੇ
ਮੇਰਾ ਆਪਣਾ ਚਿਹਰਾ ਹੀ
ਅਥਾਹ ਹੋਵੇ

ਮੈਂ ਆਪਣੇ ਆਪ 'ਚ ਸੁੰਘੜਾ
ਮੈਂ ਆਪਣੇ ਬੀਜ 'ਚੋਂ
ਆਪਣਾ ਹੀ ਰੁੱਖ ਹੋ ਪੁੰਗਰਾਂ
ਮੇਰੇ ਅੰਦਰ ਬਾਹਰ
ਸੁਤੰਤਰਤਾ ਹੋਵੇ
ਮੇਰੀ ਸੁਤੰਤਰਤਾ 'ਚ ਹੀ
ਬ੍ਰਹਿਮੰਡਕ ਗਣਤੰਤਰ ਹੋਵੇ

–0–

ਕਿਉਂ ਨਾ
ਵਸੋਂ ਬਾਹਰ ਦਾ ਸੱਚ
ਆਪਣੇ 'ਚ ਉਤਾਰ ਲਾਂ
ਵਸੋ ਬਾਹਰ ਦਾ ਸੱਚ
ਆਪਣੇ ਬਿੰਦੂ 'ਚ ਢਾਲ਼ ਲਾਂ

–0–

ਵਸੋਂ ਬਾਹਰ ਦਾ ਸੱਚ
ਮੈਂ ਆਪਣੀ ਦੇਹ 'ਚ ਉਤਾਰਿਆ
ਬੈਠਾ ਤੇ ਵਿਚਾਰਿਆ
ਮਸਤਕ ਦੀ ਦੀਵਾ ਬਾਲਿਆ
ਤੀਸਰੀ ਅੱਖ ਖੁਲ੍ਹੀ ਤੇ ਜਾਣਿਆਂ
ਮੇਰੇ ਤੇ ਵਸ 'ਚ ਕੁੱਝ ਵੀ ਨਹੀਂ
ਮੇਰਾ ਤਾਂ
ਆਪਣਾ ਆਪ ਵੀ ਵਸੋਂ ਬਾਹਰ ਹੈ
ਮੇਰੇ ਤਾਂ ਸਾਹ ਵੀ ਆਪਣੇ ਨਹੀਂ
ਮੇਰੇ ਤਾਂ ਵੱਸ 'ਚ
ਪੈਰ ਪੁੱਟਣ ਤਕ ਵੀ ਨਹੀਂ
ਮੇਰਾ ਆਵਣਾ ਲਹੂ
ਮੇਰੇ ਦਿਲ ਦੀ ਧੜਕਣ
ਮੇਰੇ ਵਸ 'ਚ ਨਹੀਂ

–0–

ਇਹ ਜੋ ਕੁੱਝ ਵਸੋਂ ਬਾਹਰ ਹੈ

ਵਸ ਵਿਚ ਵੀ
ਵਸੋਂ ਬਾਹਰਲੇ ਸੱਚ ਦਾ
ਪਸਾਰ ਹੈ
ਮੈਂ ਸਿਰਜਕ ਨਹੀਂ
ਸਿਰਜਣਾ ਹਾਂ
ਸਿਰਜਣਾ ਦਾ ਬੁੱਤ ਹਾਂ
ਬੁੱਤ ਤਰਾਸ਼ ਨਹੀਂ
ਸਿਰਜਣਾ ’ਚ
ਬੁੱਤ ਤਰਾਸ਼ ਦੀ ਚੇਤਨਾ ਤਾਂ ਹੈ
ਪਰ ਚੇਤਨਾ ਦਾ ਸੱਚ ਨਹੀਂ

–0–

ਮੇਰੀ ਧੁੰਨੀ ’ਚ
ਨਾ ਕਸਤੂਰੀ ਮੇਰੀ ਹੈ
ਨਾ ਆਪਣੇ ਆਪ ’ਚ ਰਹਿਣਾ
ਹੀ ਵਸ ਹੈ ਮੇਰੇ
ਨਾ ਆਪਣੇ ਆਪ ਤੋਂ ਦੂਰ
ਹੀ ਵਸ ਹੈ ਮੇਰੇ
ਮੇਰਾ ਸੱਚ ਮੇਰਾ ਕੂੜ
ਮੇਰਾ ਪੁੰਨ ਮੇਰਾ ਪਾਪ
ਮੇਰੀ ਦੇਹ ਦੀ ਕਾਰਜ ਪ੍ਰਣਾਲੀ
ਮੇਰਾ ਬੈਠਣਾ ਉੱਠਣਾ
ਮੇਰਾ ਜਾਗਣਾ ਸੌਣਾ
ਸਭ ਕੁੱਝ ਹੀ ਵਸੋਂ ਬਾਹਰ ਹੈ

–0–

ਮੇਰਾ ਕਲਬੂਤ ਵੀ ਮੇਰਾ ਨਹੀਂ
ਮੇਰੀ ਰੂਹ ਵੀ ਮੇਰੀ ਨਹੀਂ
ਮੈਂ ਖਾਲੀ ਹੱਥ ਆਇਆ ਹਾਂ
ਮੈਂ ਖਾਲੀ ਹੱਥ ਜਾਣਾ ਹੈ
ਵਸੋਂ ਬਾਹਰ ਮੇਰਾ ਸਫ਼ਰ ਹੈ
ਵਸੋਂ ਬਾਹਰ ਮੇਰਾ ਠਿਕਾਣਾ ਹੈ

ਭਾਣਾ ਮੰਨਣਾ ਹੀ ਮੇਰੇ ਵਸ 'ਚ ਹੈ
ਵਸੋਂ ਬਾਹਰ ਮੇਰਾ ਭਾਣਾ ਹੈ

—0—

## ਅਜੀਬ ਸ਼ਖ਼ਸ਼

ਉਹ ਵੇਦਾਂ
ਸ਼ਾਸਤਰਾਂ ਦਾ ਧਨੀ ਹੈ
ਗਿਆਤਾ ਹੈ
ਉਪਨਿਸ਼ਦਾਂ ਦਾ ਬੋਲ ਹੈ
ਗੀਤਾ ਰਮਾਇਣ ਗ੍ਰੰਥ
ਕੁਰਾਨ ਦੀ ਜੀਭ ਹੈ
ਪਰ ਚੁੱਪ ਹੈ
ਕਿਉਂ ਬੋਲਦਾ ਨਹੀਂ
ਉਹ ਸ਼ਖ਼ਸ ਅਜੀਬ ਹੈ

−0−

ਉਹ ਚੁੱਪ ਹੀ ਸੁਣਦਾ
ਚੁੱਪ ਹੀ ਬੋਲਦਾ
ਚੁੱਪ ਹੀ ਵੇਖਦਾ
ਚੁੱਪ ਹੀ ਜਿਉਂਦਾ ਹੈ
ਉਹ ਜਦ ਵੀ ਕਹਿੰਦਾ ਹੈ
ਚੁੱਪ ਹੀ ਕਹਿੰਦਾ ਹੈ

−0−

ਪਲਾਸਟਕ ਦਾ ਫੁੱਲ ਹੈ
ਤਿੱਤਲੀ ਹੈ
ਤਿੱਤਲੀ ਦੇ ਪਰਾਂ ਦੀ ਆਹਟ ਹੈ
ਭੰਵਰੇ ਦਾ ਗੀਤ ਹੈ
ਲੱਕੜ ਦੀ ਕੋਇਲ ਹੈ
ਪਲਾਸਟਕ ਦਾ ਬਾਗ ਹੈ
ਮੋਰ ਦਾ ਨਾਚ ਹੈ
ਪੰਛੀਆਂ ਦਾ ਚੀਕ ਚਿਹਾੜਾ ਹੈ
ਬਿਜਲੀ ਦੀ ਬੰਸਰੀ ’ਚੋਂ
ਸੁਣਦਾ ਹੈ
ਸਟੂਡਿਓ ’ਚ ਨਕਲੀ ਪੌਣ
ਵਗਦੀ ਹੈ

ਨਕਲੀ ਬੱਦਲ ਗਰਜਦੇ ਹਨ
ਪੌਣਾਂ ਤੇ ਬੱਦਲਾਂ ਦੀ ਆਵਾਜ਼
ਸਿਤਾਰ ਤੇ ਹੋਰ ਸਾਜ਼ਾਂ 'ਚੋਂ
ਨਿਕਲਦੀ ਹੈ

–0–

ਪ੍ਰਕ੍ਰਿਤੀ ਦਾ ਨਾਚ ਹੈ
ਰੁੱਖਾਂ ਤੇ ਪੱਤਿਆਂ ਦੇ ਗੀਤ ਹਨ
ਕੱਠਪੁਤਲੀਆਂ ਦੀ ਅਦਾਕਾਰੀ ਹੈ
ਤਿੱਤਲੀ ਫੁੱਲ ਕੋਇਲ ਭੰਵਰਾ
ਪੌਣ ਬੱਦਲ ਰੁੱਖ ਪੱਤੇ
ਅੱਖ ਵੇਖਦੀ ਹੈ
ਕੰਨ ਸੁਣਦੇ ਹਨ ਸਭ ਨਕਲੀ ਹੈ
ਕੰਨਾਂ 'ਚ ਸ਼ੋਰ ਪਸਰਿਆ ਹੈ
ਦ੍ਰਿਸ਼ਟੀ 'ਚ ਬਨਾਵਟ ਪਸਰੀ ਹੈ
ਰਾਗ ਰੰਗ ਨਿਰਤ ਕੁਦਰਤ ਦਾ ਨਾਚ
ਅੰਬਰ ਦੀ ਗੂੰਜ ਸਭ ਨਕਲੀ ਹੈ
ਅਸਲੀ ਨਹੀਂ ਨਕਲੀ ਹੈ
ਸਭ ਝੂਠ ਹੈ ਸੱਚ ਨਹੀਂ

–0–

ਨਕਲੀ ਸਾਗਰ ਦੀਆਂ
ਨਕਲੀ ਛੱਲਾਂ ਹਨ
ਨਕਲੀ ਚਸ਼ਮਿਆਂ ਦੀ ਸੁਰ ਹੈ
ਅਲਾਪ ਹੈ
ਜੋ ਸੰਗੀਤਕਾਰ ਦੀਆਂ ਉਂਗਲਾ
ਸਾਜ਼ ਦੀਆਂ ਤਾਰਾਂ 'ਚ
ਆਬਾਦ ਹੈ

–0–

ਮੌਸਮ ਬਹਾਰਾਂ ਰੁੱਤਾਂ
ਸਭ ਪਲਾਸਟਕ ਦਾ ਪਹਿਰਣ ਹਨ
ਜੋ ਦ੍ਰਿਸ਼ਟੀ ਦੇ ਰੰਗ ਮੰਚ 'ਤੇ

ਵਿਚਰ ਰਹੀਆਂ ਹਨ
ਕੰਨਾਂ 'ਚ
ਸ਼ੋਰ ਬਣ ਗੂੰਜ ਰਹੀਆਂ ਹਨ
ਅਕਾਸ਼ ਨਕਲੀ ਹੈ
ਅਕਾਸ਼ 'ਚ ਉੱਡਦੇ ਪੰਛੀ
ਨਕਲੀ ਹਨ
ਅਕਾਸ਼ ਦੀ ਉਚਾਈ
ਕੈਮਰੇ ਦੀ ਅੱਖ 'ਚ ਸੀਮਤ ਹੈ

−0−

ਜੰਗਲ 'ਚ
ਪਲਾਸਟਕ ਦਾ ਚਕੋਰ ਹੈ
ਨੱਚ ਰਿਹਾ
ਨਾਚ ਦੀ ਅਵਾਜ਼
ਡਰਮ ਦੀ ਧੁੰਨ 'ਚੋਂ
ਨਿਕਲ ਰਹੀ ਹੈ
ਇਹ ਦ੍ਰਿਸ਼ਟੀ ਤੇ ਕੰਨਾਂ 'ਚ
ਘੁਲਿਆ ਬਨਾਵਟੀਪਣ ਹੈ
ਇਹ ਬਨਾਵਟੀਪਣ
ਇਹ ਸ਼ੋਰ
ਮਨੁੱਖ ਨੇ ਉੱਗਾਇਆ ਹੈ
ਕੁਦਰਤ ਦਾ ਸੱਚ ਜ਼ਿੰਦਗੀ 'ਚੋਂ
ਮਿਟਾਇਆ ਹੈ

−0−

ਨਕਲੀ ਪ੍ਰਕਿਰਤੀ
ਮਨੁੱਖ ਦੀਆਂ ਨਜ਼ਰਾਂ 'ਚ
ਵਿਛਾਈ ਹੈ
ਕੰਨਾਂ 'ਚ ਸ਼ੋਰ ਦੀ ਦੁਨੀਆਂ
ਉਤਾਰੀ ਹੈ
ਇਹ ਸਭ ਕੁੱਝ
ਉਸ ਦੀ ਚੁੱਪ ਦੇ ਕਾਰਨ 'ਚ

ਸਮਾਇਆ ਹੈ
ਚੁੱਪ ਉਸ 'ਚ ਉਤਰ ਗਈ ਹੈ
ਜਾਂ ਉਹ ਚੁੱਪ 'ਚ ਉਤਰ ਗਿਆ ਹੈ
ਇਹ ਬੰਦਾ
ਜੋ ਪੈਂਤੀ ਅੱਖਰੀ ਦੀ ਜੀਭ ਹੈ
ਬੋਲਦਾ ਕਿਉਂ ਨਹੀਂ
ਬੜਾ ਅਜੀਬ ਹੈ

−0−

ਹਵਾ ਦਾ ਸ਼ੋਰ ਹੈ
ਚਿੱਟੇ ਕਾਲ਼ੇ ਦਾ ਸ਼ੋਰ ਹੈ
ਮੰਦਿਰਾਂ ਮਸੀਤਾਂ
ਗਿਰਜਾਘਰਾਂ ਦਾ ਸ਼ੋਰ ਹੈ
ਪਿੰਡਾਂ ਦਾ ਸ਼ਹਿਰਾਂ ਦਾ
ਦੁਨੀਆਂ ਦਾ ਸ਼ੋਰ ਹੈ
ਧਰਤੀਆਂ ਅੰਬਰਾਂ ਦਾ ਸ਼ੋਰ ਹੈ

−0−

ਮਨੁੱਖਤਾ ਦਾ ਚੀਕ ਚਿਹਾੜਾ ਹੈ
ਅਲਾਪਾਂ ਸੁਰਾਂ ਦਾ ਸ਼ੋਰ ਹੈ
ਸ਼ੋਰ ਹੀ ਸ਼ੋਰ ਹੈ
ਬਨਾਵਟ ਦਾ ਦੁਆਲਾ ਹੈ
ਸ਼ੋਰ ਨੂੰ ਸ਼ੋਰ ਦਾ ਸਹਾਰਾ ਹੈ
ਜਨਮ ਦਾ ਬਚਪਨ ਦਾ
ਜਵਾਨੀ ਬੁੱਢਾਪੇ ਦਾ ਸ਼ੋਰ ਹੈ
ਗੈਰ ਦਾ
ਆਪਣੇ ਆਪ ਦਾ ਮੌਤ ਦਾ ਸ਼ੋਰ ਹੈ

−0−

ਸ਼ੋਰ ਹੀ ਆਦਮੀ ਨੇ
ਜੀਵਿਆ ਤੇ ਹੰਢਾਇਆ ਹੈ
ਸਕੂਨ ਖੋਹਿਆ ਹੈ ਸ਼ੋਰ ਪਾਇਆ ਹੈ
ਸਰਹੱਦਾਂ ਦਾ ਸ਼ੋਰ ਹੈ

ਮੁਲਕਾਂ ਦਾ ਸ਼ੋਰ ਹੈ
ਜਾਤਾਂ ਪਾਤਾਂ ਨਸਲਾਂ ਦਾ ਸ਼ੋਰ ਹੈ
ਇਸ ਸ਼ੋਰ 'ਚ ਦਿਸ਼ਾ ਵਿਹੂਣਾ
ਹੋ ਗਿਆ ਹੈ ਆਦਮੀ
ਸ਼ੋਰ ਦੇ ਨਾਲ ਭਰ ਗਿਆ ਹੈ
ਆਪ ਊਣਾ ਹੋ ਗਿਆ ਹੈ ਆਦਮੀ

−0−

ਅੰਬਰ ਦਾ ਤਾਰਾ
ਧਰਤੀ ਦਾ ਜ਼ਰਾ ਜ਼ਰਾ ਸ਼ੋਰ ਹੈ
ਸਾਗਰ ਬੂੰਦਾ ਦੇ ਸ਼ੋਰ ਨਾਲ
ਭਰਿਆ ਹੈ
ਜੰਗਲ
ਹਨੇਰਿਆਂ ਤੂਫਾਨਾਂ ਝੱਖੜਾਂ ਦੇ
ਸ਼ੋਰ ਨਾਲ ਭਰਿਆ ਹੈ
ਕਿਨਾਰੇ ਛੱਲਾਂ ਦੇ ਸ਼ੋਰ ਦੇ ਮਾਰੇ ਹਨ
ਮੰਜ਼ਿਲਾਂ ਦ੍ਰਿਸ਼ਟੀ ਦੇ ਸ਼ੋਰ 'ਚ ਗੁਆਚੀਆਂ ਹਨ
ਅਕਾਸ਼ ਗ੍ਰਹਿਾਂ
ਉਪਗ੍ਰਹਿਾਂ ਦੇ ਸ਼ੋਰ 'ਚ ਗੁੰਮਿਆ ਹੈ
ਧਰਤੀ ਦਾ ਪਿੰਡਾ
ਸਰਿਸ਼ਟੀ ਦੇ ਸ਼ੋਰ 'ਚ
ਗੁੱਝਿਆ ਹੈ।

−0−

ਉਹ ਆਦਮੀ ਚੁੱਪ ਹੈ
ਬੋਲ ਕੇ ਸ਼ੋਰ 'ਚ ਵਾਧਾ
ਕਰਨਾ ਨਹੀਂ ਚਾਹੁੰਦਾ
ਬੇਮਾਇਨਾ ਬੇਦਿਸ਼ਾਵੀ ਸ਼ੋਰ
ਮਨੁੱਖਤਾ ਦੇ ਪਿੰਡੇ 'ਚ
ਧਰਨਾ ਨਹੀਂ ਚਾਹੁੰਦਾ

−0−

ਉਹ ਚੁੱਪ ਹੈ

ਸ਼ੋਰ 'ਚੋਂ ਸੁਰ ਦੀ ਉਡੀਕ 'ਚ
ਹਲਚਲ 'ਚੋਂ
ਸਥਿਰਤਾ ਦੀ ਭਾਲ 'ਚ
ਸਾਗਰ 'ਚ
ਸ਼ਾਂਤੀ ਦੀ ਉਮੀਦ 'ਚ
ਮਨੁੱਖ ਤੇ ਮਨੁੱਖਤਾ ਦੇ ਸੱਚ
ਦੀ ਉਡੀਕ 'ਚ
ਪੌਣਾਂ 'ਚ ਹਨੇਰੀਆਂ ਝੱਖੜਾਂ
ਤੂਫਾਨਾਂ ਦਾ ਕਾਇਲ ਨਹੀਂ
ਪੌਣ 'ਚ ਪੌਣ ਦੇ ਸੰਤੁਲਨ ਵੇਗ ਦੀ
ਤਮੰਨਾ 'ਚ ਹੈ
ਦਰਿਆਵਾਂ ਨਦੀਆਂ 'ਚ
ਹੜਾਂ ਦੀ ਨਹੀਂ
ਕੁਦਰਤੀ ਵੇਗ ਦੀ ਚਿੰਤਾ 'ਚ ਹੈ

–0–

ਉਸ ਦੀ ਚੁੱਪ 'ਚ
ਸੱਚ ਸੁੰਦਰਤਾ ਤੇ ਕਲਿਆਣ ਹੈ
ਉਸ ਦੀ ਚੁੱਪ
ਸੱਚ ਦੀ ਜ਼ੁਬਾਨ ਹੈ
ਸੱਚ ਦੀ ਸਿਰਜਣਾ
ਸੱਚ ਦਾ ਵਿਸਥਾਰ ਹੈ
ਉਸ ਦੀ ਚੁੱਪ
ਸ਼ੋਰ ਦਾ ਦਰਿਆ ਨਹੀਂ
ਸੁਰ ਤੇ ਰਸਨਾ ਦੀ ਨਦੀ ਵੱਗਦੀ ਹੈ
ਉਸ ਦੀ ਚੁੱਪ ਸ਼ੋਰ ਦੀ ਕੁੱਖ ਨਹੀਂ
ਸਹਿਣਸ਼ੀਲਤਾ ਦਇਆ ਤੇ
ਸਬਰ ਸੰਤੋਖ ਦੀ ਸਿਰਜਣਾ ਹੈ

–0–

ਦੁਨੀਆਂ ਦਾ ਸਾਰਾ ਸ਼ੋਰ
ਉਹ ਆਪਣੀ ਚੁੱਪ 'ਚ ਸਮਾਈ

ਬੈਠਾ ਹੈ
ਸੁਰ ਹੁਲਾਸ ਤੇ ਰਸਨਾ ਦੇ ਦੀਵੇ
ਜਗਾਈ ਬੈਠਾ ਹੈ
ਸ਼ੋਰ 'ਚੋਂ
ਜੋ ਉਪਰਾਮਤਾ ਅਸ਼ਾਂਤੀ ਜਨਮੀ ਹੈ
ਉਹ ਆਪਣੀ ਚੁੱਪ 'ਚ
ਦਬਾਈ ਬੈਠਾ ਹੈ।
ਉਹ ਬ੍ਰਹਿਮੰਡਾਂ 'ਚੋਂ
ਦਿਸ਼ਾਹੀਣਤਾਂ ਤੇ ਬੇਲੋੜਾਪਣ
ਮਿਟਾਉਣਾ ਚਾਹੁੰਦਾ ਹੈ
ਸ਼ੋਰ 'ਚੋਂ ਸੁਰ ਜਗਾਉਂਦਾ
ਚਾਹੁੰਦਾ ਹੈ
ਪਰ ਚੁੱਪ ਹੈ
ਬੋਲ ਕੇ ਸ਼ੋਰ 'ਚ ਹੋਰ ਸ਼ੋਰ
ਘੋਲਣਾ ਨਹੀਂ ਚਾਹੁੰਦਾ
ਸ਼ੋਰ ਕਰਕੇ ਚੁੱਪ ਹੈ
ਸ਼ੋਰ ਦੀ ਦੁਨੀਆਂ 'ਚੋ
ਚੁੱਪ ਦਾ ਮੂੰਹ ਖੋਲ੍ਹਣਾ ਨਹੀਂ
ਚਾਹੁੰਦਾ

−0−

ਉਹ ਵੇਦਾਂ ਸ਼ਾਸਤਰਾਂ ਦਾ ਧਨੀ ਹੈ
ਗਿਆਤਾ ਹੈ
ਉਪਨਿਸ਼ਦਾਂ ਦਾ ਬੋਲ ਹੈ
ਗੀਤਾ ਰਮਾਇਣ ਗ੍ਰੰਥ
ਕੁਰਾਨ ਦੀ ਜੀਭ ਹੈ
ਪਰ ਚੁੱਪ ਹੈ ਬੋਲਦਾ ਕਿਉਂ ਨਹੀਂ
ਉਹ ਸਖਸ਼ ਬੜਾ ਅਜੀਬ ਹੈ।

−0−

## ਸਿੱਧ ਪੁੱਠ

ਆਪਣੀ ਤਨਹਾਈ ਨੂੰ ਢੂੰਡਦੇ
ਢੂੰਡਦੇ
ਸ਼ਹਿਰ 'ਚ ਜੰਗਲ ਉੱਗਾ ਲਿਆ
ਆਪਣੀ ਰੌਣਕ ਭਾਲਦੇ ਭਾਲਦੇ
ਜੰਗਲ 'ਚ
ਸ਼ਹਿਰ ਉਸਾਰ ਲਿਆ

-0-

ਤੇਰੇ ਦੋ ਬੋਲ ਸੁਣਨ ਲਈ
ਆਪਣੇ ਦੋ ਬੋਲ ਕਹਿਣ ਲਈ
ਸਹਿਰਾ 'ਚ ਸਾਗਰ ਉੱਗਾ ਲਿਆ
ਸਾਗਰ 'ਚ ਸਹਿਰਾ ਵਸਾ ਲਿਆ
ਤੇਰੇ ਤੇ ਆਪਣੇ ਬੋਲਾਂ ਵਿਚਲਾ
ਫਾਸਲਾ ਮਿਟਾ ਲਿਆ
ਇਕ ਕੰਠ  ਹੋ ਗਏ
ਇਕ ਬੋਲ ਹੋ ਗਏ
ਅਰਥਾਂ ਦੀ ਰੂਹ ਕੋਲ ਹੋ ਗਏ।

-0-

ਮੈਂ ਆਪਣੀ ਤਨਹਾਈ ਲੈ
ਸ਼ਹਿਰ ਤੋਂ ਜੰਗਲ ਵਲ ਤੁਰਿਆ
ਤੂੰ ਆਪਣੀ ਰੌਣਕ ਲੈ ਜੰਗਲ ਤੋਂ
ਸ਼ੀਸ਼ੇ ਦੇ ਨਗਰ ਵਲ ਟੁਰੀ
ਮੈਂ ਤਨਹਾਈ 'ਚੋਂ ਰੌਣਕ ਢੂੰਡਦਾ
ਤੇਰੀ ਦੇਹੀ 'ਚ ਉਤਰ ਗਿਆ
ਤੂੰ ਰੌਣਕ 'ਚੋਂ
ਤਨਹਾਈ ਭਾਲਦੀ
ਮੇਰੇ ਲਹੂ 'ਚ ਉੱਤਰ ਗਈ

-0-

ਮੇਰੇ ਚਿਹਰੇ 'ਤੇ ਰੌਣਕ ਉੱਗ
ਆਈ

ਤੇਰੇ ਚਿਹਰੇ 'ਤੇ
ਤਨਹਾਈ ਪਸਰ ਗਈ
ਆਪਣੀ ਜੁਦਾਈ 'ਚੋਂ ਮੇਲ
ਜਨਮਿਆਂ
ਆਪਣੇ ਮੇਲ 'ਚੋਂ
ਜੁਦਾਈ ਪੁੰਗਰ ਪਈ

-0-

ਜੇ ਜੁਦਾਈ ਨਾ ਹੁੰਦੀ
ਤਾਂ ਮੇਲ ਦਾ ਅਹਿਸਾਸ ਨਾ ਹੁੰਦਾ
ਉਜਾੜ ਨਾ ਹੁੰਦੀ
ਤਾਂ ਆਬਾਦੀ ਕੀ ਹੁੰਦੀ
ਪੁੱਠੇ ਪੈਰੀਂ ਟੁਰਿਆ
ਜੇ ਸਫ਼ਰ ਨਾ ਵੱਧਦਾ
ਤਾਂ ਸਿੱਧੇ ਪੈਰੀਂ ਟੁਰਿਆ
ਘੱਟਦੇ ਸਫ਼ਰ ਦਾ
ਅਹਿਸਾਸ ਕੀ ਹੁੰਦਾ
ਜੇ ਤੇਰੀ ਮੇਰੀ ਵਿਪਰੀਤ
ਦਿਸ਼ਾ ਨਾ ਹੁੰਦੀ
ਤਾਂ ਆਪਣਾ ਸਾਥ ਕੀ ਹੁੰਦਾ

-0-

ਉੱਲਟ ਦਿਸ਼ਾਵਾਂ 'ਚੋਂ ਹੀ
ਸਿੱਧੀਆਂ ਦਿਸ਼ਾਵਾਂ ਦਾ ਜਨਮ
ਹੁੰਦਾ ਹੈ
ਜੰਗਲ  ਜਦ ਸਿੱਧੇ ਪੈਰੀਂ
ਟੁਰਦਾ ਹੈ
ਤਾਂ ਉਸ ਸ਼ੀਸ਼ੇ ਦਾ ਸ਼ਹਿਰ
ਜਨਮਦਾ ਹੈ
ਸ਼ਹਿਰ ਜਦ
ਪੁੱਠੇ ਪੈਰੀਂ ਤੁਰਦਾ ਹੈ
ਤਾਂ ਉਸ 'ਚੋਂ ਜੰਗਲ ਜਨਮਦਾ ਹੈ

ਸ਼ਹਿਰ 'ਚੋਂ ਜੰਗਲ ਉਪਜਣਾ
ਵਿਪਰੀਤ ਦਿਸ਼ਾਵਾਂ ਦਾ ਸਿੱਟਾ ਹੈ
ਤੂਫ਼ਾਨ ਝੱਖੜ ਹਨੇਰੀਆਂ
ਵਿਪਰੀਤ ਹਵਾਵਾਂ ਦਾ ਸਿੱਟਾ ਹੈ

–0–

ਤੇਰੀਆਂ ਮੇਰੀਆਂ
ਵਿਪਰੀਤ ਦਿਸ਼ਾਵਾਂ 'ਚ
ਸ਼ਹਿਰ ਵੀ ਹੈ ਜੰਗਲ ਵੀ ਹੈ
ਰੌਣਕ ਵੀ ਹੈ ਤਨਹਾਈ ਵੀ ਹੈ
ਧਰਤੀ ਵੀ ਹੈ ਮਹਿਕ ਵੀ ਹੈ
ਅੰਬਰ ਦੀ ਉਚਾਈ ਵੀ ਹੈ
ਸਹਿਰਾ ਦੀ ਤਪਸ਼ ਵੀ ਹੈ
ਸਾਗਰ ਦੀ ਠੰਡਿਆਈ ਵੀ ਹੈ
ਮਾਨਵਤਾ ਦਾ ਸੱਚ ਵੀ ਹੈ
ਮਨੁੱਖਤਾ ਦੀ ਸਚਾਈ ਵੀ ਹੈ
ਦੇਹ 'ਚ ਜੰਗਲ ਵੀ ਹੈ
ਸਿਰ 'ਚ ਸ਼ੀਸ਼ੇ ਦਾ ਅਕਸ ਵੀ ਹੈ

–0–

ਆਪਣੀਆਂ
ਅੱਖਾਂ ਤੇ ਲਾਈਆਂ
ਹਰੀਆਂ ਐਨਕਾਂ 'ਚੋਂ
ਜੇ ਸ਼ਹਿਰ ਤੱਕੇਂਗੀ
ਤਾਂ ਹਰਾ ਜੰਗਲ ਨਜ਼ਰ ਆਵੇਗਾ
ਲਾਲ ਐਨਕਾਂ ਨਾਲ ਜੰਗਲ
ਤੱਕੇਂਗੀ ਤਾਂ
ਸੜਦਾ ਸ਼ਹਿਰ ਨਜ਼ਰ
ਆਵਗਾ।

–0–

ਜੇ ਹਰੀਆਂ ਲਾਲ
ਐਨਕਾਂ ਉਤਾਰੇਗੀ

ਸ਼ਹਿਰ ਦਾ ਕੱਚ ਨਜ਼ਰ
ਆਵੇਗਾ
ਜੰਗਲ ਦਾ ਸੱਚ ਨਜ਼ਰ
ਆਵੇਗਾ
ਆਪਣੀਆਂ ਨਜ਼ਰਾਂ ਨਾਲ ਵੇਖ
ਉਧਾਰੀਆਂ ਨਜ਼ਰਾਂ ਨਾਲ ਨਾ ਵੇਖ
ਆਪਣੀਆਂ ਨਜ਼ਰਾਂ 'ਚ ਸੱਚ ਹੈ

–0–

ਬੀਜ ਦੀ ਦਿਸ਼ਾ ਤੋਂ
ਰੁੱਖ ਹਮੇਸ਼ਾ ਉਲਟ ਉੱਗਦਾ ਹੈ
ਨਦੀਆਂ ਦਰਿਆ ਝਰਨੇ
ਆਪਣੇ ਮੁੱਢ ਤੋਂ
ਆਪਣੀ ਜੜ੍ਹ ਤੋਂ ਉੱਲਟ
ਵਗਦੇ ਹਨ
ਬਨਸਪਤੀ
ਜੜ੍ਹ ਦੇ ਖਿਲਾਫ਼ ਉੱਗਦੀ ਹੈ

–0–

ਮਨੁੱਖ
ਆਪਣੇ ਪੈਰਾਂ ਦੇ ਉਲਟ
ਵਿਕਸਤ ਕਰਦਾ ਹੈ
ਅੱਗ ਦੀਆਂ ਲਪਟਾਂ ਜੜ੍ਹ ਤੋਂ
ਉੱਲਟ ਉੱਠਦੀਆਂ ਹਨ
ਸੂਰਜ ਦੀਆਂ ਕਿਰਨਾ
ਚੰਨ ਦੀਆਂ ਰਿਸ਼ਮਾਂ
ਸਭ ਉਲਟ ਦਿਸ਼ਾਵੀਂ ਹਨ
ਹਵਾ ਹਰ ਦਿਸ਼ਾ 'ਚ ਭੌਂਦੀ ਹੈ
ਚੰਨ ਸੂਰਜ ਤਾਰੇ ਅਕਾਸ਼ ਮੰਡਲ
ਆਪਣੀ ਆਪਣੀ ਪ੍ਰਕਰਮਾ
ਕਰਦੇ ਹਨ ਬਹਾਰਾਂ ਮੌਸਮ
ਪਤਝੜਾਂ

ਹਰ ਦਿਸ਼ਾ 'ਚ ਵਿਚਰਦੇ ਹਨ
ਬੱਦਲ ਹਰ ਦਿਸ਼ਾ 'ਚ ਟੁਰਦਾ ਹੈ
ਵਰ੍ਹਦਾ ਹੈ
ਸੁਬ੍ਹਾ ਹਰ ਦਿਸ਼ਾ 'ਚ ਹੁੰਦੀ ਹੈ
ਦਿਨ ਹਰ ਦਿਸ਼ਾ 'ਚ ਚੜ੍ਹਦਾ ਹੈ
ਰਾਤ ਹਰ ਦਿਸ਼ਾ 'ਚ ਪੈਂਦੀ ਹੈ

-0-

ਇਹ ਵਿਪਰੀਤ ਤੇ ਅਵਿਪਰੀਤ
ਦਿਸ਼ਾਵਾਂ ਹੀ
ਬ੍ਰਹਮੰਡ ਦਾ ਸੰਤੁਲਨ ਹਨ
ਬ੍ਰਹਿਮੰਡ ਦਾ ਸਹਿਜ ਹਨ
ਇਹ ਦੋ ਪੱਖੀ ਦਿਸ਼ਾਵਾਂ ਹੀ
ਬ੍ਰਹਿਮੰਡ ਦਾ ਵਜੂਦ ਹਨ
ਗਤੀ ਹਨ ਨਿਰੰਤਰਤਾ ਹਨ
ਜੀਵਨ ਦੀ ਇਕਸਾਰਤਾ ਹਨ
ਜੀਵਨ ਦੀ ਸਹੀ ਸੇਧ ਦੀ
ਉਸਾਰਤਾ ਹਨ

-0-

ਵਿਪਰੀਤ ਤੋਂ ਅਵਿਪਰੀਤ
ਦਿਸ਼ਾਵਾਂ ਦੀ
ਸਮਾਨ ਅੰਤਰ ਹੋਂਦ ਹੈ
ਸਮਾਨ ਅੰਤਰ ਕਾਰਜ
ਪ੍ਰਣਾਲੀ ਹੈ
ਸਿੱਧੀਆਂ ਤੇ ਉਲਟ ਦਿਸ਼ਾਵਾਂ
'ਚੋਂ ਹੀ
ਜੀਵਨ ਦੀ ਇਕਾਈ
ਤੇ ਇਕਸੁਰਤਾ ਜਨਮਦੀ ਹੈ
ਕਿਉਂਕਿ
ਦੋਹਾਂ ਦੀ ਜੜ੍ਹ ਇਕੋ ਹੈ
ਇਕ ਦੂਜੀ ਦੀ ਸ਼ਕਤੀ ਹਨ

ਹਸਤੀ ਹਨ
-0-
ਤੇਰੇ ਤੇ ਮੇਰੇ ਲਈ
ਵਿਪਰੀਤ ਦਿਸ਼ਾਵਾਂ
ਤੇਰਾ ਤੇ ਮੇਰਾ ਸੱਚ ਹਨ
ਤੇਰੇ ਤੇ ਮੇਰੇ ਰਿਸ਼ਤੇ ਦੀ
ਉਮਰ ਹਨ
ਤੇਰੇ ਤੇ ਮੇਰੇ ਪਿਆਰ ਦੀ
ਸਿਖ਼ਰ ਹਨ
ਤੇਰੀ ਤੇ ਮੇਰੀ ਹੋਂਦ ਦੇ ਪ੍ਰਤੀਕ ਹਨ
-0-
ਜੇ ਜ਼ਿੰਦਗੀ ਦੀ ਪੁੱਠ ਨਾ ਹੁੰਦੀ
ਤਾਂ ਜ਼ਿੰਦਗੀ ਦੀ ਸਿੱਧ ਦਾ
ਵਜੂਦ ਨਾ ਹੁੰਦਾ
ਤੇਰੀ ਜਫਾ
ਜੇ ਮੇਰੀ ਵਫਾ 'ਚ ਨਾ ਉਤਰਦੀ
ਮੇਰੀ ਵਫਾ ਵਫਾ ਨਾ ਹੁੰਦੀ
ਮੇਰੀ ਵਫਾ ਦੀ ਵਫਾ ਦਾ ਸਬੂਤ
ਨਾ ਹੁੰਦਾ
-0-
ਮੇਰੀ ਵਫਾ ਤੇਰੀ ਜਫਾ ਦਾ
ਵਜੂਦ ਹੈ
ਤੇਰੀ ਜਫ਼ਾ 'ਚੋਂ ਹੀ
ਮੇਰੀ ਵਫਾ ਦਾ ਸੂਰਜ ਚੜ੍ਹਿਆ ਹੈ
ਮੇਰੀ ਵਫਾ ਦੀ ਹੋਂਦ
ਤੇਰੀ ਜਫਾ ਸਦਕਾ ਹੈ
ਤੇਰੀ ਜਫਾ ਨਹੀਂ
ਤਾਂ ਮੇਰੀ ਵਫਾ ਦੀ ਹੋਂਦ ਨਹੀਂ
ਵਜੂਦ ਨਹੀਂ
ਮੇਰੀ ਵਫਾ ਦੀ ਜਾਨ ਹੈ ਤੇਰੀ ਜਫਾ

ਮੇਰੀ ਵਫਾ ਦਾ ਪ੍ਰਾਣ ਹੈ ਤੇਰੀ ਜਫਾ

-0-

ਤੂੰ
ਮੇਰੇ ਪਾਸ ਨਹੀਂ ਤਾਂ ਕੀ
ਤੂੰ ਮੇਰੀ ਵਫਾ ਦਾ ਸੱਚ ਤਾਂ ਹੈ
ਕੀ ਹੈ
ਮੇਰੇ ਅੰਦਰ ਤੇਰੇ ਬਿਨ੍ਹਾਂ
ਤੇਰਾ ਵਜੂਦ ਮੇਰੇ ਲਹੂ 'ਚ
ਮੇਰੇ ਸਾਹਾਂ 'ਚ
ਸਮਾਇਆ ਹੈ
ਮੇਰੀ ਦੇਹ ਦਾ ਸੱਚ ਹੀ
ਤਾਂ ਤੇਰਾ ਸਾਇਆ ਹੈ

-0-

ਮੈਂ ਤੇਰੀ ਜਫ਼ਾ ਦੀ ਧੁੱਪ
ਕਿਉਂ ਸੇਕਾਂ
ਮੈਂ ਤੇਰੀ ਜਫ਼ਾ ਦੀ ਛਾਂ
ਹੰਢਾਵਾਂ ਗਾ
ਤੇਰੀ ਜਫ਼ਾ ਦੇ ਨੈਣਾਂ ਰਾਹੀਂ
ਆਪਣੀ ਵਫਾ ਦੇ ਸੀਨੇ 'ਚ
ਉਤਰ ਜਾਵਾਂਗਾ
ਆਪਣੀ ਵਫਾ ਦੀ ਦੇਹ 'ਚ
ਤੇਰੀ ਜਫ਼ਾ ਦੀ ਰੂਹ ਪਸਰੀ
ਪਾਵਾਂਗਾ
ਤੈਨੂੰ ਆਪਣੇ 'ਚ ਉਤਾਰਾਂਗਾ
ਤੇਰੇ 'ਚ ਉਤਰ ਜਾਵਾਂ ਗਾ
ਤੇਰੀ ਜ਼ਫਾ ਜਦ ਮੇਰੀ ਵਫ਼ਾ 'ਚ ਢਲੇਗੀ
ਆਪਣੀ ਪਹਿਚਾਣ ਖੋਹ ਜਾਵੇਗੀ
ਮੇਰੀ ਵਫਾ ਦੀ ਪਹਿਚਾਣ ਹੋ ਜਾਵੇਗੀ

-0-

## ਸਵੈ ਨਿਰਭਰਤਾ

ਮੈਂ ਆਪਣੇ ਨਾਲ ਖਲੌਂਦਾ ਹੀ ਨਹੀਂ
ਟੁਰਦਾ ਵੀ ਹਾਂ
ਆਪਣਾ ਆਪ ਫੋਲਦਾ ਵੀ ਹਾਂ
ਆਪਣੇ ਆਪ ਨੂੰ
ਸੁਣਦਾ ਵੀ ਹਾਂ
ਆਪੇ ਸੰਗ ਬੋਲਦਾ ਵੀ ਹਾਂ

−0−

ਆਪੇ ਤੋਂ
ਆਪਾ ਅਜ਼ਾਦ ਕਰਦਾ ਹਾਂ
ਆਪਣੇ 'ਚੋਂ
ਆਪਣਾ ਪਿੰਜਰ ਸਿਰਜਦਾ ਹਾਂ
ਕਿ ਮੇਰਾ ਸੰਤੁਲਨ ਬਣਿਆ ਰਹੇ
ਮੇਰਾ ਅੰਦਰ
ਬਲ ਤੇ ਸ਼ਕਤੀ ਨਾਲ ਭਰਿਆ ਰਹੇ
ਤਾਂ ਕਿ
ਦੁਆਲੇ ਫੈਲਿਆ
ਭਵਸਾਗਰ ਤਰ ਸਕਾਂ
ਆਪਣੇ ਆਪ 'ਚੋਂ
ਬੇਹਤਰ ਇਨਸਾਨ ਜਨਮਾਂ
ਸੱਚ ਤੇ ਸੁੰਦਰਤਾ
ਮਨੁੱਖ ਦੇ ਅੰਦਰ ਬਾਹਰ
ਧਰ ਸਕਾਂ।

−0−

ਰੋਜਾਨਾ ਜੀਵਨ ਦੀਆਂ
ਲੋੜਾਂ ਨਾਲ ਲੜ ਸਕਾਂ
ਆਪਣਾ ਅੰਦਰਲਾ ਖਾਲੀਪਣ
ਭਰ ਸਕਾਂ
ਜੋ ਦਿਨ −ਬ−ਦਿਨ
ਮੇਰੀ ਰੂਹ 'ਤੇ ਭਾਰੂ ਹੋ ਰਿਹਾ ਹੈ।

ਮੇਰੀ ਤ੍ਰਿਸ਼ਨਾ ਦੀ ਭੁੱਖ
ਬਣਦਾ ਜਾਂਅ ਰਿਹਾ ਹੈ
—0—
ਇਸ ਭੁੱਖ ਨੂੰ
ਜਦ ਆਪਣੀ ਤਲੀ ਤੇ ਧਰਿਆ ਹੈ
ਊਰਜਾ ਦੀ ਪ੍ਰਵਿਰਤੀ ਦਾ
ਰੂਪ ਬਲਲਿਆ ਹੈ
ਮੇਰੀ ਸ਼ਕਤੀ ਉਤਸ਼ਾਹ ਤੇ
ਜੀਵਨ ਜਿਉਣ ਦੀ ਇੱਛਾ ’ਚੋਂ
ਕਈ ਸੂਰਜ ਚੜ੍ਹੇ ਹਨ
ਜਿੰਨ੍ਹਾਂ
ਮੇਰੀ ਬੁੱਧ ’ਚ ਪ੍ਰਵਾਜ਼ ਬੀਜਿਆ ਹੈ
ਮੇਰੀ ਦੇਹ ’ਚ ਉਡਾਣ ਲਈ
ਖੰਭ ਧਰੇ ਹਨ
—0—
ਮੈਂ ਆਪਣੇ ਵਸੇਬੇ ਲਈ
ਆਪਣੇ ਅੰਦਰ
ਕਣਕ ਕਪਾਹ ਚੌਲ
ਦਾਲਾਂ ਸਬਜੀਆਂ ਉੱਗਾਈਆਂ ਹਨ
ਆਪਣੀ ਪਿਆਸ ਲਈ
ਸਾਗਰ ਬੀਜੇ ਹਨ
ਆਪਣੀ ਧੁੱਪ ਲਈ
ਜੰਗਲ ਉੱਗਾਏ ਹਨ
—0—
ਮੈਂ ਆਪਣੇ ਵਿਰੋਧ ’ਚ
ਆਪਣੇ ਦੁਆਲੇ ਫੈਲ ਜਾਂਦਾ ਹਾਂ
ਆਪਣਾ ਅੰਦਰ ਤੇ ਬਾਹਰ
ਸੁਰਖਸ਼ਤ ਕਰਦਾ ਹਾਂ
ਆਪਣੀਆਂ ਹੱਦਾਂ ਤੇ
ਫੌਜ਼ਾਂ ਵਾਂਗ ਲੜਦਾ ਹਾਂ

—0—

ਵਿਜੈ ਦਾ ਧਾਰਨੀ ਹੋ
ਜਦ ਆਪਣੇ ਅੰਦਰ ਪਰਤਦਾ ਹਾਂ
ਆਪਣਾ ਲਹੂ ਅੰਤੜੀਆਂ
ਤੇ ਅਣੂਆਂ ਨੂੰ ਚੁੰਮਦਾ ਹਾਂ
ਜੋ ਸ਼ਕਤੀ ਹੈ ਮੇਰੀ
ਬਲ ਹੈ ਮੇਰਾ
ਬੀਤਿਆ ਅਜੋਕਾ ਤੇ
ਆਉਣ ਵਾਲਾ ਕੱਲ੍ਹ ਹੈ ਮੇਰਾ

—0—

ਆਪਣੀ ਅੰਦਰਲੀ
ਦੁਨੀਆਂ ਦੇ ਬੰਨੇਰੀ
ਚਿਰਾਗਾਂ ਦੀ ਰੌਸ਼ਨੀ ਕਰਦਾ ਹਾਂ
ਜਿੱਤ ਦਾ ਜਸ਼ਨ
ਆਪਣੀ ਦੇਹ 'ਚ ਬਹਿ ਕੇ
ਮਨਾਉਂਦਾ ਹਾਂ
ਆਪਣੇ ਅੰਬਰ ਤੇ ਉੱਡਦਾ ਹਾਂ
ਆਪਣੀ ਧਰਤੀ 'ਚ ਉਤਰ ਜਾਂਦਾ ਹਾਂ

—0—

ਆਪਣੀ ਫਤਹਿ ਦੀ ਖ਼ੁਸ਼ੀ
ਬਹਾਰਾਂ ਮੌਸਮਾਂ 'ਚ ਬੀਜਦਾ ਹਾਂ
ਪੌਣਾਂ 'ਚ ਵੰਡਦਾ ਹਾਂ
ਦਿਲ ਦੇ ਮੰਦਿਰ 'ਚ ਵਸਦੀ
ਮੂਰਤੀ ਨੂੰ
ਖ਼ੁਸ਼ੀਆਂ ਦਾ ਅਰਘਾ ਚੜ੍ਹਾਉਂਦਾ
ਹਾਂ
ਸ਼ੁਕਰਾਨਾ ਕਰਦਾ ਹਾਂ
ਮੈਂ ਜਦ ਵੀ
ਆਪਣੇ 'ਚ ਉਤਰਦਾ ਹਾਂ
ਸੂਰਜਾਂ ਦਾ ਤੇਜ਼ ਬਣ ਕੇ

ਨਿਕਲਦਾ ਹਾਂ

—0—

ਮੈਂ ਨਿਰਭਰ ਹਾਂ
ਆਪਣੇ ਆਪ ਤੇ
ਮੈਂ ਮੋਹਿਤ ਹਾਂ
ਆਪਣੇ ਸ਼ਬਾਬ ਤੇ
ਮੈਂ ਆਸ਼ਕ ਹਾਂ ਆਪਣੇ ਆਪ ਦਾ
ਆਪਣੇ ਹੁਸ਼ਨ ਦਾ
ਮੈਂ ਖ਼ੁਦ ਸੁਦਾਗਰ ਹਾਂ
ਆਪਣੇ ਵਿਸਥਾਰ ਦਾ
ਮੇਰੀ ਗਿਣਤੀ ਰੁਕਦੀ ਹੈ
ਤੇਰਾ ਦੇ ਹਿਸਾਬ ਤੇ
ਝੁਰਮਟ ਭਵਰਿਆ ਦਾ
ਲਗਦਾ ਹੈ
ਮੇਰੇ ਗੁਲਾਬ ਤੇ

—0—

ਮੈਂ ਆਪਣਾ ਗੁਲਸ਼ਨ
ਆਪਣੇ ਅੰਦਰੋਂ ਉੱਗਾਇਆ ਹੈ
ਮੇਰਾ ਚਿਹਰਾ
ਹਰਕਲੀ ਹਰ ਫੁੱਲ ਦੇ
ਚਿਹਰੇ 'ਚ ਸਮਾਇਆ ਹੈ
ਜੰਗਲ ਦੇ ਪੱਤੇ ਪੱਤੇ 'ਚੋਂ
ਉਭਰ ਆਇਆ ਹੈ
ਮੇਰੇ ਗੁਲਸ਼ਨ 'ਚ
ਰੂਹਾਂ ਦੀ ਖ਼ੁਸ਼ਬੂ ਦਾ ਵਸੇਰਾ ਹੈ
ਮੇਰੇ ਗੁਲਸ਼ਨ 'ਚ
ਰੱਬੀ ਨੂਰ ਉਤਰ ਆਇਆ ਹੈ

—0—

ਕਾਮ ਕ੍ਰੋਧ ਲੋਭ ਮੋਹ ਹੰਕਾਰ
ਮੈਂ ਆਪਣੀ ਦੇਹ 'ਚੋਂ

ਨਿਚੋੜ ਸੁੱਟੇ ਹਨ
ਢਹਿੰਦੀਆਂ ਕਲਾ ਦੇ ਹਨੇਰੇ
ਆਪਣੀ ਬੁੱਧੀ ਤੋਂ ਉਤਾਰ
ਦਿੱਤੇ ਹਨ
ਆਪਣੀ ਜਗਿਆਸਾਂ 'ਚ
ਆਪਣਾ ਚਾਨਣ ਵਿਛਾਇਆ ਹੈ
ਸੂਰਜਾਂ ਦਾ ਸੂਰਜ
ਦੇਹ ਦੇ ਪਹਿਰੇ ਬਿਠਾਇਆ ਹੈ
ਜ਼ਿੰਦਗੀ 'ਚੋਂ
ਮੌਤ ਦਾ ਭੈਅ ਮੁਕਾਇਆ ਹੈ
ਜ਼ਿੰਦਗੀ ਤੇ ਮੌਤ ਤੋਂ ਪਹਿਲਾ ਤੇ
ਪਿੱਛੋਕੜ ਦਾ ਰਹੱਸ ਸਮਝ
ਆਇਆ ਹੈ
ਮੈਂ ਜਦ ਆਪਣੇ
ਆਪ ਨੂੰ ਧਿਆਇਆ ਹੈ
ਆਪਣੇ 'ਚੋਂ ਹੀ
ਆਪਣਾ ਰੱਬ ਪਾਇਆ ਹੈ

—0—

ਕਿਸੇ ਵੀ ਰਹਿਮਤ ਦੀ
ਕਿਸੇ ਵੀ ਨਿਹਮਤ ਦੀ
ਕਿਸੇ ਤੋਂ ਆਸ ਨਹੀਂ ਕੋਈ
ਮਨੁੱਖ ਤੇ ਮਨੁੱਖਤਾ ਲਈ
ਸਭ ਕੁੱਝ ਅੰਦਰੋਂ ਹੀ ਪਾਇਆ ਹੈ
ਅੰਦਰੋਂ ਹੀ ਉੱਗਾਇਆ ਹੈ
ਆਪਣੇ ਜਿਸਮ 'ਚੋਂ
ਸੂਰਜਾਂ ਦੇ ਕਾਫ਼ਲੇ ਅੰਬਰ 'ਚ
ਢੋਏ ਹਨ
ਧਰਤੀ ਤੇ ਸੂਰਜ ਦੀ ਫਸਲ
ਬੀਜੀ ਹੈ
ਹਨੇਰਾ ਮਿਟਾਇਆ ਹੈ

—0—

ਮੇਰੇ ਅੰਦਰੋਂ
ਮਨੁੱਖਤਾ ਦੇ ਕਾਫਲੇ ਜਿਮੀ ਤੇ
ਉਤਰ ਆਏ ਹਨ
ਜਿਵੇਂ ਕਰਤਾ ਨੇ
ਚੰਨ ਸੂਰਜ ਤਾਰੇ ਅੰਬਰ ਤੇ
ਵਿਛਾਏ ਹਨ
ਮੇਰਾ ਅੰਦਰ
ਮਨੁੱਖਤਾ ਦੀ ਪ੍ਰਯੋਗਸ਼ਾਲਾ
ਬਣ ਗਿਆ ਹੈ
ਆਪਣੇ ਆਪ 'ਚ ਪਿਘਲ ਗਿਆ ਹੈ
ਕਰਤਾ ਦੀ ਰਜ਼ਾ 'ਚ ਢਲ ਗਿਆ ਹੈ
ਮੇਰੀ ਹਸਤੀ ਤੇ ਪਹਿਚਾਣ
ਖੋਹ ਗਈ ਹੈ
ਕਰਤਾ ਦੀ ਹਸਤੀ ਤੇ
ਪਹਿਚਾਣ ਹੋ ਗਈ ਹੈ

—0—

ਮੇਰੇ ਜਿਸਮ 'ਚੋਂ
ਨਿਰਭਉ ਤੇ ਨਿਰਵੈਰ ਦਾ
ਇਕ ਬੁੱਤ ਜਨਮਿਆ ਹੈ
ਸੱਚ ਸੁੰਦਰਤਾ ਤੇ ਕਲਿਆਣ
ਜਿਸ 'ਚ ਸਮਾਇਆ ਹੈ
ਪਿਆਰ ਸਾਂਝੀਵਾਲਤਾ ਦੀ
ਮੂਰਤੀ ਹੈ ਜੋ
ਹੋਂਦ ਤੇ ਰੂਪ ਜਿਸਦਾ
ਵਿਸ਼ਵ ਨੇ ਆਪਣੇ 'ਚ ਵਸਾਇਆ ਹੈ
ਪ੍ਰਕਿਰਤੀ ਸਿਰਜੀ ਹੈ ਜਿਸਨੇ
ਜਿਸ ਨੂਰ ਦੇ
ਚੌਹਕੂਟੀ ਨਜ਼ਾਰੇ ਨੇ
ਚੰਨ ਸੂਰਜ ਤਾਰੇ

ਜਿਸ ਦੇ ਇਸ਼ਾਰੇ ਨੇ

—0—

ਧਰਤੀ ਦੀ ਗੋਦ 'ਚ
ਜੀਵਨ ਤੇ ਜ਼ਿੰਦਗੀ ਦੇ
ਜਿਸ ਸਵਰਗ ਵਸਾਏ ਨੇ
ਦੇਹ ਤੇ ਪ੍ਰਾਣ ਲਈ
ਅਕਾਸ਼ ਹਵਾ ਅੱਗਣ ਜਲ
ਧਰਤੀ
ਜਿਸ ਨੇ ਆਪਣੀ ਦੇਹ 'ਚੋਂ
ਉੱਗਾਏ ਨੇ
ਆਪਣੇ 'ਚੋਂ ਬ੍ਰਹਿਮੰਡ ਸਿਰਜ ਕੇ
ਬੁੱਕਲ 'ਚ ਬਿਠਾਏ ਨੇ
ਬ੍ਰਹਿਮੰਡਾਂ ਦੀ ਹੋਂਦ 'ਚ
ਜੋ ਖ਼ੁਦ ਸਮਾਏ ਨੇ

—0—

ਮੇਰੀ ਹੋਂਦ ਦੇ ਪਿੰਜਰੇ 'ਚੋਂ
ਉਹ ਪ੍ਰਗਟ ਆਇਆ ਹੈ
ਉਸ ਦੇ ਨੈਣਾਂ ਦਾ
ਜਦ ਅੰਮ੍ਰਿਤ ਮੈਂ ਪੀਤਾ ਹੈ
ਮੈਂ ਢਲ ਗਿਆ ਹਾਂ ਉਸ 'ਚ
ਉਸ ਨੂੰ ਆਪਣੇ 'ਚ ਢਾਲ ਲੀਤਾ ਹੈ
ਸਬਰ-ਸੰਤੋਖ ਨਾਲ
ਉਹ ਭਰ ਗਿਆ ਮੈਨੂੰ
ਆਪਣੇ ਆਪ ਤੇ ਵੀ ਨਿਰਭਰ ਹੋਣ ਤੋਂ
ਮੁਕਤ ਕਰ ਗਿਆ ਮੈਨੂੰ

—0—

## ਘੋੜਾ

ਮੈਂ
ਆਪਣੇ ਘੋੜੇ ਤੋਂ ਸਭ
ਕੁੱਝ ਉਤਾਰ
ਘੋੜੇ ਨੂੰ ਵਾਹਣ 'ਚ ਛੱਡ ਦਿੱਤਾ ਹੈ
ਘੋੜਾ ਆਪਣੇ ਹੱਡਾਂ ਨੂੰ
ਫੈਲਾਉਂਦਾ ਹੈ ਸੰਘੋੜਦਾ ਹੈ
ਵਾਹਣ 'ਚ ਲਿੱਟਦਾ ਹੈ
ਆਪਣੇ ਪਿੰਡੇ 'ਚੋਂ
ਥਕਾਵਟ ਨਿਚੋੜਦਾ ਹੈ
ਤੇ ਆਪਣੇ ਅੰਦਰ ਉੱਗ
ਆਈਆਂ ਪੱਗ-ਡੰਡੀਆਂ ਤੇ
ਦੌੜਦਾ ਹੈ

—0—

ਇਹ ਮੇਰੇ ਹੁਣ ਦੇ ਪਲ
ਤੇ ਅੰਤਰੀਵ ਭਾਵਾਂ 'ਚੋਂ ਉਪਜਿਆ
ਹੈ
ਮੈਂ ਆਪਣੇ ਆਪ ਤੋਂ ਬੇਫਿਕਰ ਹੋ
ਆਪਣੇ ਰੁੱਖ ਦੀ ਛਾਂਅ
ਹੇਠ ਬਹਿੰਦਾ ਹਾਂ
ਰੁੱਖ 'ਚੋਂ ਆਪਣਾ ਚਿਹਰਾ
ਤੱਕਦਾ ਹਾਂ
ਖਿੜਦਾ ਹਾਂ ਤੇ ਹੱਸਦਾ ਹਾਂ
ਪੌਣ ਵਾਂਗ ਵਗਦਾ ਹਾਂ
ਝਰਨੇ ਵਾਂਗ ਫੁੱਟਦਾ ਹਾਂ
ਦਰਿਆਵਾਂ ਵਾਂਗ ਟੁਰਦਾ ਹਾਂ
ਆਪਣੇ ਆਪ ਤੋਂ
ਜਦ ਆਪਣੀ ਦੇਹ ਲਾਹ ਕੇ
ਸੁੱਟਦਾ ਹਾਂ

—0—

ਮੇਰੀ ਇੱਕਲਤਾ 'ਚੋਂ
ਰੌਣਕ ਜਨਮ ਦੀ ਹੈ
ਮੇਰੀ ਚੁੱਪ 'ਚੋਂ ਸ਼ੋਰ ਉੱਠਦਾ ਹੈ
ਮੇਰੀ ਉਦਾਸੀ 'ਚੋਂ ਖ਼ੁਸ਼ੀ
ਪੁੰਗਰਦੀ ਹੈ
ਮੇਰੀ ਮਨੋਦਸ਼ਾ ਦੇ ਆਸਮਾਂ ਤੇ
ਸੂਰਜ ਚਮਕਦਾ ਹੈ
ਜੋ ਮੇਰੀ ਹੋਂਦ ਨੂੰ ਰੁਸ਼ਨਾਉਂਦਾ ਹੈ
ਮੇਰੀ ਦੇਹ 'ਚ ਫੈਲੀਆਂ
ਢਹਿੰਦੀਆਂ ਕਲਾ ਦਾ ਵਜੂਦ
ਮਿਟਾਦਾ ਹੈ
ਮੇਰੇ ਜ਼ਿਹਨ ਦੇ ਮਾਰੂਥਲ 'ਚ
ਬੱਦਲਾਂ ਤੇ ਛਾਵਾਂ ਦੇ ਜੰਗਲ
ਉੱਗਾਦਾ ਹੈ

—0—

ਮੈਂ
ਆਪਣੀਆਂ ਖ਼ੁਸ਼ਬੂਆਂ ਫੜਦਾ ਹਾਂ
ਪੌਣਾ ਸੰਗ ਰਲਦਾ ਹਾਂ
ਅੰਬਰ ਤੇ ਧਰਤ ਤੇ ਫੈਲਦਾ ਹਾਂ
ਰਾਤ ਦੇ ਆਂਚਲ 'ਚ
ਚੰਨਾਂ ਤਾਰਿਆਂ ਵਾਂਗ ਡਲ੍ਹਕਦਾ ਹਾਂ
ਸੱਜਰੀ ਸੁਬਾਹ ਦਾ
ਸੂਰਜ ਬਣ ਕੇ ਚੜ੍ਹਦਾ ਹਾਂ

—0—

ਨਵੇਂ ਸੂਰਜਾਂ ਨਵੀਂ ਦੁਨੀਆਂ
ਨਵੀਂ ਜ਼ਿੰਦਗੀ ਦਾ ਅਗਾਜ਼ ਹੁੰਦਾ ਹੈ
ਰੌਸ਼ਨੀ ਮੇਰੇ ਸੰਗ-ਸੰਗ ਟੁਰਦੀ ਹੈ
ਮੇਰੀ ਧੁੱਪ 'ਚ ਪਿਘਲਦੀ ਹੈ
ਮੇਰੀ ਛਾਂਅ 'ਚ ਠਰਦੀ ਹੈ
ਮੈਂ ਭੂਤ ਤੋਂ ਭਵਿੱਖ ਤਕ ਜਗਦਾ ਹਾਂ

ਮੇਰੀ ਦੇਹ 'ਚ ਨੂਰ ਦੀ
ਇਕ ਨਦੀ ਵਗਦੀ ਹੈ
ਜੋ ਨਵੀਆਂ ਧਰਤੀਆਂ
ਨਵੇਂ ਅੰਬਰ ਨਵੀਂ ਪ੍ਰਕਿਰਤੀ
ਮੇਰੇ ਦੁਆਲੇ ਸਿਰਜਦੀ ਹੈ
ਨਵਾਂ ਅੰਬਰ
ਮੇਰੇ ਸਿਰ ਤੇ ਚੰਨਾਂ ਤਾਰਿਆਂ ਦੀ
ਲੋਅ ਕਰਦਾ ਹੈ
ਮੇਰੀ ਧਰਤੀ ਮੇਰਿਆਂ ਪੈਰਾਂ 'ਚ
ਨਵੀਆਂ
ਮੰਜ਼ਿਲਾਂ ਤੇ ਰਾਹ ਧਰਦੀ ਹੈ

—0—

ਮੇਰੀ ਕਾਇਆ ਕਲਪ 'ਚ
ਮੇਰੇ ਦੁਆਲੇ ਦਾ ਵੀ
ਕਾਇਆ ਕਲਪ ਹੁੰਦਾ ਹੈ
ਸੂਰਜ ਉਂਗਲੀ ਫੜਕੇ ਟੁਰਦਾ
ਹੈ ਮੇਰੀ
ਮੇਰਾ ਮਸਤਕ ਚਾਨਣ 'ਚ ਭਖਦਾ ਹੈ
ਮੇਰੇ ਸਾਂਵੇ ਮੁਸੀਬਤਾਂ ਦਾ ਰੰਗ
ਜ਼ਰਦ ਹੁੰਦਾ ਹੈ
ਮੈਂ ਅੱਖਰਾਂ ਤੋਂ ਅਰਥ ਤੋਂ ਜਾਂਦਾ ਹਾਂ
ਅਰਥਾਂ ਦੇ ਅਰਥਾਂ 'ਚ ਉਤਰਦਾ ਹਾਂ
ਮੈਂ ਕੱਚ ਦਾ ਟੁੱਕੜਾ
ਮੋਤੀ 'ਚ ਬਦਲਦਾ ਹਾਂ
ਮੈਂ ਜ਼ਰਾ ਅਰਸ਼ ਹੋ ਜਾਂਦਾ ਹਾਂ

—0—

ਕਦੀ ਪ੍ਰਕਿਰਤੀ 'ਚ ਬਦਲਦਾ ਹਾਂ
ਕਦੀ ਮਨੁੱਖਤਾ ਦੇ ਲਹੂ 'ਚ ਗਿੜਦਾ ਹਾਂ
ਮੇਰਾ ਹੀ ਚਿਹਰਾ
ਦੁਆਲੇ ਫੈਲ ਜਾਂਦਾ ਹੈ

ਸਾਗਰ ਤੇ ਟੁਰਦਾ ਹੈ
ਪੌਣਾ 'ਚ ਠਹਿਰ ਜਾਂਦਾ ਹੈ

—0—

ਕਦੀ ਆਪਣੇ ਆਪ 'ਚ
ਜਮਾਂ ਹੁੰਦਾ ਹਾਂ
ਕਈ ਮੰਨਫੀ ਹੋ ਜਾਂਦਾ ਹਾਂ
ਆਪਣਾ ਆਪਾ ਧੋ—ਧੋ
ਨਿਚੋੜਦਾ ਹਾਂ
ਸੁੱਕਾਉਂਦਾ ਹਾਂ
ਫਿਰ ਪਹਿਣ ਲੈਂਦਾ ਹਾਂ

—0—

ਕਦੀ ਮੇਰੇ
ਚਿਹਰੇ 'ਚੋਂ ਖਲਾਅ ਜਨਮਦਾ ਹੈ
ਕਦੀ ਸਾਗਰ
ਨਦੀਆਂ ਦਰਿਆਂ ਜਨਮ ਦੇ ਹਨ
ਕਦੀ ਮੈਂ
ਆਪਣੇ ਰੱਬ 'ਚੋਂ
ਕਦੀ ਮੇਰੇ 'ਚੋਂ
ਮੇਰਾ ਖ਼ੁਦਾ ਜਨਮ ਦਾ ਹੈ
ਇਕ ਜ਼ਰੇ ਦੀ ਕੁੱਖ 'ਚੋਂ
ਅਥਾਹ ਜਨਮ ਦਾ ਹੈ
ਇਕ ਰੰਕ ਦੀ ਦੁਆ 'ਚੋਂ
ਬਾਦਸ਼ਾਹ ਜਨਮ ਦਾ ਹੈ

—0—

ਮੇਰੇ ਖਲੋਤੇ ਜਲ ਨੇ
ਟੁਰਨਾ ਸਿੱਖ ਲਿਆ ਹੈ
ਮੇਰੀ ਇੱਕਲਤਾ ਉਦਾਸੀ ਤੇ ਚੁੱਪ
ਬਹੁਤ ਪਿੱਛੇ ਰਹਿ ਗਈਆਂ ਹਨ
ਮੈਂ ਆਪਣੇ ਦੁਆਲੇ ਦੇ ਹਾਲਾਤ
ਤੇ

ਆਪਣੀ ਦੇਹ ਦੁਆਲੇ ਉੱਗ
ਆਏ ਮਾਰੂਥਲ ਦਾ
ਕਦੀ ਗਿਲਾ ਨਹੀਂ ਕੀਤਾ
ਕਦੀ ਸ਼ਿਕਵਾ ਨਹੀਂ ਕੀਤਾ
ਆਪਣੇ ਹਾਲਾਤ ਤੇ
ਆਪਣੇ ਹਨੇਰੇ ਦਾ
ਕਦੀ ਵੀ ਦੋਸ਼ ਨਹੀਂ ਧਰਿਆ
ਮੈਂ ਭਾਣੇ 'ਚ ਰਿਹਾ ਹਾਂ
ਭਾਣਾ ਹੀ ਮੰਨਿਆ ਹੈ
ਮੈਂ ਉਹ ਸੱਚ ਵੇਖਿਆ ਹੈ
ਜੋ ਅਰਬ ਦੇ ਸਹਿਰਾ ਦੇ
ਇਕ-ਇਕ ਜ਼ਰੇ ਤੋਂ
ਆਸਮਾਂ ਦੇ ਇਕ-ਇਕ
ਤਾਰੇ 'ਚ ਵਸਿਆ ਹੈ
ਫੁੱਲਾਂ 'ਚ ਖਿੜਿਆ ਹੈ
ਮੌਸਮਾਂ 'ਚ ਹਸਿਆ ਹੈ

—0—

ਜਦੋਂ ਮੈਂ ਆਪਣੇ ਆਪ ਤੋਂ
ਆਪਣੀ ਦੇਹ ਉਤਾਰੀ ਹੈ
ਇਕ ਨਵੀਂ ਦੁਨੀਆਂ
ਸਿਰਜੀ ਹੈ ਉਸਾਰੀ ਹੈ
ਨਵੀਂ ਦੁਨੀਆਂ 'ਚ
ਮਨੁੱਖ ਦਾ
ਇਕ ਬੁੱਤ ਬਣਾਇਆ ਹੈ
ਜਿਸ ਦੇ ਪੈਰਾਂ 'ਚ ਨਵੀਂ ਧਰਤੀ
ਸਿਰ ਤੇ ਨਵਾਂ ਅੰਬਰ ਸਜਾਇਆ ਹੈ
ਬੁੱਤ ਦੀ ਦੇਹ 'ਚ ਖਲਾਹ ਵੀ ਰੱਖੇ ਹਨ
ਪ੍ਰਕਿਰਤੀ ਵੀ ਉਸਾਰੀ ਹੈ
ਚੰਨਾਂ ਸੂਰਜਾਂ ਤਾਰਿਆਂ ਦਾ
ਬੁੱਤ 'ਚ ਵਸੇਰਾ ਹੈ

—0—

ਬੁੱਤ ਦੀ ਦੇਹ 'ਚ
ਕਾਇਨਾਤ ਸਾਰੀ ਹੈ
ਬੁੱਤ ਦੀ ਮੂਰਤੀ
ਮਾਨਵ ਮੰਦਿਰ 'ਚ ਉਤਾਰੀ ਹੈ
ਇਹ ਬੁੱਤ ਮਾਨਵ ਦਾ ਰੂਪ ਹੈ
ਮਾਨਵ 'ਚ ਵਸਦਾ
ਮਾਨਵ ਦੀ ਹੋਂਦ ਦਾ ਸੱਚ ਹੈ
ਸ਼ਬਦ ਦਾ ਅਰਥ ਹੈ
ਅਰਥ ਦਾ ਸੰਕਲਪ ਹੈ

—0—

ਮੈਂ ਜੋ ਆਦਿ ਮਾਨਵ ਦੇ ਰੂਪ 'ਚ
ਆਪਣੇ ਅਨੁਭਵ ਨੂੰ ਹੰਢਾਇਆ ਹੈ
ਆਪਣੀ ਦੇਹ ਦੀ ਪ੍ਰਯੋਗਸ਼ਾਲਾਂ 'ਚ
ਪ੍ਰਯੋਗਿਆ ਹੈ
ਯੁੱਗਾਂ ਤੋਂ ਧਿਆਇਆ ਹੈ
ਇਸ ਦਾ ਰੂਪ
ਮਨੁੱਖ ਦੇ ਸਵੈ 'ਚ ਪਾਇਆ ਹੈ
ਸੰਕਲਪ ਤੋਂ ਅਰਥ
ਅਰਥ ਤੋਂ ਸ਼ਬਦ ਹੋ
ਅੱਜ ਇਹ ਬ੍ਰਹਿਮੰਡਾਂ 'ਚ
ਸਮਾਇਆ ਹੈ

—0—

ਇਹ ਬੁੱਤ
ਮਨੁੱਖ ਦੇ ਸਵੈ ਦਾ ਰੂਪ ਹੈ ਸਰੂਪ ਹੈ
ਮਨੁੱਖ ਦੀ ਦੇਹ ਦਾ ਸਿਰਜਕ ਹੈ
ਵਿਸਥਾਰ ਹੈ
ਮਨੁੱਖ ਹੈ ਮਨੁੱਖਤਾ ਹੈ ਸੰਸਾਰ ਹੈ
ਮੌਤ ਤੋਂ ਪਹਿਲਾ ਵੀ ਹੈ ਪਿੱਛੋਂ ਵੀ ਹੈ
ਦੇਹ ਦੇ ਅੰਦਰ ਵੀ ਹੈ ਬਾਹਰ ਵੀ ਹੈ

—0—

ਮੈਂ ਆਪਣੇ ਘੋੜੇ ਤੋਂ
ਸਭ ਕੁੱਝ ਉਤਾਰ ਕੇ
ਘੋੜੇ ਨੂੰ ਵਾਹਣ 'ਚ ਛੱਡ ਦਿੱਤਾ ਹੈ
ਘੋੜਾ ਆਪਣੇ ਹੱਡਾਂ ਪੈਰਾਂ ਨੂੰ
ਫੈਲਾਉਂਦਾ ਹੈ ਸੰਘੋੜਦਾ ਹੈ
ਆਪਣੇ ਪਿੰਡੇ 'ਚੋਂ ਥਕਾਵਟ
ਨਿਚੋੜਦਾ ਹੈ
ਤੇ ਆਪਣੇ ਮਸਤਕ 'ਚ
ਉੱਗ ਆਈਆਂ ਪੱਗ-ਡੰਡੀਆਂ
ਤੇ ਦੌੜਦਾ ਹੈ

—0—